@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 9 March 2024
VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 9 ਮਾਰਚ 2024, 23 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 99, qpatrika@gmail.com ਫੋਨ : 9971359517 www.qaumipatrika.org

## ‘ਡਬਲ ਇੰਜਣ’ ਸਰਕਾਰ ’ਚ ਇਨਸਾਫ ਮੰਗਣਾ ਗੁਨਾਹ : ਰਾਹੁਲ

ਨਵੀਂ ਦਿੱਲੀ, 8 ਮਾਰਚ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਉੱਤਰ ਪ੍ਰਦੇਸ ਅਤੇ ਮੱਧ ਪ੍ਰਦੇਸ ਵਿਚ ਕਥਿਤ ਜਬਰ-ਜਨਾਹ ਦੀਆਂ ਘਟਨਾਵਾਂ ਨੂੰ ਲੈ ਕੇ ਵੀਰਵਾਰ ਨੂੰ ਭਾਜਪਾ ’ਤੇ ਨਿਸਾਨਾ ਲਾਇਆ ਅਤੇ ਦਾਅਵਾ ਕੀਤਾ ਕਿ ਭਾਜਪਾ ਦੀ ‘ਡਬਲ ਇੰਜਣ’ ਸਰਕਾਰ ਵਿਚ ਇਨਸਾਫ ਦੀ ਮੰਗ ਕਰਨਾ ਗੁਨਾਹ ਹੈ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਢੇਰਾ ਨੇ ਉੱਤਰ ਪ੍ਰਦੇਸ ਦੇ ਕਾਨਪੁਰ ਵਿਚ 2 ਬੱਚੀਆਂ ਨਾਲ ਕਥਿਤ ਸਮੂਹਿਕ ਜਬਰ-ਜਨਾਹ ਦੀ ਘਟਨਾ ਨੂੰ ਲੈ ਕੇ ਦੋਸ ਲਾਇਆ ਕਿ ਸੂਬੇ ਵਿਚ ‘ਜੰਗਲ ਰਾਜ’ ਹੈ, ਜਿੱਥੇ ਕਾਨੂੰਨ ਨਾਂ ਦੀ ਕੋਈ ਚੀਜ ਨਹੀਂ ਬਚੀ ਹੈ। ਰਾਹੁਲ ਗਾਂਧੀ ਨੇ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਪੋਸਟ ਕੀਤਾ ਕਿ ਨਰਿੰਦਰ ਮੋਦੀ ਦੀਆਂ ਡਬਲ ਇੰਜਣ ਵਾਲੀਆਂ ਸਰਕਾਰਾਂ ’ਚ ਹੋ ਰਹੀ ‘ਦੋਹਰੀ ਬੇਇਨਸਾਫੀ’ ਨੂੰ ਇਨ੍ਹਾਂ ਦੋ ਘਟਨਾਵਾਂ ਨਾਲ ਸਮਝੋ! ਉੱਤਰ ਪ੍ਰਦੇਸ ’ਚ ਦੋ ਭੈਣਾਂ ਨੇ ਆਪਣੇ ਨਾਲ ਜਬਰ-ਜਨਾਹ ਹੋਣ ਤੋਂ ਬਾਅਦ ਫਾਹਾ ਲਗਾ ਲਿਆ, ਹੁਣ ਇਨਸਾਫ ਨਾ ਮਿਲਣ ਅਤੇ ਕੇਸ ਵਾਪਸ ਲੈਣ ਦੇ ਦਬਾਅ ਕਾਰਨ ਉਨ੍ਹਾਂ ਦੇ ਪਿਤਾ ਨੂੰ ਵੀ ਫਾਹਾ ਲੈਣਾ ਪਿਆ। ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ ਵਿਚ ਇਕ ਔਰਤ ਦੀ ਇੱਜਤ ਸਰੇਆਮ ਤਾਰ-ਤਾਰ ਹੋਈ। ਗਰੀਬ ਪਤੀ ਨੇ ਇਨਸਾਫ ਦੀ ਗੁਹਾਰ ਲਗਾਈ ਪਰ ਸੁਣਵਾਈ ਨਾ ਹੋਣ ਕਾਰਨ ਨਿਰਾਸ ਹੋ ਕੇ ਉਸ ਨੇ ਆਪਣੇ ਦੋ ਬੱਚਿਆਂ ਸਮੇਤ ਫਾਹਾ ਲੈ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ‘ਡਬਲ ਇੰਜਣ ਵਾਲੀ ਸਰਕਾਰ’ ਵਿਚ ਇਨਸਾਫ ਦੀ ਮੰਗ ਕਰਨਾ ਗੁਨਾਹ ਹੈ। ਰਾਹੁਲ ਗਾਂਧੀ ਮੁਤਾਬਕ ਮਿੱਤਰ ਮੀਡੀਆ ਵੱਲੋਂ ਸਖਤ ਮਿਹਨਤ ਨਾਲ ਬਣਾਏ ਗਏ ਝੂਠੇ ਅਕਸ ਨੂੰ ਬਚਾਉਣ ਲਈ ਪੀੜਤ ਹੀ ਨਹੀਂ, ਸਗੋਂ ਉਨ੍ਹਾਂ ਦੇ ਪਰਿਵਾਰਾਂ ਨਾਲ ਦੁਸਮਣਾਂ ਵਰਗਾ ਸਲੂਕ ਕਰਨਾ ਭਾਜਪਾ ਸਾਸਤ ਰਾਜਾਂ ਵਿਚ ਇਕ ਰਵਾਇਤ ਬਣ ਚੁੱਕੀ ਹੈ। ਉਨ੍ਹਾਂ ਦੋਸ ਲਾਇਆ ਕਿ ਭਾਜਪਾ ਦੇ ਸਾਸਨ ’ਚ ਹਾਥਰਸ ਤੋਂ ਲੈ ਕੇ ਉਨਾਵ ਅਤੇ ਮੰਦਸੌਰ ਤੋਂ ਲੈ ਕੇ ਪੌੜੀ ਤੱਕ ਔਰਤਾਂ ਦੇ ਖਿਲਾਫ ਹੋਏ ਅੱਤਿਆਚਾਰ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੂੰ ਇਨਸਾਫ ਲਈ ਤਰਸਾਇਆ ਗਿਆ।

# ‘ਭਾਜਪਾ ਰੁਕਵਾਉਂਦੀ ਹੈ ਦਿੱਲੀ ਦੇ ਲੋਕਾਂ ਦੇ ਕੰਮ’: ਕੇਜਰੀਵਾਲ

**ਸਿਮੀ ਕੌਰ ਬੱਬਰ**

ਨਵੀਂ ਦਿੱਲੀ 8 ਮਾਰਚ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੀ ਮੁਹਿੰਮ ਸੁਰੂ ਕਰ ਦਿੱਤੀ ਹੈ। ਲੋਕ ਸਭਾ ਚੋਣਾਂ ਲਈ ‘ਆਪ’ ਨੇ ਦਿੱਤਾ ਨਵਾਂ ਨਾਅਰਾ- ‘ਸੰਸਦ ’ਚ ਵੀ ਕੇਜਰੀਵਾਲ, ਫਿਰ ਦਿੱਲੀ ਹੋਵੇਗੀ ਹੋਰ ਖੁਸਹਾਲ’। ਕੇਜਰੀਵਾਲ ਨੇ ਦਿੱਲੀ ਦੇ ਚਾਰੇ ਉਮੀਦਵਾਰਾਂ ਨਾਲ ਚੋਣ ਪ੍ਰਚਾਰ ਸੁਰੂ ਕੀਤਾ। ਕੇਜਰੀਵਾਲ ਦੀ ਸਟੇਜ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ ਚਾਰੋਂ ਉਮੀਦਵਾਰ ਵੀ ਮੌਜੂਦ ਸਨ। ‘ਆਪ’ ਨੇ ਨਵੀਂ ਦਿੱਲੀ ਤੋਂ ਸੋਮਨਾਥ ਭਾਰਤੀ, ਦੱਖਣੀ ਦਿੱਲੀ ਤੋਂ ਸਾਹੀ ਰਾਮ ਪਹਿਲਵਾਨ, ਪੂਰਬੀ ਦਿੱਲੀ ਤੋਂ ਕੁਲਦੀਪ ਕੁਮਾਰ ਅਤੇ ਪੱਛਮੀ ਦਿੱਲੀ ਤੋਂ ਮਹਾਬਲ ਮਿਸਰਾ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਤੋਂ 12 ਸਾਲ ਪਹਿਲਾਂ ਦਿੱਲੀ ਦੇ ਲੋਕਾਂ ਨੇ ਸਾਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਸੀ। ਅਸੀਂ ਛੋਟੇ ਲੋਕ ਹਾਂ, ਸੱਤ ਜਨਮਾਂ ਤੱਕ ਵੀ ਇਹ ਉਪਕਾਰ ਨਹੀਂ ਚੁਕਾ ਸਕਾਂਗੇ। ਮੈਂ ਵੀ ਦਿੱਲੀ ਦੇ ਲੋਕਾਂ ਦੀ ਸੇਵਾ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ। ਮੈਂ ਆਪਣੇ ਆਪ ਨੂੰ ਮੁੱਖ ਮੰਤਰੀ ਨਹੀਂ ਮੰਨਦਾ। ਮੈਂ ਸੋਚਦਾ ਰਹਿੰਦਾ ਹਾਂ ਕਿ ਦਿੱਲੀ ਦੇ ਸਾਰੇ ਪਰਿਵਾਰਾਂ ਦੀ ਮਦਦ ਕਿਵੇਂ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਮੈਂ ਦਿੱਲੀ ਦੇ ਸਾਰੇ ਬੱਚਿਆਂ ਨੂੰ ਉਹੀ ਸਿੱਖਿਆ ਦੇਣਾ ਚਾਹੁੰਦਾ ਹਾਂ ਜੋ ਮੇਰੇ ਬੱਚਿਆਂ ਨੂੰ ਮਿਲੀ ਹੈ ਪਰ ਜਦੋਂ ਵੀ ਮੈਂ ਚੰਗਾ ਕੰਮ ਕਰਦਾ ਹਾਂ ਤਾਂ ਇਹ ਭਾਜਪਾ ਵਾਲੇ ਅਤੇ ਐੱਲ.ਜੀ. ਮੈਨੂੰ ਰੋਕਦੇ ਹਨ। ਉਹ ਤੁਹਾਨੂੰ ਨਫਰਤ ਕਰਦੇ ਹਨ ਕਿਉਂਕਿ ਤੁਸੀਂ ਦਿੱਲੀ ਵਿੱਚ ਆਪਣੀ ਸਰਕਾਰ ਬਣਾਈ ਸੀ। ਇਹ ਲੋਕ ਤੁਹਾਡੇ ਤੋਂ ਇਸੇ ਦਾ ਬਦਲਾ ਲੈ ਰਹੇ ਹਨ। ਕੇਜਰੀਵਾਲ ਨੇ ਕਿਹਾ ਕਿ ਜਿਹੜੇ ਲੋਕ ਤੁਹਾਡੇ ਕੰਮ ਨੂੰ ਰੋਕ ਰਹੇ ਹਨ, ਤੁਹਾਨੂੰ ਪਰੇਸਾਨ ਕਰ ਰਹੇ ਹਨ ਅਤੇ ਤੁਹਾਡੇ ਵਿਕਾਸ ਨੂੰ ਰੋਕ ਰਹੇ ਹਨ, ਉਨ੍ਹਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਦੇ ਗਲਤ ਕੰਮਾਂ ਲਈ ਉਨ੍ਹਾਂ ਨੂੰ ਸਜਾ ਦਿਓ ਅਸੀਂ ਹਮੇਸਾ ਤੁਹਾਡੇ ਪਰਿਵਾਰ ਦੀ ਦੇਖਭਾਲ ਕਰਨ ਵਾਲੇ ਹਾਂ। ‘ਆਪ’ ਦਿੱਲੀ, ਗੁਜਰਾਤ ਅਤੇ ਹਰਿਆਣਾ ’ਚ ਭਾਰਤੀ ਗਠਜੋੜ ਦੀ ਭਾਈਵਾਲ ਕਾਂਗਰਸ ਨਾਲ ਸੀਟ ਵੰਡ ਸਮਝੌਤੇ ਦੇ ਤਹਿਤ ਆਮ ਚੋਣਾਂ ਲੜੇਗੀ। ਹਾਲਾਂਕਿ ਪੰਜਾਬ ’ਚ ਦੋਵੇਂ ਪਾਰਟੀਆਂ ਨੇ ਆਜਾਦ ਤੌਰ ’ਤੇ ਲੋਕ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।



## ਦੇਸ਼ ਦੀ ਰੱਖਿਆ ਪ੍ਰਣਾਲੀ ਪਹਿਲਾਂ ਨਾਲੋਂ ਕਿਤੇ ਜਿਆਦਾ ਮਜਬੂਤ : ਰਾਜਨਾਥ

ਨਵੀਂ ਦਿੱਲੀ, 8 ਮਾਰਚ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਕਿਹਾ ਕਿ ਮੋਦੀ ਸਰਕਾਰ ਦੇਸ ਦੀ ਰੱਖਿਆ ਪ੍ਰਣਾਲੀ ਨੂੰ ਭਾਰਤੀ ਭਾਵਨਾ ਨਾਲ ਵਿਕਸਤ ਕਰਨ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜਿਸ ਨਾਲ ਇਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜਬੂਤ ਹੋਈ ਹੈ। ਰਾਜਨਾਥ ਨੇ ਕਿਹਾ ਕਿ ਮੌਜੂਦਾ ਸਰਕਾਰ ਲੋਕਾਂ ਦੀ ਸਮਰੱਥਾ ’ਤੇ ਪੂਰਾ ਵਿਸਵਾਸ ਰੱਖਦੀ ਹੈ, ਜਦਕਿ ਪਹਿਲਾਂ ਸੱਤਾ ’ਚ ਬੈਠੇ ਲੋਕ ਉਨ੍ਹਾਂ ਦੀ ਸਮਰੱਥਾ ’ਤੇ ਕੁਝ ਹੱਦ ਤੱਕ ਸੱਕੀ ਸਨ। ਉਨ੍ਹਾਂ ਨੇ ਰੱਖਿਆ ਨਿਰਮਾਣ ’ਚ ‘ਆਤਮ-ਨਿਰਭਰਤਾ’



ਨੂੰ ਬੜ੍ਹਾਵਾ ਦੇਣ ਨੂੰ ਸਭ ਤੋਂ ਵੱਡਾ ਬਦਲਾਅ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨਾਲ ਰੱਖਿਆ ਖੇਤਰ ਨੂੰ ਇਕ ਨਵਾਂ ਆਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਆਤਮ-ਨਿਰਭਰਤਾ ਹਾਸਲ ਕਰਨ ਲਈ ਰੱਖਿਆ ਮੰਤਰਾਲਾ ਵੱਲੋਂ ਚੁੱਕੇ ਗਏ ਕਦਮਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਵਿਚ ਉੱਤਰ ਪ੍ਰਦੇਸ ਅਤੇ ਤਾਮਿਲਨਾਡੂ ਵਿਚ ਰੱਖਿਆ ਉਦਯੋਗਿਕ ਗਲਿਆਰਿਆਂ ਦੀ ਸਥਾਪਨਾ, ਸਕਾਰਾਤਮਕ ਸਵਦੇਸੀ ਸੂਚੀਆਂ ਦਾ ਨੋਟੀਫਿਕੇਸਨ, ਘਰੇਲੂ ਉਦਯੋਗ ਲਈ ਪੂੰਜੀ ਖਰੀਦ ਬਜਟ ਦਾ 75 ਫੀਸਦੀ ਰਾਖਵਾਂਕਰਨ ਕਰਨਾ ਸ਼ਾਮਲ ਹੈ।

## ਪ੍ਰਧਾਨ ਮੰਤਰੀ ਮੋਦੀ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ’ਤੇ ਦਿੱਤਾ ਤੋਹਫਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 8 ਮਾਰਚ। ਪ੍ਰਧਾਨ ਮੰਤਰੀ ਨੇ ਅੰਤਰਰਾਸਟਰੀ ਮਹਿਲਾ ਦਿਵਸ ’ਤੇ ਐਲਪੀਜੀ ਦੀਆਂ ਕੀਮਤਾਂ ਵਿੱਚ 100 ਰੁਪਏ ਦੀ ਕਟੌਤੀ ਦਾ ਐਲਾਨ ਕੀਤਾ ਹੈ। ਕੌਮਾਂਤਰੀ ਮਹਿਲਾ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਪੀਜੀ ਸਿਲੰਡਰ ਦੀਆਂ ਕੀਮਤਾਂ ਵਿੱਚ 100 ਰੁਪਏ ਦੀ ਕਟੌਤੀ ਦਾ ਐਲਾਨ ਕੀਤਾ ਹੈ। ਇੱਕ ਐਕਸ ਪੋਸਟ ਵਿੱਚ, ਪੀਐਮ ਨਰਿੰਦਰ ਮੋਦੀ ਨੇ ਕਿਹਾ, “ਅੱਜ ਮਹਿਲਾ ਦਿਵਸ ’ਤੇ, ਸਾਡੀ ਸਰਕਾਰ ਨੇ ਐਲਪੀਜੀ ਸਿਲੰਡਰ ਦੀ ਕੀਮਤ 100 ਰੁਪਏ ਘਟਾਉਣ ਦਾ ਫੈਸਲਾ ਕੀਤਾ ਹੈ।” ਪ੍ਰਧਾਨ ਮੰਤਰੀ



ਨੇ ਟਵੀਟ ਕੀਤਾ, “ਇਹ ਦੇਸ ਭਰ ਦੇ ਲੱਖਾਂ ਪਰਿਵਾਰਾਂ ’ਤੇ ਵਿੱਤੀ ਬੋਝ ਨੂੰ ਮਹੱਤਵਪੂਰਨ ਤੌਰ ’ਤੇ ਘਟਾਏਗਾ, ਖਾਸ ਤੌਰ ’ਤੇ ਸਾਡੀ ਨਾਰੀ ਸਕਤੀ ਨੂੰ ਲਾਭ ਪਹੁੰਚਾਏਗਾ”। ਉਨ੍ਹਾਂ ਨੇ ’ਤੇ ਲਿਖਿਆ “ਐਲਪੀਜੀ ਨੂੰ ਹੋਰ ਕਿਫਾਇਤੀ ਬਣਾ ਕੇ, ਅਸੀਂ ਪਰਿਵਾਰਾਂ ਦੀ ਭਲਾਈ ਅਤੇ ਇੱਕ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਉਣ ਦਾ ਟੀਚਾ ਰੱਖਦੇ ਹਾਂ। ਇਹ ਔਰਤਾਂ ਦੇ ਸਸਕਤੀਕਰਨ ਅਤੇ ਉਨ੍ਹਾਂ ਲਈ ‘ਜੀਵਨ ਦੀ ਸੌਖ’ ਨੂੰ ਯਕੀਨੀ ਬਣਾਉਣ ਲਈ ਸਾਡੀ ਵਚਨਬੱਧਤਾ ਦੇ ਅਨੁਸਾਰ ਹੈ” । ਪੈਟਰੋਲੀਅਮ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਐਲਪੀਜੀ ਦੀਆਂ ਕੀਮਤਾਂ ਵਿੱਚ 100 ਰੁਪਏ ਦੀ ਛੋਟ ਦਾ ਇਹ ਫੈਸਲਾ ਅੱਜ ਯਾਨੀ 8 ਮਾਰਚ ਦੀ ਰਾਤ ਤੋਂ ਲਾਗੂ ਹੋ ਜਾਵੇਗਾ। ਅਗਸਤ ਤੱਕ ਰਾਜਧਾਨੀ ਦਿੱਲੀ ’ਚ 14.2 ਕਿਲੋ ਦਾ ਸਿਲੰਡਰ 1103 ਰੁਪਏ ’ਚ ਮਿਲਦਾ ਸੀ, ਜਦਕਿ ਹੁਣ ਇਸ ਦੀ ਕੀਮਤ 903 ਰੁਪਏ ਹੋ ਗਈ ਸੀ। ਹੁਣ 100 ਰੁਪਏ ਦੀ ਰਾਹਤ ਤੋਂ ਬਾਅਦ ਇਹ 803 ਰੁਪਏ ’ਚ ਮਿਲੇਗਾ। ਕੋਲਕਾਤਾ ’ਚ ਸਿਲੰਡਰ ਦੀ ਕੀਮਤ 929 ਰੁਪਏ ਸੀ ਜੋ ਹੁਣ 829 ਰੁਪਏ ਹੋ ਗਈ ਹੈ। ਜਦੋਂ ਕਿ ਮੁੰਬਈ ਵਿੱਚ ਹੁਣ ਤੱਕ ਇਹ ਸਿਲੰਡਰ 902.50 ਰੁਪਏ ਵਿੱਚ ਮਿਲਦਾ ਸੀ, ਜੋ ਹੁਣ 802.50 ਰੁਪਏ ਦਾ ਹੋ ਗਿਆ ਹੈ। 1 ਮਾਰਚ ਨੂੰ ਤੇਲ ਮਾਰਕੀਟਿੰਗ ਕੰਪਨੀਆਂ ( ) ਨੇ 19 ਕਿਲੋ ਦੇ ਵਪਾਰਕ ਐਲਪੀਜੀ ਗੈਸ ਸਿਲੰਡਰ ਦੀ ਕੀਮਤ ਵਧਾਉਣ ਦਾ ਐਲਾਨ ਕੀਤਾ ਸੀ।



# ਨਵਾਂ ਫਰਜੀਵਾੜਾ : ਲੱਖਾਂ ਕਮਾਉਣ ਦੇ ਚੱਕਰ ਵਿਚ ਟ੍ਰੈਵਲ ਏਜੰਟਾਂ ਨੇ ਕਈਆਂ ’ਤੇ ਲਗਵਾ ਦਿੱਤਾ 10 ਸਾਲ ਦਾ ਬੈਨ

ਜਲੰਧਰ 8 ਮਾਰਚ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ-ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ, ਯੂ. ਕੇ. ’ਚ ਵਰਕ ਪਰਮਿਟ ਦਵਉਣ ਦਾ ਝਾਂਸਾ ਦੇ ਕੇ ਤੇ ਉਥੇ ਲੱਖਾਂ ਰੁਪਏ ਮਹੀਨਾ ਕਮਾਉਣ ਦੇ ਨਾਲ-ਨਾਲ ਕੁਝ ਸਮੇਂ ਬਾਅਦ ਉਥੇ ਹੀ ਪੀ. ਆਰ. ਹੋਣ ਦੀ ਗੱਲ ਕਹਿ ਕੇ ਲੋਕਾਂ ਨਾਲ ਹੈਲਥਕੇਅਰ, ਕੰਸਟਰੱਕਸ਼ਨ ਤੇ ਆਈ. ਟੀ. ਸੈਕਟਰ ’ਚ ਹੋਏ ਫਰਜੀਵਾੜੇ ਤੋਂ ਬਾਅਦ ਹੁਣ ਕਥਿਤ ਤੌਰ ’ਤੇ ਟ੍ਰੈਵਲ ਏਜੰਟਾਂ ਵੱਲੋਂ ਮੈਕਸੀਕੋ ਰਾਹੀਂ ਅਮਰੀਕਾ ਵਿਚ ‘ਡੌਂਕੀ’ ਲੁਆ ਕੇ ਭੇਜਣ ਦਾ ਫਰਜੀਵਾੜਾ ਸਾਹਮਣੇ ਆ ਰਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਦੇ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਰਕ ਪਰਮਿਟ ਦੇ ਨਾਂ ’ਤੇ ਲੱਖਾਂ-ਕਰੋੜਾਂ ਰੁਪਏ ਕਮਾ ਕੇ ਲੋਕਾਂ ਦੀ ਜਿ਼ੰਦਗੀ ਨਾਲ ਖਿਲਵਾੜ ਕੀਤਾ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਨੂੰ ਉਥੇ ਕੰਮ ਨਹੀਂ ਮਿਲ ਰਿਹਾ ਤੇ ਕੰਪਨੀਆਂ ਬੰਦ ਹੋਣ ’ਤੇ ਉਨ੍ਹਾਂ ਦੇ ਸਿਰ ’ਤੇ ਇਲ-ਲੀਗਲ ਹੋਣ ਦੀ ਤਲਵਾਰ ਵੀ ਲਟਕਣ ਲੱਗੀ ਹੈ। ਸੂਤਰਾਂ ਨੇ ਦੱਸਿਆ ਕਿ ਸੂਬੇ ਭਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਵਰਕ ਪਰਮਿਟ ਦੇ ਨਾਂ ’ਤੇ ਅਜਿਹੀ ਖੇਡ ਖੇਡੀ ਤੇ ਲੋਕਾਂ ਨੂੰ ਯੂ. ਕੇ. ਤੋਂ ਮੈਕਸੀਕੋ ਅਤੇ ਉਥੋਂ ‘ਡੌਂਕੀ’ ਲੁਆ ਕੇ ਅਮਰੀਕਾ ਭੇਜਣ ਦੇ ਨਾਂ ’ਤੇ ਇਕ ਹੀ ਵਰਕ ਪਰਮਿਟ ’ਤੇ ਲੱਖਾਂ ਰੁਪਏ ਵੱਖਰੇ ਤੌਰ ’ਤੇ ਕਮਾ ਲਏ ਹਨ। ਜੇਕਰ ਯੂ. ਕੇ. ਹੈਲਥਕੇਅਰ, ਆਈ. ਟੀ. ਸੈਕਟਰ ਤੇ ਕੰਸਟਰੱਕਸ਼ਨ ਕੈਟਾਗਰੀ ਵਿਚ ਕੋਈ ਇਨ੍ਹਾਂ ਦੇ ਹੱਥੇ ਚੜ੍ਹ ਕੇ ਆਪਣਾ ਬਿਨੈ-ਪੱਤਰ ਅਪਲਾਈ ਕਰਦਾ ਸੀ ਤਾਂ ਕਈ ਟ੍ਰੈਵਲ ਕਾਰੋਬਾਰੀ ਵਰਕ ਪਰਮਿਟ ਦੇ ਨਾਂ ’ਤੇ ਇਕ ਬਿਨੈਕਾਰ ਤੋਂ 30 ਤੋਂ 40 ਲੱਖ ਰੁਪਏ ਤਾਂ ਲੈਂਦੇ ਹੀ ਸਨ ਜਦਕਿ ਉਸਦੇ ਨਾਲ ਹੀ ਫਰਜੀ ਸਪਾਊਸ ਬਣਾ ਕੇ ਉਸ ਦਾ ਵਰਕ ਪਰਮਿਟ ਲੁਆਉਣ ਤੇ ਬਾਅਦ ’ਚ ਉਸ ਨੂੰ ਉਥੋਂ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਸਪਾਊਸ ਤੋਂ 50 ਤੋਂ 60 ਲੱਖ ਰੁਪਏ ਵੱਖ ਤੋਂ ਲੈਂਦੇ ਸਨ। ਸੂਤਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਬਿਨੈਕਾਰ ਕੋਲ ਯੂ. ਕੇ. ਦਾ ਵੈਲਿਡ ਵੀਜਾ ਹੁੰਦਾ ਹੈ ਤਾਂ ਉਸ ਨੂੰ ਮੈਕਸੀਕੋ ਵਿਚ ਆਨ-ਅਰਾਈਵਲ ਵੀਜਾ ਮਿਲਦਾ ਸੀ। ਬਸ ਇਸੇ ਗੱਲ ਦਾ ਕੁਝ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਉਠਾਇਆ। ਇਕ ਵਰਕ ਪਰਮਿਟ ’ਤੇ ਸਪਾਊਸ ਨੂੰ ਨਾਲ ਭੇਜਣ ਦੇ ਨਾਂ ’ਤੇ ਲੱਖਾਂ ਰੁਪਏ ਕਮਾ ਕੇ ਆਪਣੀਆਂ ਜੇਬਾਂ ਵਿਚ ਪਾ ਲਏ। ਇਸ ਫਰਜੀਵਾੜੇ ਦਾ ਪਤਾ ਲੱਗਣ ’ਤੇ ਹੁਣ ਯੂ. ਕੇ. ਸਰਕਾਰ ਮਾਰਚ/ਅਪ੍ਰੈਲ ਤੋਂ ਸਪਾਊਸ ਵੀਜੇ ’ਤੇ ਪਾਬੰਦੀ ਲਾ ਸਕਦੀ ਹੈ। ਯੂ. ਕੇ. ਸਰਕਾਰ ਨੇ ਇਸ ਫਰਜੀਵਾੜੇ ਨੂੰ ਦੇਖਦੇ ਹੋਏ ਲਗਭਗ ਇਕ ਹਜਾਰ ਕੰਪਨੀਆਂ ਦੇ ਲਾਇਸੈਂਸ ਤਕ ਰੱਦ ਕਰ ਦਿੱਤੇ ਹਨ, ਜਿਸ ਕਾਰਨ ਪੰਜਾਬ ਵਿਚ ਵੱਡੇ ਪੱਧਰ ’ਤੇ ‘ਕਾਸ’ ਵਰਕ ਪਰਮਿਟ ਦਾ ਗੋਰਖਧੰਦਾ ਕਰਨ ਵਾਲੇ ਟ੍ਰੈਵਲ ਏਜੰਟਾਂ ਦਾ ਧੰਦਾ ਹੀ ਠੱਪ ਹੋ ਗਿਆ ਕਿਉਂਕਿ ਕੰਪਨੀਆਂ ਬੰਦ ਹੋਣ ’ਤੇ ਉਥੇ ਪਹੁੰਚੇ ਲੋਕਾਂ ਦੇ ਵਰਕ ਪਰਮਿਟ ਵੀ ਰੱਦ ਹੋ ਗਏ ਹਨ। ਇਸ ਕਾਰਨ ਹੁਣ ਲੋਕਾਂ ਨੂੰ ਵੱਖਰੀ ਕੰਪਨੀ ਵਿਚ ਵੱਖਰਾ ਪਰਮਿਟ ਲੈਣ ਲਈ ਫਿਰ ਤੋਂ ਲੱਖਾਂ ਰੁਪਏ ਖਰਚਣੇ ਹੋਣਗੇ। ਖਦਸ਼ਾ ਪ੍ਰਗਟ ਕੀਤਾ ਜਾ਼ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ‘ਕਾਸ’ ਦੇ ਨਾਂ ’ਤੇ ਠੱਗੀ ਕਰਨ ਵਾਲੇ ਕਈ ਟ੍ਰੈਵਲ ਏਜੰਟਾਂ ਅਤੇ ਕਈ ਗੁਜਰਾਤੀਆਂ ਖਿ਼ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ ’ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ ’ਤੇ ਭੇਜਣ ਦੇ ਨਾਂ ’ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਲਾਇਸੈਂਸ ਦੇ ਬਿਨਾਂ ਹੀ ਕਰ ਰਹੇ ਸਨ। ਹੁਣ ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੁਲਸ ਤੇ ਨਾ ਹੀ ਪ੍ਰਸ਼ਾਸਨ ਦਾ ਕੋਈ ਡਰ ਸੀ। ਬੀ.2ਬੀ. (ਬਿਜਨੈੱਸ ਟੂ ਬਿਜਨੈੱਸ) ਯਾਨੀ ਯੂ . ਕੇ. ਵਰਕ ਪਰਮਿਟ ਦਾ ‘ਕਾਸ’ ਆਉਣ ’ਤੇ ਉਹ ਟ੍ਰੈਵਲ ਕਾਰੋਬਾਰੀਆਂ ਨੂੰ ਵੀ ਆਪਣਾ ਲੱਖਾਂ ਰੁਪਏ ਦਾ ਮਾਰਜਨ ਰੱਖ ਕੇ ਵੇਚਦੇ ਸਨ। ਇਸ ਤੋਂ ਪਹਿਲਾਂ ਬੀ.2ਬੀ. ਲਈ ਪਹਿਲਾਂ ਸੂਬੇ ਦੇ ਕਈ ਹੋਟਲਾਂ ਵਿਚ ਉਕਤ ਲੋਕ ਮੀਟਿੰਗ ਲਈ ਬੈਠਦੇ ਸਨ, ਫਿਰ ਇਸ ਗੋਰਖਧੰਦੇ ਨੂੰ ਅੰਜਾਮ ਦਿੰਦੇ ਸਨ। ਇਸ ਤੋਂ ਬਾਅਦ ਹੌਲੀ-ਹੌਲੀ ‘ਕਾਸ’ ਦੀ ਡਿਮਾਂਡ ਇੰਨੀ ਵਧੀ ਕਿ ਗੁਜਰਾਤੀ ਵੀ ਕਈ-ਕਈ ਵਾਰ ਪੰਜਾਬ ਆਉਣ ਲੱਗੇ ਪਰ ਹੁਣ ਇਸ ਫਰਜੀਵਾੜੇ ਦੇ ਫੜੇ ਜਾਣ ਤੋਂ ਬਾਅਦ ਤੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਗੁਜਰਾਤੀ ਪੰਜਾਬ ਛੱਡ ਕੇ ਗੁਜਰਾਤ ਨੂੰ ਭੱਜ ਖੜ੍ਹੇ ਹੋਏ। ਵਰਕ ਪਰਮਿਟ ਦੇ ਨਾਂ ’ਤੇ ਲੱਖਾਂ ਰੁਪਏ ਕਮਾਉਣ ਦੇ ਚੱਕਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਤਾਂ ‘ਕਾਸ’ ਵਿਚ ਹੀ ਫਰਜੀਵਾੜਾ ਕਰ ਕੇ ਕਈ ਬਿਨੈਕਾਰਾਂ ਦੇ ਬਿਨੈ-ਪੱਤਰ ਅਪਲਾਈ ਕਰਵਾ ਦਿੱਤੇ। ਫਰਜੀਵਾੜਾ ਫੜੇ ਜਾਣ ਤੋਂ ਬਾਅਦ ਯੂ. ਕੇ. ਸਰਕਾਰ ਨੇ ਬਿਨੈ-ਪੱਤਰ ਅਪਲਾਈ ਕਰਨ ਵਾਲੇ ਲੋਕਾਂ ’ਤੇ 10 ਸਾਲ ਤਕ ਦਾ ਬੈਨ ਲਾ ਦਿੱਤਾ, ਜਿਸ ਨੂੰ ਲੈ ਕੇ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਰੋਜਾਨਾ ਵਿਵਾਦ ਵਧ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਕਈ ਏਜੰਟਾਂ ਨੇ ਇਸ ਗੋਰਖਧੰਦੇ ਨੂੰ ਅੰਜਾਮ ਦੇ ਕੇ ਕਰੋੜਾਂ ਅਤੇ ਕਈ ਗੁਜਰਾਤੀਆਂ ਖਿ਼ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ ’ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ ’ਤੇ ਭੇਜਣ ਦੇ ਨਾਂ ’ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਰੁਪਏ ਕਮਾਏ ਅਤੇ ਇਸ ਧੰਦੇ ਤੋਂ ਮੋਟੀ ਕਮਾਈ ਕਰ ਕੇ ਉਕਤ ਏਜੰਟਾਂ ਨੇ ਪੂਰੇ ਸੂਬੇ ਦੇ ਕਈ ਸ਼ਹਿਰਾਂ ਵਿਚ ਪ੍ਰਾਪਰਟੀ ਵੀ ਖਰੀਦੀ ਪਰ ਯੂ. ਕੇ. ਸਰਕਾਰ ਵੱਲੋਂ ਇਹ ਫਰਜੀਵਾੜਾ ਫੜੇ ਜਾਣ ਤੋਂ ਬਾਅਦ ਉਕਤ ਏਜੰਟਾਂ ਨੇ ਆਪਣੇ ਪਰਿਵਾਰਾਂ ਨੂੰ ਹੀ ਵਿਦੇਸ਼ ਭੇਜ ਦਿੱਤਾ ਤਾਂ ਕਿ ਪੁਲਸ ਦੀ ਕਾਰਵਾਈ ਤੋਂ ਬਚ ਸਕਣ। ਜਾਣਕਾਰੀ ਮੁਤਾਬਕ ਉਕਤ ਟ੍ਰੈਵਲ ਏਜੰਟਾਂ ਦਾ ਵੀ ਲੋਕਾਂ ਨਾਲ ਵਰਕ ਪਰਮਿਟ ਦੇ ਨਾਂ ’ਤੇ ਲੱਖਾਂ ਰੁਪਏ ਦਾ ਲੈਣ-ਦੇਣ ਪੈਂਡਿੰਗ ਪਿਆ ਹੈ, ਜਿਸ ਨੂੰ ਲੈ ਕੇ ਲੋਕਾਂ ਨਾਲ ਉਨ੍ਹਾਂ ਦੇ ਕਈ ਵਾਰ ਵਿਵਾਦ ਹੋ ਚੁੱਕੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਟ੍ਰੈਵਲ ਕਾਰੋਬਾਰੀਆਂ ਖਿਲਾਫ ਸ਼ਿਕਾਇਤਾਂ ਵਧ ਸਕਦੀਆਂ ਹਨ। ਏ. ਡੀ. ਜੀ. ਪੀ. (ਐੱਨ. ਆਰ. ਆਈ.) ਪ੍ਰਵੀਨ ਸਿਨ੍ਹਾ ਨੇ ਦੱਸਿਆ ਕਿ ਨਿਯਮਾਂ ਦਾ ਉਲੰਘਣ ਕਰਨ ਤੇ ਬਿਨਾਂ ਲਾਇਸੈਂਸ ਦੇ ਇਹ ਨਾਜਾਇਜ ਕਾਰੋਬਾਰ ਕਰਨ ਵਾਲਿਆਂ ਖਿ਼ਲਾਫ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸੂਬੇ ਭਰ ਵਿਚ ਬਿਨਾਂ ਲਾਇਸੈਂਸ ਦੇ ਨਾਜਾਇਜ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰਂ ਕਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਪ੍ਰਸ਼ਾਸਨ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਆਪਣਾ ਬਿਨੈ-ਪੱਤਰ ਅਪਲਾਈ ਕਰਨ ਤੋਂ ਪਹਿਲਾਂ ਜਰੂਰ ਚੈੱਕ ਕਰ ਲੈਣ ਕਿ ਕਿਹੜਾ ਟ੍ਰੈਵਲ ਏਜੰਟ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

## ਬੰਦ ਹੋ ਸਕਦੀ ਹੈ ਵੇਰਕਾ ਦੁੱਧ ਦੀ ਸਪਲਾਈ, ਕੀ ਹੈ ਕਾਰਨ

ਜਲੰਧਰ 8 ਮਾਰਚ। ਜੇਕਰ ਤੁਸੀਂ ਵੀ ਵੇਰਕਾ ਦਾ ਦੁੱਧ ਲੈਂਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਅਹਿਮ ਹੈ। ਦਰਅਸਲ ਜਲੰਧਰ ਜਿ਼ਲੇ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਵੇਰਕਾ ਮਿਲਕ ਪਲਾਂਟ ਆਊਟਸੋਰਸਡ ਕਰਮਚਾਰੀ ਯੂਨੀਅਨ ਜਲੰਧਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਵੇਰਕਾ ਮਿਲਕ ਪਲਾਂਟ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਪ੍ਰਧਾਨ ਅਨਿਲ ਕੁਮਾਰ ਦੀ ਦੇਖ-ਰੇਖ ਹੇਠ ਦਿੱਤੇ ਧਰਨੇ ਦੌਰਾਨ ਪ੍ਰਸਾਸਨ ਵਿਰੋਧੀ ਨਾਅਰੇਬਾਜੀ ਕੀਤੀ ਗਈ ਅਤੇ ਚਿਤਾਵਨੀ ਦਿੱਤੀ ਗਈ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਦੁੱਧ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ। ਇਸ ਸਬੰਧੀ ਅਨਿਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ



ਦੀਆਂ ਮੰਗਾਂ ਵਿੱਚ ਆਊਟ ਸੋਰਸਿੰਗ ਭਰਤੀ ਬੰਦ ਕੀਤੀ ਜਾਵੇ ਅਤੇ ਲੰਬੇ ਸਮੇਂ ਤੋਂ ਕੰਮ ਕਰਦੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਰ ਵਾਰ ਉਨ੍ਹਾਂ ਨੂੰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਇਸ ਵਾਰ ਜੇਕਰ ਉਨ੍ਹਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਦੁੱਧ ਦੀ ਸਪਲਾਈ ਵੀ ਬੰਦ ਕਰ ਸਕਦੇ ਹਨ, ਹਾਲਾਂਕਿ ਉਹ ਅਜਿਹਾ ਕੋਈ ਕਦਮ ਨਹੀਂ ਚੁੱਕਣਾ ਚਾਹੁੰਦੇ ਪਰ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋਣਗੇ। ਦੂਜੇ ਪਾਸੇ ਵੇਰਕਾ ਮਿਲਕ ਪਲਾਂਟ ਵਿਖੇ ਤਾਇਨਾਤ ਅਧਿਕਾਰੀ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਇਕ-ਦੋ ਦਿਨਾਂ ਵਿੱਚ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਅਤੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

## ਅਮਰੀਕਾ ਨੇ ਚੀਨੀ ਇਲੈਕਟ੍ਰਿਕ ਕਾਰਾਂ ਨੂੰ ਦੱਸਿਆ ਸੁਰੱਖਿਆ ਲਈ ਵੱਡਾ ਖਤਰਾ

ਨਵੀਂ ਦਿੱਲੀ 8 ਮਾਰਚ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ ‘ਤੇ ਕਿਹੜਾ ਸੰਗੀਤ ਅਤੇ ਪੋਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸਾਸਨ ਨੂੰ ਚੀਨ ‘ਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ। ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ। ਬਾਈਡੇਨ ਨੇ ਵੀਰਵਾਰ ਨੂੰ ਇਕ ਬਿਆਨ ‘ਚ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜਾਰ ‘ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜਾਰ ‘ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸਟਰੀ ਸੁਰੱਖਿਆ ਲਈ ਖਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰੋਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ। ਨਵੰਬਰ ‘ਚ ਹੋਣ ਵਾਲੀਆਂ ਰਾਸਟਰਪਤੀ ਚੋਣਾਂ ‘ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ



ਨੇ ਹਮੇਸਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ ‘ਤੇ ਤੁਰੰਤ ਪਾਬੰਦੀ ਨਹੀਂ ਲੱਗਦੀ। ਹਾਲਾਂਕਿ, ਚੀਨੀ ਈਵੀਜ ਉੱਤੇ ਭਾਰੀ ਟੈਕਸ ਲਗਾਇਆ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ ਕਰਨ ਦੇ ਯੋਗ ਨਹੀਂ ਹਨ। ਰਾਸਟਰਪਤੀ ਦੀ ਰਾਸਟਰੀ ਆਰਥਿਕ ਕੌਂਸਲ ਦੇ ਮੁਖੀ ਲੇਲ ਬੇਨਾਰਡ ਦਾ ਕਹਿਣਾ ਹੈ ਕਿ ਚੀਨ ਵਿਦੇਸੀ ਬਾਜਾਰਾਂ ਨੂੰ ਵੱਡੇ ਪੱਧਰ ‘ਤੇ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ ਦੀ ਸਪਲਾਈ ਕਰ ਰਿਹਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਵਾਹਨ ਲਗਾਤਾਰ ਅਮਰੀਕੀ ਬੁਨਿਆਦੀ ਢਾਂਚੇ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹਨ। ਡਰਾਈਵਰ ਦੇ ਸਮਾਰਟਫੋਨ ਜਾਂ ਆਸ-ਪਾਸ ਚੱਲ ਰਹੀਆਂ ਕਾਰਾਂ ਰਾਹੀਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਮਰੀਕੀ ਸਰਕਾਰ ਚੀਨੀ ਵਾਹਨਾਂ ‘ਤੇ 25 ਫੀਸਦੀ ਟੈਰਿਫ ਲਗਾ ਸਕਦੀ ਹੈ।

### ਘਰ ਪਰਤ ਰਹੇ ਰੇਹੜੀ ਵਾਲੇ ਨੂੰ ਤੇਜ ਰਫਤਾਰ ਥਾਰ ਨੇ ਮਾਰੀ ਟੱਕਰ, ਜਖਮੀ ਨੇ ਹਸਪਤਾਲ ਜਾ ਕੇ ਤੋੜਿਆ ਦਮ

ਚੰਡੀਗੜ੍ਹ 8 ਮਾਰਚ। ਸੈਕਟਰ-43 ਜਿ਼ਲ੍ਹਾ ਅਦਾਲਤ ਦੇ ਨੇੜੇ ਤੇਜ ਰਫਤਾਰ ਥਾਰ ਚਾਲਕ ਇਕ ਰੇਹੜੀ ਚਾਲਕ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਰੇਹੜੀ ਚਾਲਕ ਨੂੰ ਤੁਰੰਤ ਸੈਕਟਰ-16 ਜਨਰਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਵਲੋਂ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੰਤੋਸ਼ ਸਰੂਪ ਵਾਸੀ ਕਜੇਹੜੀ ਦੇ ਰੂਪ ਵਿਚ ਹੋਈ ਹੈ। ਸੈਕਟਰ-36 ਥਾਣਾ ਪੁਲਸ ਨੇ ਮੌਕੇ ’ਤੇ ਫਰਾਰ ਥਾਰ ਚਾਲਕ ਖਿ਼ਲਾਫ ਲਾਪਰਵਾਹੀ ਨਾਲ ਗੱਡੀ ਚਲਾਉਣ ਅਤੇ ਗੈਰ-ਇਰਾਤਦਨ ਕਤਲ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਫਰਾਰ ਚਾਲਕ ਦੀ ਭਾਲ ਕਰ ਰਹੀ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਰੇਹੜੀ ਚਾਲਕ ਸੰਤੋਸ਼ ਸਰੂਪ ਆਪਣੇ ਘਰ ਵੱਲ ਜਾ ਰਿਹਾ ਸੀ। ਜਦੋਂ ਉਹ ਸੈਕਟਰ-43 ਜਿ਼ਲਾ ਅਦਾਲਤ ਦੇ ਪਿੱਛੇ ਸੜਕ ’ਤੇ ਪਹੁੰਚਿਆ ਤਾਂ ਤੇਜ ਰਫਤਾਰ ਥਾਰ ਚਾਲਕ ਉਸ ਦੀ ਰੇਹੜੀ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਟੱਕਰ ਵੱਜਣ ਕਾਰਨ ਰੇਹੜੀ ਚਾਲਕ ਗੰਭੀਰ ਜਖਮੀ ਹੋ ਗਿਆ। ਰਾਹਗੀਰਾਂ ਨੇ ਹਾਦਸੇ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਜਖਮੀ ਹੋਏ ਰੇਹੜੀ ਚਾਲਕ ਨੂੰ ਹਸਪਤਾਲ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਜਖਮੀ ਨੂੰ ਮ੍ਰਿਤਕ ਐਲਾਨ ਦਿੱਤਾ। ਸੈਕਟਰ-36 ਥਾਣਾ ਦੀ ਪੁਲਸ ਨੇ ਟੱਕਰ ਮਾਰਨ ਵਾਲੇ ਥਾਰ ਚਾਲਕ ਖਿ਼ਲਾਫ ਮਾਮਲਾ ਦਰਜ ਕਰਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਪਤਨੀ ਨੂੰ ਸ਼ਰੀਕੇ ‘ਚ ਰਹਿੰਦਾ ਵਿਅਕਤੀ ਕਰਦਾ ਸੀ ਪ੍ਰੇਸ਼ਾਨ

ਬਟਾਲਾ 8 ਮਾਰਚ। ਪਤਨੀ ਨੂੰ ਤੰਗ ਕਰਨ ਵਾਲੇ ਵਿਅਕਤੀ ਤੋਂ ਦੁਖੀ ਹੋ ਕੇ ਪਤੀ ਵਲੋਂ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦਿਆਂ ਪੁਲਸ ਚੌਕੀ ਹਰਚੋਵਾਲ ਦੇ ਏ.ਐੱਸ.ਆਈ. ਸਰਵਣ ਸਿੰਘ ਨੇ ਦੱਸਿਆ ਕਿ ਬਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਔਲਖ ਖੁਰਦ ਦੀ ਪਤਨੀ ਅਮਨ ਕੌਰ ਨੂੰ ਉਨ੍ਹਾਂ ਦੇ ਸ਼ਰੀਕੇ ਵਿਚ ਰਹਿੰਦੇ ਵਿਅਕਤੀ ਮੰਗਾ ਪੁੱਤਰ ਅਜੀਤ ਮਸੀਹ ਅਕਸਰ ਤੰਗ ਪ੍ਰੇਸ਼ਾਨ ਕਰਦਾ ਸੀ ਅਤੇ ਅਕਸਰ ਬਿੰਦਰ ਸਿੰਘ ਇਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ। ਜਦੋਂ ਉਕਤ ਵਿਅਕਤੀ ਨਹੀਂ ਹੱਟਿਆ ਤਾਂ ਦੁਖੀ ਹੋ ਕੇ ਅਮਨ ਕੌਰ ਆਪਣੇ ਪੇਕੇ ਘਰ ਚਲੀ ਗਈ, ਜਿਸ ਦੇ ਬਾਅਦ ਬਿੰਦਰ ਸਿੰਘ ਨੇ ਉਕਤ ਵਿਅਕਤੀ ਤੋਂ ਦੁਖੀ ਹੋ ਕੇ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਇਸ ਦੀ ਸਿਹਤ ਖਰਾਬ ਹੋ ਗਈ ਤਾਂ ਇਸ ਨੂੰ ਪਰਿਵਾਰ ਵਾਲਿਆਂ ਨੇ ਇਲਾਜ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ, ਜਿਥੇ ਇਸ ਦੀ ਮੌਤ ਹੋ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਬਿੰਦਰ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਦੇ ਬਿਆਨਾਂ ’ਤੇ ਮੰਗਾ ਵਿਰੁੱਧ ਕੇਸ ਦਰਜ ਕਰ ਦਿੱਤਾ ਗਿਆ ਹੈ ਅਤੇ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤੀ ਗਈ ਹੈ।

## ਉਮਰ ਭਰ ਸਾਥ ਦੇਣ ਲਈ ਘਰੋਂ ਭੱਜ ਕੇ ਕਰਾਇਆ ਵਿਆਹ, 25ਵੇਂ ਦਿਨ ਪਤਨੀ ਦਾ ਕਰ ’ਤਾ ਕਤਲ

ਕੋਟਾ 8 ਮਾਰਚ। ਰਾਜਸਥਾਨ ਦੇ ਝਾਲਾਵਾੜ ਜਿ਼ਲੇ ’ਚ ਇਕ 22 ਸਾਲਾ ਵਿਅਕਤੀ ਨੇ ਘਰੋਂ ਭੱਜ ਕੇ ਵਿਆਹ ਕਰਵਾਉਣ ਤੋਂ 1 ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਝਗੜੇ ਨੂੰ ਲੈ ਕੇ ਕਥਿਤ ਤੌਰ ’ਤੇ ਆਪਣੀ ਪਤਨੀ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਡਾਂਗੀਪੁਰਾ ਥਾਣਾ ਖੇਤਰ ਦੇ ਗੋਗਾੜੀ ਪਿੰਡ ਨਿਵਾਸੀ ਰਾਜਾਰਾਮ ਤੰਵਰ ਨੇ ਆਪਣੇ ਸਹੁਰੇ ਨੂੰ ਫੋਨ ਕਰਕੇ ਕਤਲ ਦੀ ਸੂਚਨਾ ਦਿੱਤੀ ਤੇ ਫਰਾਰ ਹੋ ਗਿਆ। ਪੁਲਸ ਨੇ ਦੱਸਿਆ ਕਿ ਰਾਜਾਰਾਮ ਦੀ ਪਿਛਲੇ ਸਾਲ ਪੰਚਪਿਪਲੀ ਪਿੰਡ ਦੀ ਰਹਿਣ ਵਾਲੀ ਸੁਨੀਤਾ ਨਾਲ ਮੰਗਣੀ ਹੋਈ ਸੀ ਪਰ ਸੁਨੀਤਾ ਦੇ ਪਰਿਵਾਰ ਨੇ ਵਿਆਹ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਦੋਵੇਂ ਇਕ-ਦੂਜੇ ਦੇ ਸੰਪਰਕ ’ਚ ਰਹੇ ਤੇ ਘਰੋਂ ਭੱਜ ਕੇ 10 ਫਰਵਰੀ ਨੂੰ ਇਕ ਮੰਦਰ ’ਚ ਵਿਆਹ ਕਰਵਾ ਲਿਆ, ਜਿਸ ਤੋਂ ਬਾਅਦ ਸੁਨੀਤਾ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਦੇ ਰਿਸਤੇ ਨੂੰ ਸਵੀਕਾਰ ਕਰ ਲਿਆ। ਡਾਂਗੀਪੁਰਾ ਥਾਣਾ ਇੰਚਾਰਜ (ਐੱਸ. ਐੱਚ. ਓ.) ਸਤਿਆਨਾਰਾਇਣ ਗੋਚਰ ਨੇ ਦੱਸਿਆ ਕਿ ਸੋਮਵਾਰ ਸਾਮ ਕਰੀਬ 5 ਵਜੇ ਨਸ਼ੇ ’ਚ ਧੁੱਤ



ਰਾਜਾਰਾਮ ਦਾ ਸੁਨੀਤਾ ਨਾਲ ਝਗੜਾ ਹੋ ਗਿਆ, ਇਸ ਤਕਰਾਰ ਦੌਰਾਨ ਰਾਜਾਰਾਮ ਨੇ ਸੁਨੀਤਾ ਦੇ ਸਿਰ ’ਤੇ ਤੇਜਧਾਰ ਹਥਿਆਰ ਨਾਲ ਵਾਰ ਕੀਤਾ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦਾ ਕਤਲ ਕਰਨ ਤੋਂ ਬਾਅਦ ਰਾਜਾਰਾਮ ਨੇ ਉਸ ਦੇ ਪਿਤਾ ਨੂੰ ਫੋਨ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਸੁਨੀਤਾ ਦੇ ਪਿਤਾ ਨੇ ਪੁਲਸ ਨੂੰ ਸੂਚਨਾ ਦਿੱਤੀ। ਐੱਸ. ਐੱਚ. ਓ. ਗੋਚਰ ਨੇ ਦੱਸਿਆ ਕਿ ਰਾਜਾਰਾਮ ਸਰਾਬ ਪੀਣ ਦਾ ਆਦੀ ਸੀ ਤੇ ਵਿਆਹ ਤੋਂ ਬਾਅਦ ਤੋਂ ਹੀ ਉਸ ਦਾ ਪਤਨੀ ਨਾਲ ਝਗੜਾ ਚੱਲ ਰਿਹਾ ਸੀ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦੇ ਪਿਤਾ ਦੀ ਸਿ਼ਕਾਇਤ ਦੇ ਆਧਾਰ ’ਤੇ ਰਾਜਾਰਾਮ ਖਿ਼ਲਾਫ ਕਤਲ ਦਾ ਕੇਸ ਦਰਜ ਕਰਕੇ ਉਸ ਦੀ ਗ੍ਰਿਫਤਾਰੀ ਲਈ ਕੋਸਿ਼ਸਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ ਸੁਨੀਤਾ

### ਸਰਹੱਦੀ ਖੇਤਰ ‘ਚ ਇਕ ਘਰ ਦੀ ਡਿੱਗੀ ਛੱਤ, ਵਾਲ-ਵਾਲ ਬਚਿਆ ਪਰਿਵਾਰ

ਬਮਿਆਲ/ਦੀਨਾਨਗਰ 8 ਮਾਰਚ। ਸਰਹੱਦੀ ਖੇਤਰ ਦੇ ਕਸਬਾ ਨਰੋਟ ਜੈਮਲ ਸਿੰਘ ਦੀ ਵਾਰਡ ਨੰ: 2 ‘ਚ ਇਕ ਪਰਿਵਾਰ ਦੇ ਘਰ ਦੇ ਕਮਰੇ ਦੀ ਛੱਤ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਟਨਾ ਦੌਰਾਨ ਪਰਿਵਾਰਕ ਮੈਂਬਰ ਉਸ ਸਮੇਂ ਕਮਰੇ ਦੇ ਬਾਹਰ ਚੁੱਲ੍ਹੇ ‘ਤੇ ਚਾਹ ਪੀਣ ਲਈ ਬੈਠੇ ਹੋਏ ਸਨ, ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਸ ਹਾਦਸੇ ਕਾਰਨ ਕਮਰੇ ‘ਚ ਰੱਖਿਆ ਸਾਰਾ ਸਾਮਾਨ ਬਹੁਤ ਬੁਰੀ ਤਰ੍ਹਾਂ ਨਾਲ ਟੁੱਟ ਗਿਆ। ਜਾਣਕਾਰੀ ਦਿੰਦੇ ਹੋਏ ਨਰੋਟ ਜੈਮਲ ਸਿੰਘ ਵਾਸੀ ਬੋਧਰਾਜ ਨੇ ਦੱਸਿਆ ਕਿ ਪਰਿਵਾਰ ਦੇ ਮੈਂਬਰ ਕੁਝ ਮਿੰਟ ਪਹਿਲਾਂ ਹੀ ਕਮਰੇ ਵਿੱਚੋਂ ਬਾਹਰ ਆਏ ਸਨ ਅਤੇ ਅਚਾਨਕ ਕਮਰੇ ਦੀ ਛੱਤ ਡਿੱਗ ਗਈ ਜਿਸ ਕਾਰਨ ਘਰ ਦਾ ਸਾਰਾ ਕੀਮਤੀ ਸਾਮਾਨ ਬਹੁਤ ਬੁਰੀ ਤਰ੍ਹਾਂ ਨਾਲ ਖਰਾਬ ਹੋ ਗਿਆ ਹੈ। ਬੋਧ ਰਾਜ ਨੇ ਦੱਸਿਆ ਕਿ ਉਹ ਸਬਜ਼ੀ ਦੀ ਰੇਹੜੀ ਲਗਾਕੇ ਆਪਣੇ ਘਰ ਦਾ ਗੁਜਾਰਾ ਚਲਾ ਰਿਹਾ ਹੈ । ਉਨ੍ਹਾਂ ਨੇ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਉਸ ਦੀ ਆਰਥਿਕ ਮਦਦ ਕੀਤੀ ਜਾਵੇ, ਤਾਂ ਕਿ ਮੁੜ ਰਹਿਣ ਬਸੇਰਾ ਕਰਨ ਲਈ ਛੱਤ ਪਾ ਕੇ ਰਹਿਣ ਸੱਕਣ।

## ਫਾਹਾ ਲੈ ਕੇ ਇਕ ਵਿਅਕਤੀ ਨੇ ਆਤਮ ਹੱਤਿਆ ਕੀਤੀ, ਪਤਨੀ ਸਮੇਤ ਸਹੁਰੇ ਪਰਿਵਾਰ ਦੇ 6 ਲੋਕ ਨਾਮਜਦ

ਜਲਾਲਾਬਾਦ 8 ਮਾਰਚ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਵਿਅਕਤੀ ਦੇ ਫਾਹਾ ਲੈ ਕੇ ਆਤਮ ਹੱਤਿਆ ਕਰਨ ਦੇ ਸਬੰਧ ਵਿਚ ਪਤਨੀ ਸਮੇਤ ਸਹੁਰੇ ਪਰਿਵਾਰ ਦੇ 6 ਲੋਕਾਂ ’ਤੇ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਕੈਲਾਸ਼ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਮੋਹਕਮ ਅਰਾਈਆ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸਦਾ ਲੜਕਾ ਚਰਨਜੀਤ ਸਿੰਘ 12ਵੀਂ ਪਾਸ ਹੈ ਅਤੇ ਉਸਦਾ ਪਿੰਡ ਟਾਹਲੀਵਾਲਾ ਦੀ ਲੜਕੀ ਕੁਲਵਿੰਦਰ ਕੌਰ ਜੋਕਿ ਵਿਆਹੁਤਾ ਸੀ, ਜਿਸਦਾ ਇਕ ਬੱਚਾ ਵੀ ਹੈ ਅਤੇ ਤਲਾਕਸ਼ੁਦਾ ਹੈ, ਨਾਲ ਸਬੰਧ ਸੀ। ਉਸਦਾ ਲੜਕਾ ਚਰਨਜੀਤ ਸਿੰਘ ਅਤੇ ਕੁਲਵਿੰਦਰ ਕੌਰ ਆਪਸ ਵਿਚ ਗੱਲਬਾਤ ਕਰਦੇ ਸੀ। ਕਰੀਬ 2 ਸਾਲ ਤੋਂ ਲਿਵਿੰਗ ਰਿਲੇਸ਼ਨ ਵਿਚ ਰਹਿੰਦੇ ਸੀ ਅਤੇ ਮਿਤੀ 18-02-2024 ਨੂੰ ਉਸਦੇ ਲੜਕੇ ਚਰਨਜੀਤ ਸਿੰਘ ਨੂੰ ਕੁਲਵਿੰਦਰ ਕੌਰ ਆਪਣੇ ਪੇਕਿਆਂ ਤੇ ਗਈ। ਉਸਦਾ ਲੜਕਾ ਆਪਣੇ ਘਰ ਵਾਪਸ ਆ ਗਿਆ ਸੀ ਜਦਕਿ ਕੁਲਵਿੰਦਰ ਕੌਰ ਆਪਣੇ ਪੇਕਿਆਂ ਦੇ ਰਹਿ ਗਈ। ਉਸ ਦਿਨ ਚਰਨਜੀਤ ਸਿੰਘ ਤੇ ਸਹੁਰੇ ਨੇ ਕੁਲਵਿੰਦਰ ਕੌਰ ਦੀ ਘਰ ਵਾਪਸੀ ਨੂੰ ਲੈ ਕੇ ਝਗੜਾ ਵੀ ਕੀਤਾ ਸੀ ਅਤੇ ਮਿਤੀ 6 ਮਾਰਚ 2024 ਨੂੰ ਉਸਦਾ ਲੜਕਾ ਚਰਨਜੀਤ ਸਿੰਘ ਆਪਣੀ ਘਰਵਾਲੀ ਕੁਲਵਿੰਦਰ ਕੌਰ ਨੂੰ ਲੈਣ ਲਈ ਪਿੰਡ ਟਾਹਲੀਵਾਲਾ ਗਿਆ, ਜਿੱਥੇ ਲੜਕੀ ਕੁਲਵਿੰਦਰ ਕੌਰ ਨੂੰ ਨਾ ਭੇਜਣ ਨੂੰ ਲੈ ਕੇ ਮੰਗਲ ਸਿੰਘ ਵਗੈਰਾ ਨੇ ਉਸਦੇ ਲੜਕੇ ਚਰਨਜੀਤ ਸਿੰਘ ਨਾਲ ਲੜਾਈ ਝਗੜਾ ਕਰਕੇ ਕਿਹਾ ਕਿ ਅਸੀਂ ਲੜਕੀ ਨਹੀਂ ਭੇਜਣੀ ਤੂੰ ਜਿੱਥੇ ਮਰਜੀ ਜਾ ਕੇ ਫਾਹਾ ਲੈ ਕੇ ਮਰ ਜਾ। ਇਸ ’ਤੇ ਮੇਰੇ ਲੜਕੇ ਚਰਨਜੀਤ ਸਿੰਘ ਨੇ ਘਰ ਆ ਕੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੁਦੱਈ ਕੈਲਾਸ਼ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਮੋਹਕਮ ਅਰਾਈਆ ਦੇ ਬਿਆਨਾਂ ਦੇ ਅਧਾਰ ’ਤੇ ਕੁਲਵਿੰਦਰ ਕੌਰ ਪੁਤਰੀ ਮੰਗਲ ਸਿੰਘ, ਮੰਗਲ ਸਿੰਘ, ਰਮਨ ਪੁੱਤਰ ਮੰਗਲ ਸਿੰਘ, ਕੈਲਾਸ਼ ਕੌਰ ਪਤਨੀ ਮੰਗਲ ਸਿੰਘ, ਜੋਤੀ ਪੁੱਤਰ ਮੰਗਲ ਸਿੰਘ ਅਤੇ ਕਾਜਲ ਪੁੱਤਰੀ ਮੰਗਲ ਸਿੰਘ ਵਾਸੀਆਨ ਟਾਹਲੀਵਾਲਾ ਦੇ ਖਿ਼ਲਾਫ ਧਾਰਾ 306 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਬਟਾਲਾ ਦੇ ਅਚਲੇਸਵਰ ਮੰਦਰ ਵਿਖੇ ਮਹਾਸਿਵਰਾਤਰੀ ਦੇ ਮੌਕੇ ਭਗਤਾਂ ਦੀਆਂ ਲੱਗੀਆਂ ਰੌਣਕਾਂ

ਬਟਾਲਾ 8 ਮਾਰਚ। ਬਟਾਲਾ ਦੇ ਅਚਲੇਸਵਰ ਮੰਦਰ ਵਿਖੇ ਮਹਾਸਿ਼ਵਰਾਤਰੀ ਦੇ ਮੌਕੇ ਭਗਤਾਂ ਦੀਆਂ ਰੌਣਕਾਂ ਲੱਗੀਆਂ ਹੋਈਆਂ ਹਨ। ਇਸ ਮੌਕੇ ਭਗਤ ਭੋਲੇ ਨਾਥ ਦੀ ਪੂਜਾ ਕਰਨ ਲਈ ਵੱਡੀ ਗਿਣਤੀ ‘ਚ ਸਾਮਲ ਹੋਏ। ਅਚਲੇਸਵਾਰ ਮੰਦਰ ਉਹ ਸਥਾਨ ਹੈ, ਜਿੱਥੇ ਭਗਵਾਨ ਸਿ਼ਵ ਆਪਣੇ ਪਰਿਵਾਰ ਅਤੇ 33 ਕਰੋੜ ਦੇਵੀ-ਦੇਵਤਿਆਂ ਨਾਲ ਆਏ ਸਨ । ਉੱਥੇ ਵੀ ਸਿ਼ਵਰਾਤਰੀ ਦਾ ਦਿਹਾੜਾ ਇਥੇ ਪੂਰੀ ਸਰਧਾ ਨਾਲ ਮਨਾਇਆ ਜਾ ਰਿਹਾ ਹੈ। ਉਥੇ ਹੀ ਖਾਸ ਇਹ ਹੈ ਕਿ ਇਸ ਸਥਾਨ ‘ਤੇ ਗੁਰਦੁਆਰਾ ਸ੍ਰੀ ਅਚਲ ਸਾਹਿਬ ਵੀ ਹੈ

### ਪਿੰਡ ਦੇ ਵਿਕਾਸ ਕਾਰਜਾਂ ਦੀਆਂ ਗ੍ਰਾਂਟਾਂ ‘ਚ ਕਰੋੜਾਂ ਦਾ ਗਬਨ ਕਰਨ ਵਾਲੇ 5 ਪੰਚਾਇਤ ਮੈਂਬਰਾਂ ਦਾ ਪਰਦਾਫਾਸ਼

ਚੰਡੀਗੜ੍ਹ 8 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਵੀਰਵਾਰ ਨੂੰ ਗੁਰਮੇਜ ਸਿੰਘ ਅਤੇ ਜਵਾਲਾ ਸਿੰਘ (ਦੋਵੇਂ ਸਾਬਕਾ ਸਰਪੰਚ), ਨਿਰਵੈਲ ਸਿੰਘ, ਕਾਬੁਲ ਸਿੰਘ ਅਤੇ ਗੁਰਬੀਰ ਸਿੰਘ (ਦੋਵੇਂ ਸਾਬਕਾ ਮੈਂਬਰ) ਨੂੰ ਗ੍ਰਾਮ ਪੰਚਾਇਤ ਬੇਨਕਾ, ਜ਼ਿਲ੍ਹਾ ਤਰਨਤਾਰਨ ਦੇ ਵਿਕਾਸ ਲਈ ਮਿਲੀ ਸਰਕਾਰੀ ਗਰਾਂਟ ਦੀ ਦੁਰਵਰਤੋਂ ਕਰਨ ਲਈ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਾਬਕਾ ਪੰਚਾਇਤ ਮੈਂਬਰਾਂ ਖਿਲਾਫ ਇਹ ਕੇਸ ਪਿੰਡ ਬੇਨਕਾ ਦੇ ਵਸਨੀਕ ਸ਼ੁਬੇਗ ਸਿੰਘ ਵੱਲੋਂ ਬਿਊਰੋ ਨੂੰ ਦਰਜ ਕਰਵਾਈ ਸ਼ਿਕਾਇਤ ਦੇ ਅਧਾਰ ’ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਕਤ ਦੋਸ਼ੀਆਂ ਨੇ ਪਿੰਡ ਬੇਨਕਾ ਦੇ ਪੰਚਾਇਤ ਮੈਂਬਰਾਂ ਵਜੋਂ ਆਪਣੇ ਕਾਰਜਕਾਲ ਦੌਰਾਨ ਸਰਕਾਰੀ ਫੰਡਾਂ ਚੋਂ 1,66,95,153 ਰੁਪਏ ਦਾ ਗਬਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਪੰਜਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

### ਵਿਧਾਨਸਭਾ ‘ਚ ਵਿਧਾਇਕਾਂ ਨੇ ਚੁੱਕੀ ਅਫੀਮ ਦੀ ਖੇਤੀ ਦੀ ਮੰਗ

ਚੰਡੀਗੜ੍ਹ 8 ਮਾਰਚ। ਵਿਧਾਨਸਭਾ ਸੈਸ਼ਨ ‘ਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕੋਲ ਸਵਾਲ ਪੁੱਛਿਆ ਗਿਆ ਕਿ ਸਰਕਾਰ ਸਿੰਥੈਟਿਕ ਡਰੱਗ ਨੂੰ ਠੱਲ੍ਹ ਪਾਉਂਣ ਲਈ ਪੰਜਾਬ ‘ਚ ਪੋਸਤ ਦੀ ਖੇਤੀ ਕਰਨ ਦਾ ਵਿਚਾਰ ਰੱਖਦੀ ਹੈ ਜਾਂ ਨਹੀਂ ਅਤੇ ਜੇਕਰ ਰੱਖਦੀ ਹੈ ਤਾਂ ਕਦੋਂ ਇਸ ਨੂੰ ਸ਼ੁਰੂ ਕਰਨ ਦੀ ਸੰਭਾਵਨਾ ਹੈ ? ਇਸ ਦੌਰਾਨ ਹੱਸਦੇ ਹੋਏ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕਿਹਾ ਕਿ ਇਸ ਸਵਾਲ ‘ਤੇ ਸਭ ਦੇ ਚਿਹਰੇ ਖੀੜ ਗਏ ਹਨ ਅਤੇ ਮੈਂ ਵੀ ਉਸ ਉਮਰ ਵੱਲ ਜਾ ਰਿਹਾ ਜਿੱਥੇ ਸ਼ਾਇਦ ਲੋੜ ਪੈ ਜਾਂਦੀ ਹੈ। ਇਸ ਤੋਂ ਬਾਅਦ ਸਵਾਲ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ ਫਿਲਹਾਲ ਸਰਕਾਰ ਦਾ ਇਸ ਦੀ ਖੇਤੀ ਕਰਨ ਦਾ ਕੋਈ ਇਰਾਦਾ ਨਹੀਂ ਹੈ, ਕਿਉਂਕਿ ਇਹ ਵੀ ਇਕ ਨਸ਼ਾ ਹੈ। ਇਸ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਜਦੋਂ ਤੁਹਾਨੂੰ ਸਮਾਂ ਮਿਲੇ ਤਾਂ ਇਹ ਵੀ ਦੱਸੋ ਕਿ ਪੰਜਾਬ ‘ਚ ਪਹਿਲਾਂ ਅਫੀਮ ਦੇ ਠੇਕੇ ਹੁੰਦੇ ਸੀ

## ਸੋਸ਼ਲ ਮੀਡੀਆ ਦੇ ਆਦੀ ਨੌਜਵਾਨਾਂ ਨੂੰ ਲੈ ਕੇ ਵੱਡਾ ਖੁਲਾਸਾ, 4 ਹਫਤਿਆਂ ’ਚ ਆਦਤ ‘ਤੇ ਇੰਝ ਪਾ ਸਕਦੇ ਹੋ ਕਾਬੂ

ਜਲੰਧਰ 8 ਮਾਰਚ। ਇਕ ਅਧਿਐਨ ਵਿਚ ਇਸ ਗੱਲ ਨੂੰ ਲੈ ਕੇ ਖੋਜ ਕੀਤੀ ਗਈ ਹੈ ਕਿ ਸੋਸਲ ਮੀਡੀਆ ਨੌਜਵਾਨਾਂ ਦੀ ਮਾਨਸਿਕ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। 75 ਫੀਸਦੀ ਤੋਂ ਵੱਧ ਨੌਜਵਾਨ ਹਰ ਘੰਟੇ ਆਪਣੇ ਫੋਨ ਵੇਖਦੇ ਹਨ ਅਤੇ ਉਨ੍ਹਾਂ ’ਚੋਂ ਅੱਧੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਡਿਵਾਈਸਾਂ ਦੇ ਆਦੀ ਹੋ ਗਏ ਹਨ। ਖੋਜੀਆਂ ਦਾ ਕਹਿਣਾ ਹੈ ਕਿ ਸੋਸਲ ਮੀਡੀਆ ਦੀ ਆਦਤ ਨੂੰ 4 ਹਫਤਿਆਂ ’ਚ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ। ਕਈ ਲੋਕ ਸੋਸਲ ਮੀਡੀਆ ਦੀ ਆਦਤ ਦੀ ਤੁਲਨਾ ਸਿਗਰੇਟ ਨਾਲ ਕਰਦੇ ਹਨ। ਉਹ ਕਹਿੰਦੇ ਹਨ ਕਿ ਸੋਸਲ ਮੀਡੀਆ ’ਤੇ ਕਿੰਨੇ ਲਾਈਕ ਮਿਲੇ ਇਸ ਨੂੰ ਵੇਖਣ ਦੀ ਇੱਛਾ ਇਕ ਨਵੀਂ ਕਿਸਮ ਦੀ ‘ਸਿਗਰਟਨੋਸ਼ੀ ਦੀ ਲਾਲਸਾ’ ਹੈ। ਹੋਰਨਾਂ ਦਾ ਮੰਨਣਾ ਹੈ ਕਿ ਸੋਸਲ ਮੀਡੀਆ ’ਤੇ ਬੇਚੈਨੀ ਨਵੀਆਂ ਤਕਨੀਕਾਂ ਬਾਰੇ ਨੈਤਿਕ ਘਬਰਾਹਟ ਦਾ ਅਗਲਾ ਦੌਰ ਹੈ। ਖੋਜੀਆਂ ਨੇ ਸੋਸਲ ਮੀਡੀਆ ਦੀ ਵਰਤੋਂ ਕਰਨ ਦੇ ਹਵਾਲੇ ਦਿੰਦਿਆਂ ਕਿਹਾ ਹੈ ਕਿ ਉਹ ਟਿਕ-ਟਾਕ ਦੇ 1000 ਫੀਸਦੀ ਆਦੀ ਹਨ। ਕੁਝ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਇਹ ਉਨ੍ਹਾਂ ਦੇ ਦਿਮਾਗ ’ਤੇ ਕਬਜਾ ਕਰ ਰਿਹਾ ਹੈ ਪਰ ਉਹ ਇਸ ਤੋਂ ਦੂਰ ਨਹੀਂ ਹੋ ਸਕਦੇ ਹਨ। ਬਹੁਤ ਸਾਰੇ ਲੋਕ ਅਜੇ ਵੀ ਆਨਲਾਈਨ ਬਿਤਾਏ ਗਏ ਸਮੇਂ ਨੂੰ ਲੈਕੇ ਅਸਹਿਜ ਮਹਿਸੂਸ ਕਰਦੇ ਹਨ ਅਤੇ ਅਕਸਰ ਹੈਰਾਨ ਹੁੰਦੇ ਹਨ ਕਿ ਕੀ ਉਹ ਆਦੀ ਹਨ? ਸੋਸਲ ਮੀਡੀਆ ਦੀ ਵਰਤੋਂ ’ਤੇ 2010 ਦੇ ਦਹਾਕੇ ਦੇ ਸੁਰੂਆਤੀ ਅਧਿਐਨ ਸਰੀਰ ’ਤੇ ਪ੍ਰਭਾਵ, ਖਾਣ ਦੀਆਂ ਆਦਤਾਂ ਦੇ ਵਿਕਾਰ ਅਤੇ ਸਮਾਜਿਕ ਤੁਲਨਾ ਦੇ ਨਾਂਹਪੱਖੀ ਪ੍ਰਭਾਵ ਵਿਖਾਉਂਦੇ ਹਨ। ਇਸ ਦੇ ਉਲਟ ਹੋਰ ਅਧਿਐਨ ਸੋਸਲ ਮੀਡੀਆ ਦੇ ਮਾਨਸਿਕ ਸਿਹਤ ਲਾਭਾਂ ਵੱਲ ਇਸਾਰਾ ਕਰਦੇ ਹਨ, ਜਿਸ ਵਿਚ ਸਮਾਜਿਕ ਤੰਦਰੁਸਤੀ, ਮਜਬੂਤ ਦੋਸਤੀ ਅਤੇ ਵੱਖ-ਵੱਖ ਨਜਰੀਆਂ ਦਾ ਸੌਖਾ ਹੋਣਾ ਸ਼ਾਮਲ ਹੈ। ਅਧਿਐਨ ਵਿਚ ਵੱਖ-ਵੱਖ ਕਿਸਮ ਦੀਆਂ ਸੋਸਲ ਮੀਡੀਆ ਆਦਤਾਂ ਵਾਲੇ 500 ਤੋਂ ਵੱਧ ਕਾਲਜ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੇ ਸੋਸਲ ਮੀਡੀਆ ਨਾਲ ਆਪਣੇ ਮੌਜੂਦਾ ਸਬੰਧਾਂ ’ਤੇ



ਵਿਚਾਰ ਕਰਕੇ ਸੁਰੂਆਤ ਕੀਤੀ ਅਤੇ ਫਿਰ ਉਨ੍ਹਾਂ ਤਬਦੀਲੀਆਂ ਲਈ ਟੀਚਾ ਨਿਰਧਾਰਤ ਕੀਤਾ, ਜੋ ਉਹ ਕਰਨਾ ਚਾਹੁੰਦੇ ਹਨ। ਇਸ ਵਿਚ ਬਿਨਾਂ ਸੋਚੇ-ਸਮਝੇ ‘ਸਕ੍ਰਾਲ’ ਕਰਨ ਵਿਚ ਘੱਟ ਸਮਾਂ ਬਿਤਾਉਣਾ, ਕਿਸੇ ਐਪ ’ਤੇ ਆਪਣੇ ਆਪ ਨੂੰ ਉਤੇਜਿਤ ਨਾ ਕਰਨਾ ਜਾਂ ਬੈੱਡਰੂਮ ਵਿਚ ਫੋਨ ਲੈ ਕੇ ਨਾ ਸੌਣਾ ਸਾਮਲ ਹੋ ਸਕਦਾ ਹੈ। 4 ਹਫਤਿਆਂ ਤੱਕ ਹਿੱਸਾ ਲੈਣ ਵਾਲੇ ਆਪਣੇ ਟੀਚਿਆਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਮਿਲੀ ਸਫਲਤਾ ਦੀ ਜਾਣਕਾਰੀ ਦਿੰਦੇ ਹਨ। ਉਹ ‘ਜਰਨਲਿੰਗ’ (ਡਾਇਰੀ ਲਿਖਣ) ਅਤੇ ਮਿਆਰੀ ਮਨੋਵਿਗਿਆਨਕ ਸਰਵੇਖਣਾਂ ਰਾਹੀਂ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਦੱਸਦੇ ਹਨ, ਜੋ ਸੋਸਲ ਮੀਡੀਆ ਦੀ ਆਦਤ ਅਤੇ ਹੋਰ ਮਾਨਸਿਕ ਸਿਹਤ ’ਤੇ ਪੈਣ ਵਾਲੇ ਪ੍ਰਭਾਵਾਂ ਨੂੰ ਦਰਸਾਉਂਦੇ ਹਨ। ਮੁੱਢਲਾ ਸਰਵੇਖਣ ਸੰਕੇਤ ਕਰਦਾ ਹੈ ਕਿ 4 ਹਫਤਿਆਂ ਦੀ ਦਖਲਅੰਦਾਜੀ ਉਨ੍ਹਾਂ ਲੋਕਾਂ ’ਚ ਸੋਸਲ ਮੀਡੀਆ ਦੀ ਆਦਤ ਨੂੰ ਕਾਫੀ ਹੱਦ ਤੱਕ ਘੱਟ ਕਰ ਦਿੰਦੀ ਹੈ, ਜਿਨ੍ਹਾਂ ਨੇ ਸੋਸ਼ਲ ਮੀਡੀਆ ਦੀ ਆਦਤ ਦੇ ਸਮੱਸਿਆ ਵਾਲੇ ਜਾਂ ਕਲੀਨਿਕਲ ਪੱਧਰਾਂ ਤੋਂ ਸੁਰੂਆਤ ਕੀ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁੜ ਚਰਚਾ 'ਚ 'ਕੁੱਲ੍ਹੜ ਪਿੱਜਾ' ਕੱਪਲ, ਸਹਿਜ ਅਰੋੜਾ ਬੋਲੇ, ਫੇਕ ਨਹੀਂ ਸੀ ਨਿੱਜੀ ਵੀਡੀਓ, ਇੰਝ ਹੋਈ ਵਾਇਰਲ



ਜਲੰਧਰ 8 ਮਾਰਚ। ਜਲੰਧਰ ਦੇ ਮਸ਼ਹੂਰ ਕੁੱਲੜ੍ਹ ਪਿੱਜਾ ਕੱਪਲ ਦੀਆਂ ਇਤਰਾਜਯੋਗ ਵਾਇਰਲ ਹੋਈਆਂ ਵੀਡੀਓਜ ਦਾ ਮਾਮਲਾ ਇਕ ਵਾਰ ਫਿਰ ਤੋਂ ਸੁਰਖੀਆਂ 'ਚ ਆ ਗਿਆ ਹੈ। ਦਰਅਸਲ ਇਸ ਮਾਮਲੇ ਵਿਚ ਕੁੱਲ੍ਹੜ ਪਿੱਜਾ ਦੇ ਮਾਲਕ ਸਹਿਜ ਅਰੋੜਾ ਨੇ ਹੁਣ ਤੱਕ ਦਾ ਸਭ ਤੋਂ ਵੱਡਾ ਖੁਲਾਸਾ ਕੀਤਾ ਹੈ। ਸੋਸ਼ਲ ਵਰਕਰ ਦੇ ਟਾਕ ਸ਼ੋਅ ਵਿਚ ਪਹੁੰਚੇ ਸਹਿਜ ਅਰੋੜਾ ਨੇ ਦੱਸਿਆ ਕਿ ਆਖਿਰ ਉਨ੍ਹਾਂ ਦੀ ਪ੍ਰਾਈਵੇਟ ਵੀਡੀਓ ਕਿਵੇਂ ਵਾਇਰਲ ਹੋਈ। ਸਹਿਜ ਅਰੋੜਾ ਨੇ ਟਾਕ ਸ਼ੋਅ ਵਿਚ ਮੰਨਿਆ ਕਿ ਇਹ ਵੀਡੀਓ ਬਣਾਉਣਾ ਉਨ੍ਹਾਂ ਦੀ ਗਲਤੀ ਹੈ। ਉਨ੍ਹਾਂ ਦੱਸਿਆ ਕਿ ਕਰੀਬ ਢਾਈ ਸਾਲ ਪਹਿਲਾਂ ਬਣਾਈ ਵੀਡੀਓ ਨੂੰ ਕਿਵੇਂ ਕਿਸ ਤਰ੍ਹਾਂ ਹਿਸਟਰੀ ਵਿਚੋਂ ਕੱਢ ਕੇ ਵਾਇਰਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਸ ਮੋਬਾਇਲ ਵਿਚੋਂ ਇਹ ਵੀਡੀਓ ਕੱਢੀ ਗਈ ਹੈ, ਉਸ ਫੋਨ ਨੂੰ ਕਾਫੀ ਦੇਰ ਪਹਿਲਾਂ ਹੀ ਚਲਾਉਣਾ ਬੰਦ ਕਰ ਦਿੱਤਾ ਸੀ ਅਤੇ ਉਸ ਨੂੰ ਦੁਕਾਨ ਦੇ ਕਾਊਂਟਰ 'ਤੇ ਪੇਮੈਂਟ ਲੈਣ ਅਤੇ ਦੇਣ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਫੇਮ ਮਿਲਦਾ ਗਿਆ ਤਾਂ ਦਿਮਾਗ ਵਿਚ ਕਦੇ ਨਹੀਂ ਆਇਆ ਕਿ ਮੈਂ ਇਸ ਫੋਨ ਵਿਚ ਕੋਈ ਵੀਡੀਓ ਵੀ ਬਣਾਈ ਹੈ। ਦੁਕਾਨ ਵਿਚ ਨੇਪਾਲੀ ਕੁੜੀ ਨੌਕਰੀ ਕਰਦੀ ਸੀ ਪਰ ਇਸ ਦੌਰਾਨ ਉਸ ਦਾ ਸੁਭਾਅ ਵਿਗੜ ਗਿਆ, ਜਿਸ ਤੋਂ ਬਾਅਦ ਅਸੀਂ ਕੰਮ 'ਤੇ ਆਉਣ ਤੋਂ ਮਨ੍ਹਾ ਕਰ ਦਿੱਤਾ। ਕੁਝ ਦਿਨਾਂ ਬਾਅਦ ਭੈਣ ਨੂੰ ਮੋਬਾਇਲ ਵਿਚ ਇਕ ਵੀਡੀਓ ਆਈ ਅਤੇ ਉਸ ਨੂੰ ਬਲੈਕਮੇਲ ਕਰਕੇ ਪੈਸੇ ਦੀ ਮੰਗ ਕੀਤੀ ਹੈ। ਰੋਂਦੀ ਹੋਈ ਭੈਣ ਨੇ ਮੈਨੂੰ ਫੋਨ ਕੀਤਾ ਕਿ ਇਹ ਤੁਹਾਡੀ ਕੋਈ ਵੀਡੀਓ ਹੈ, ਜਿਸ ਤੋਂ ਬਾਅਦ ਅਸੀਂ ਤੁਰੰਤ ਥਾਣੇ ਪਹੁੰਚ ਗਏ। ਜਦਕਿ ਸਾਰਾ ਸੱਕ ਨੇਪਾਲੀ ਕੁੜੀ 'ਤੇ ਪਿਆ ਪਰ ਮਾਮਲੇ ਦੀ ਪੂਰੀ ਪੁਸਟੀ ਨਹੀਂ ਹੋਈ। ਪਹਿਲੀ ਵੀਡੀਓ 'ਚ ਸਾਡਾ ਚਿਹਰਾ ਅਤੇ ਆਵਾਜ ਨਜਰ ਨਹੀਂ ਆ ਰਹੀ ਸੀ ਪਰ ਜਦੋਂ ਅਸੀਂ ਸ਼ਿਕਾਇਤ ਲੈ ਕੇ ਥਾਣੇ ਪਹੁੰਚੇ ਤਾਂ ਉੱਥੇ ਮੌਜੂਦ ਲੋਕਾਂ ਨੇ ਮੈਨੂੰ ਕਿਹਾ ਕਿ ਕਹਿ ਦਿਓ ਕਿ ਇਹ ਫਰਜੀ ਹੈ। ਮੈਂ ਇੰਝ ਹੀ ਬੋਲਿਆ ਕਿ ਇਹ ਵੀਡੀਓ ਫਰਜੀ ਹੈ ਮੇਰੀ ਨਹੀਂ ਹੈ, ਮੇਰੇ ਬੋਲਣ ਮਗਰੋਂ ਹੀ ਬਲੈਕਮੇਲਰ ਨੇ 3 ਵੀਡੀਓਜ ਵਾਇਰਲ ਕਰ ਦਿੱਤੀਆਂ। ਲੋਕਾਂ ਨੇ ਇਨ੍ਹਾਂ ਵੀਡੀਓਜ ਨੂੰ ਇੰਨਾ ਵਾਇਰਲ ਕਰ ਦਿੱਤਾ ਕਿ ਅਸੀਂ ਪੂਰੀ ਤਰ੍ਹਾਂ ਦੁਖੀ ਹੋ ਗਏ। ਪੁਲਸ ਨੇ ਨੇਪਾਲੀ ਕੁੜੀ ਖ਼ਿਲਾਫ ਕੇਸ ਦਰਜ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸਹਿਜ ਅਰੋੜਾ ਦਾ ਇਥੋਂ ਤੱਕ ਕਹਿਣਾ ਹੈ ਕਿ ਤਾਂ ਲੋਕ ਉਨ੍ਹਾਂ ਦੀ ਦੁਕਾਨ 'ਤੇ ਬੈਠ ਕੇ ਖਾਂਦੇ ਸਨ ਅਤੇ ਸਾਡੀਆਂ ਵੀਡੀਓਜ ਵੇਖਦੇ ਸਨ।

## ਬਰਨਾਲਾ 'ਚ ਵਾਪਰਿਆ ਭਿਆਨਕ ਸੜਕ ਹਾਦਸਾ, 3 ਵਿਦਿਆਰਥੀਆਂ ਦੀ ਦਰਦਨਾਕ ਮੌਤ

ਬਰਨਾਲਾ 8 ਮਾਰਚ। ਬਰਨਾਲਾ ਦੀ ਤਹਿਸੀਲ ਤਪਾ ਇਲਾਕੇ ਵਿੱਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ ਜਦੋਂ ਦੋ ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਹੋਈ ਟੱਕਰ ਵਿੱਚ ਤਿੰਨ ਨੌਜਵਾਨ ਵਿਦਿਆਰਥੀਆਂ ਦੀ ਦਰਦਨਾਕ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਘੁੰਨਸ ਦੇ ਰਹਿਣ ਵਾਲੇ 3 ਵਿਦਿਆਰਥੀ ਦੇਰ ਰਾਤ ਤਪਾ ਮੰਡੀ ਤੋਂ ਟਿਊਸਨ ਪੜ੍ਹ ਕੇ ਆਪਣੇ ਮੋਟਰਸਾਈਕਲ 'ਤੇ ਪਿੰਡ ਘੁੰਨਸ ਜਾ ਰਹੇ। ਇਸੇ ਦੌਰਾਨ ਸਕੂਲੀ ਵਿਦਿਆਰਥੀ ਦੀ ਅਚਾਨਕ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ 'ਚ ਦੋਵੇਂ ਮੋਟਰਸਾਈਕਲ ਸਵਾਰਾਂ ਦੀ ਮੌਤ ਹੋ ਗਈ। ਗੰਭੀਰ ਰੂਪ ਵਿਚ ਜਖਮੀ ਹੋਣ ਮਗਰੋਂ ਇਲਾਜ ਲਈ ਤਪਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਪਰ ਇਸ ਹਾਦਸੇ ਵਿੱਚ ਤਿੰਨ ਸਕੂਲੀ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਇਕ ਗੰਭੀਰ ਜਖਮੀ ਵਿਦਿਆਰਥੀ ਨੂੰ ਬਠਿੰਡਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਤਪਾ ਦੇ ਐੱਸ. ਐੱਚ. ਓ. ਗੁਰਵਿੰਦਰ ਸਿੰਘ ਨੇ ਦੱਸਿਆ।

## ਵਿਅਕਤੀ ਨੇ ਪਰਿਵਾਰਕ ਮੈਂਬਰਾਂ 'ਤੇ ਚਲਾਈਆਂ ਗੋਲੀਆਂ

ਝਬਾਲ 8 ਮਾਰਚ। ਪੁਲਸ ਥਾਣਾ ਝਬਾਲ ਅਧੀਨ ਆਉਂਦੇ ਪਿੰਡ ਖੈਰਦੀਨ ਵਿਖੇ ਅੱਜ ਇਕ ਵਿਅਕਤੀ ਨੇ ਘਰੇਲੂ ਝਗੜੇ ਕਾਰਨ ਆਪਣੇ ਹੀ ਪਰਿਵਾਰ 'ਤੇ ਗੋਲੀ ਚਲਾ ਦਿੱਤੀ। ਜਿਸ ਨਾਲ ਉਸਦੀ ਪਤਨੀ, ਨੂੰਹ ਅਤੇ ਛੋਟੀ ਬੱਚੀ ਜਖਮੀ ਹੋ ਗਈ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਇਸ ਸਬੰਧੀ ਕੁਲਜੀਤ ਸਿੰਘ ਵਾਸੀ ਖੈਰਦੀਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਾ ਪਿਤਾ ਦਰਸਨ ਸਿੰਘ ਪੁੱਤਰ ਜਗਤਾਰ ਸਿੰਘ ਕੌਮ ਜੱਟ ਵਾਸੀ ਖੈਰਦੀਨ ਕੇ ਘਰ ਵਿੱਚ ਸਾਡੀ ਮਾਤਾ ਨਾਲ ਰੋਜਾਨਾ ਲੜਦਾ ਸੀ ਅਤੇ ਅੱਜ ਵੀ ਘਰ 'ਚ ਕਲੇਸ ਪਾਕੇ ਬੈਠਾ ਸੀ। ਜਿਸ ਦੇ ਚਲਦਿਆਂ ਉਸ ਨੇ ਗੁਸੇ ਵਿੱਚ ਆਕੇ ਆਪਣੀ 12 ਬੋਰ ਪਿਸਤੌਲ ਨਾਲ 2 ਫਾਇਰ ਪਰਿਵਾਰਕ ਮੈਂਬਰਾਂ 'ਤੇ ਕਰ ਦਿੱਤੇ, ਜਿਸ ਨਾਲ ਮੇਰੀ ਮਾਤਾ ਸੁਖਵਿੰਦਰ ਕੌਰ ਉਮਰ 43 ਸਾਲ (ਪਤਨੀ ਉਕਤ ਦਰਸਨ ਸਿੰਘ) ਦੇ ਸੱਜੇ ਪੈਰ ਵਿੱਚ ਅਤੇ ਮੇਰੀ ਘਰ ਵਾਲੀ ਮਨਪ੍ਰੀਤ ਕੌਰ ਪਤਨੀ ਕੁਲਜੀਤ ਸਿੰਘ ਉਮਰ 23 ਸਾਲ ਦੇ ਖੱਬੇ ਪੈਰ 'ਚ ਅਤੇ ਪੋਤਰੀ ਜਸਕੀਰਤ ਕੌਰ ਉਮਰ 1 ਸਾਲਾ ਪੁੱਤਰੀ ਕੁਲਜੀਤ ਸਿੰਘ ਦੇ ਖੱਬੇ ਪੈਰ ਵਿੱਚ ਗੋਲੀ ਦੇ ਸਰੈ ਲੱਗੇ ।

## ਜੀਪ 'ਚ ਸਵਾਰ ਹੋ ਕੇ ਲੇਬਰ ਲੈਣ ਗਏ ਨੌਜਵਾਨ ਨਾਲ ਵਾਪਰਿਆ ਵੱਡਾ ਹਾਦਸਾ, ਰਸਤੇ 'ਚ ਹੋਈ ਟਰੱਕ ਨਾਲ ਟੱਕਰ

ਫਿਰੋਜ਼ਪੁਰ 8 ਮਾਰਚ। ਫਿਰੋਜ਼ਪੁਰ ਦੇ ਪਿੰਡ ਲੋਹਗੜ੍ਹ ਦੇ ਬੱਸ ਸਟੈਂਡ ਨੇੜੇ ਇੱਕ ਅਣਪਛਾਤੇ ਆਰਮੀ ਦੇ ਟਰੱਕ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿੱਚ 30 ਸਾਲਾ ਹਰਚਰਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਕੁਲਗੜ੍ਹੀ ਦੀ ਪੁਲੀਸ ਨੇ ਅਣਪਛਾਤੇ ਟਰੱਕ ਅਤੇ ਟਰੈਕਟਰ ਚਾਲਕਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਚਰਨ ਸਿੰਘ ਦੇ ਭਰਾ ਹਰਚੰਦ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਮਰਖਾਈ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਆਪਣੇ ਭਰਾ ਹਰਚਰਨ ਸਿੰਘ ਨਾਲ ਜੀਪ 'ਤੇ ਸਵਾਰ ਹੋ ਕੇ ਲੇਬਰ ਲੈਣ ਲਈ ਲੋਹਗੜ੍ਹ ਵੱਲ ਜਾ ਰਿਹਾ ਸੀ ਅਤੇ ਜਦੋਂ ਉਹ ਬੱਸ ਸਟੈਂਡ ਨੇੜੇ ਪਹੁੰਚਿਆ ਤਾਂ ਆਰਮੀ ਦਾ ਇਕ ਟਰੱਕ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਆ ਰਿਹਾ ਸੀ ਅਤੇ ਜੀਪ ਦੇ ਪਿੱਛੇ 3 ਟਰੈਕਟਰ ਟੋਚਨ ਪਾ ਕੇ ਆ ਰਹੇ ਸੀ

## ਗਰੀਬੀ ਦੂਰ ਕਰਨ ਲਈ 14 ਸਾਲ ਪਹਿਲਾਂ ਛੱਡਿਆ ਸੀ ਘਰ, ਹੁਣ ਵਿਦੇਸ਼ੋਂ ਆਈ ਖਬਰ ਨੇ ਸੁੰਨ ਕੀਤਾ ਪਰਿਵਾਰ

ਗੁਰਦਾਸਪੁਰ 8 ਮਾਰਚ। ਹਰ ਕੋਈ ਰੋਜੀ-ਰੋਟੀ ਕਮਾਉਣ ਲਈ ਵਿਦੇਸ ਜਾ ਰਿਹਾ ਹੈ ਪਰ ਉੱਥੇ ਕਈ ਵਾਰ ਅਜਿਹੇ ਹਾਦਸੇ ਵਾਪਰ ਜਾਂਦੇ ਹਨ ਕਿ ਉਹ ਵਿਅਕਤੀ ਮੁੜ ਆਪਣੇ ਦੇਸ ਵਾਪਸ ਨਹੀਂ ਆ ਪਾਉਂਦੇ। ਅਜਿਹਾ ਹੀ ਇੱਕ ਮਾਮਲਾ ਗੁਰਦਾਸਪੁਰ ਤੋਂ ਸਾਹਮਣੇ ਆਇਆ ਹੈ। ਜਿਥੇ ਕਾਦੀਆ ਦੇ ਪਿੰਡ ਛੋਟਾ ਨੰਗਲ ਦੇ ਰਹਿਣ ਵਾਲੇ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ 45 ਸਾਲਾ ਗੁਰਮੁੱਖ ਸਿੰਘ 14 ਸਾਲ ਪਹਿਲਾਂ ਰੋਜੀ ਰੋਟੀ ਕਮਾਉਣ ਲਈ ਲੇਬਨਾਨ ਗਿਆ ਸੀ। ਜਿਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਗੁਰਮੁੱਖ ਸਿੰਘ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਹੈ। ਗਰੀਬ ਪਰਿਵਾਰ ਹੋਣ ਕਾਰਨ ਉਸ ਦੀ ਲਾਸ ਭਾਰਤ ਲਿਆਉਣ ਤੋਂ ਪਰਿਵਾਰ ਅਸਮਰੱਥ ਹੈ


## ਹੋਲੀ ਵਿਸ਼ੇਸ਼ ਰੇਲਗੱਡੀਆਂ-2024

**ਰੇਲਯਾਤਰੀਆਂ ਦੇ ਸੁਵਿਧਾ ਦੇ ਲਈ ਆਉਂਦੀ ਹੋਲੀ ਦੇ ਦੌਰਾਨ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਹੋਲੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ ਕੀਤਾ ਜਾਏਗਾ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-**

### 04033/04034 ਨਵੀਂ ਦਿੱਲੀ-ਸ਼ਹੀਦ ਕੈਪਟਨ ਤੁਸ਼ਾਰ ਮਹਾਜਨ-ਨਵੀਂ ਦਿੱਲੀ ਐਕਸਪ੍ਰੈਸ ਵਿਸ਼ੇਸ਼ (ਸਪਤਾਹਿਕ)

| ਰੇਲਗੱਡੀ ਨੰ. 04033 | | ↓ ਸਟੇਸ਼ਨ ↑ | ਰੇਲਗੱਡੀ ਨੰ. 04034 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 23:45 | ਨਵੀਂ ਦਿੱਲੀ | 09:30 | --- |
| 11:10 | --- | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | --- | 20:55 |

**ਚੱਲਣ ਦੇ ਦਿਨ : 04033 ਨਵੀਂ ਦਿੱਲੀ ਤੋਂ** ਮਿਤੀ 22.03.2024 ਤੋਂ 29.03.2024 ਤਕ (ਸ਼ੁਕਰਵਾਰ) ਅਤੇ **04034** ਸ਼ਹੀਦ ਕੈਪਟਨ ਤੁਸ਼ਾਰ ਮਹਾਜਨ **ਤੋਂ** ਮਿਤੀ 23.03.2024 ਤੋਂ 30.03.2024 ਤਕ (ਸ਼ਨੀਵਾਰ)।
**ਸਥਾਨ :** ਏਸੀ. 3 ਟੀਯਰ ਇਕੋਨਾਮੀ ਅਤੇ ਸਲੀਪਰ
**ਠਹਿਰਾਓ :** ਸੋਨੀਪਤ, ਪਾਨੀਪਤ, ਕਰਨਾਲ, ਕੁਰੂਸ਼ੇਤਰ, ਅੰਬਾਲਾ ਕੈਂਟ, ਲੁਧਿਆਣਾ ਕੈਂਟ, ਜਲੰਧਰ ਕੈਂਟ, ਪਠਾਨਕੋਟ ਕੈਂਟ ਅਤੇ ਜੰਮੂ ਤਵੀ ਸਟੇਸ਼ਨ

### 04075/04076 ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਐਕਸਪ੍ਰੈਸ ਵਿਸ਼ੇਸ਼ (ਹਫਤੇ ਵਿਚ 2 ਦਿਨ)

| ਰੇਲਗੱਡੀ ਨੰ. 04075 | | ↓ ਸਟੇਸ਼ਨ ↑ | ਰੇਲਗੱਡੀ ਨੰ.04076 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 23:45 | ਨਵੀਂ ਦਿੱਲੀ | 09:30 | --- |
| 11:40 | --- | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | --- | 20:25 |

**ਚੱਲਣ ਦੇ ਦਿਨ : 04075 ਨਵੀਂ ਦਿੱਲੀ ਤੋਂ** ਮਿਤੀ 24.03.2024 ਤੋਂ 31.03.2024 ਤਕ (ਬੁਧਵਾਰ ਐਤਵਾਰ) ਅਤੇ **04076 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ** ਮਿਤੀ 25.03.2024 ਤੋਂ 01.04.2024 ਤਕ (ਵੀਰਵਾਰ, ਸੋਮਵਾਰ)।
**ਸਥਾਨ :** ਏਸੀ. 3 ਟੀਯਰ ਇਕੋਨਾਮੀ ਅਤੇ ਸਲੀਪਰ
**ਠਹਿਰਾਓ :** ਸੋਨੀਪਤ, ਪਾਨੀਪਤ, ਕਰਨਾਲ, ਕੁਰੂਸ਼ੇਤਰ ਜੰ., ਅੰਬਾਲਾ ਕੈਂਟ, ਲੁਧਿਆਣਾ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਸਟੇਸ਼ਨ।

### 04080/04079 ਦਿੱਲੀਜੰ.-ਵਾਰਾਨਸੀ-ਦਿੱਲੀ ਜੰ. ਐਕਸਪ੍ਰੈਸ ਵਿਸ਼ੇਸ਼ (ਹਫਤੇ ਵਿਚ 3 ਦਿਨ)

| ਰੇਲਗੱਡੀ ਨੰ. 04080 | | ↓ ਸਟੇਸ਼ਨ ↑ | ਰੇਲਗੱਡੀ ਨੰ.04079 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 19:30 | ਦਿੱਲੀ ਜੰ. | 08:50 | --- |
| 09:45 | --- | ਵਾਰਾਨਸੀ | --- | 18:20 |

**ਚੱਲਣ ਦੇ ਦਿਨ : 04080 ਦਿੱਲੀ ਜੰ. ਤੋਂ** ਮਿਤੀ 21.03.2024 ਤੋਂ 30.03.2024 ਤਕ (ਸੋਮਵਾਰ, ਵੀਰਵਾਰ, ਸ਼ਨੀਵਾਰ) ਅਤੇ **04079 ਵਾਰਾਨਸੀ ਤੋਂ** ਮਿਤੀ 22.03.2024 ਤੋਂ 31.03.2024 ਤਕ (ਮੰਗਲਵਾਰ, ਸ਼ੁਕਰਵਾਰ, ਐਤਵਾਰ)।
**ਸਥਾਨ :** ਏਸੀ. 3 ਟੀਯਰ ਇਕੋਨਾਮੀ ਅਤੇ ਸਲੀਪਰ
**ਠਹਿਰਾਓ :** ਗਾਜੀਆਬਾਦ, ਮੁਰਾਦਾਬਾਦ, ਆਲਮਨਗਰ, ਲਖਨਊ ਅਤੇ ਮਾਂ ਬੇਲਹਾ ਦੇਵੀ ਧਾਮ ਸਟੇਸ਼ਨ।

### 01654/01653 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਵਾਰਾਨਸੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਐਕਸਪ੍ਰੈਸ ਵਿਸ਼ੇਸ਼ (ਸਪਤਾਹਿਕ)

| ਰੇਲਗੱਡੀ ਨੰ. 01654 | | ↓ ਸਟੇਸ਼ਨ ↑ | ਰੇਲਗੱਡੀ ਨੰ. 01653 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 23:35 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:25 | --- |
| 23:55 | --- | ਵਾਰਾਨਸੀ | --- | 05:30 |

**ਚੱਲਣ ਦੇ ਦਿਨ : 01654 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ** ਮਿਤੀ 24.03.2024 ਤੋਂ 31.03.2024 ਤਕ (ਐਤਵਾਰ) ਅਤੇ **01653 ਵਾਰਾਨਸੀ ਤੋਂ** ਮਿਤੀ 26.03.2024 ਤੋਂ 02.04.2024 ਤਕ (ਮੰਗਲਵਾਰ)।
**ਸਥਾਨ :** ਏਸੀ. 2 ਟੀਯਰ, ਏਸੀ. 3 ਟੀਯਰ ਏਸੀ. 3 ਟੀਯਰ ਇਕੋਨਮੀ, ਸਲੀਪਰ ਤੇ ਜਨਰਲ
**ਠਹਿਰਾਓ :** ਸ਼ਹੀਦ ਕੈਪਟਨ ਤੁਸ਼ਾਰ ਮਹਾਜਨ, ਜੰਮੂ ਤਵੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਲੁਧਿਆਣਾ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਆਲਮਨਗਰ, ਲਖਨਊ, ਰਾਯ ਬਰੇਲੀ ਅਤੇ ਮਾਂ ਬੇਲਹਾ ਦੇਵੀ ਧਾਮ ਸਟੇਸ਼ਨ

### 02371/02372 ਹਾਵੜਾ-ਬਨਾਰਸ-ਹਾਵੜਾ ਐਕਸਪ੍ਰੈਸ ਵਿਸ਼ੇਸ਼

| ਰੇਲਗੱਡੀ ਨੰ. 02371 | | ↓ ਸਟੇਸ਼ਨ ↑ | ਰੇਲਗੱਡੀ ਨੰ.02372 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 08:15 | ਹਾਵੜਾ | 12:20 | --- |
| 21:15 | 21:20 | ਵਾਰਾਨਸੀ | 23:45 | 23:50 |
| 21:45 | --- | ਬਨਾਰਸ | --- | 23:05 |

**ਚੱਲਣ ਦੇ ਦਿਨ : 02371 ਹਾਵੜਾ ਤੋਂ ਅਤੇ 023372 ਬਨਾਰਸ ਤੋਂ** ਮਿਤੀ 23.03.2024 (ਸ਼ਨੀਵਾਰ) ਨੂੰ।
**ਸਥਾਨ :** ਫਸਟ ਏਸੀ. 2 ਟੀਯਰ, ਏਸੀ. 3 ਟੀਯਰ ਏਸੀ. ਸਲੀਪਰ ਤੇ ਜਨਰਲ
**ਠਹਿਰਾਓ :** ਬਰਧਮਾਨ, ਦੁਰਗਾਪੁਰ, ਆਸਨਸੋਲ, ਚਿਤਰੰਜਨ, ਮਧੁਪੁਰ, ਜਸੀਡੀਹ, ਝਾਝਾ, ਕਿਊਲ ਜੰ., ਮੋਕਾਮਾ ਬਖਿਤਯਾਰਪੁਰ ਜੰ., ਪਟਨਾ ਜੰ., ਆਰਾ, ਬਕਸਰ, ਪੰ. ਦੀਨ ਦਿਆਲ ਉਪਾਧਿਆਏ ਜੰ., ਅਤੇ ਵਾਰਾਨਸੀ ਸਟੇਸ਼ਨ

### 04064/04063 ਦਿੱਲੀ ਜੰ.-ਟੂੰਡਲਾ ਜੰ.-ਦਿੱਲੀ ਜੰ. ਐਕਸਪ੍ਰੈਸ ਵਿਸ਼ੇਸ਼ (ਰੋਜਾਨਾ)

| ਰੇਲਗੱਡੀ ਨੰ.04064 | | ↓ ਸਟੇਸ਼ਨ ↑ | ਰੇਲਗੱਡੀ ਨੰ.04063 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 13:20 | ਦਿੱਲੀ ਜੰ. | 22:15 | --- |
| 17:15 | --- | ਟੂੰਡਲਾ ਜੰ. | --- | 17:45 |

**ਚੱਲਣ ਦੇ ਦਿਨ : 04064 ਦਿੱਲੀ ਜੰ. ਤੋਂ ਅਤੇ 04063 ਟੂੰਡਲਾ ਜੰ. ਤੋਂ** ਮਿਤੀ 21.03.2024 ਤੋਂ 24.03.2024 ਤਕ (ਰੋਜਾਨਾ)।
**ਸਥਾਨ :** ਜਨਰਲ
**ਠਹਿਰਾਓ :** ਦਿੱਲੀ ਸ਼ਾਹਦਰਾ, ਸਾਹਿਬਾਬਾਦ, ਗਾਜੀਆਬਾਦ, ਦਾਦਰੀ, ਖੁਰਜਾ, ਅਲੀਗੜ੍ਹ ਅਤੇ ਹਾਥਰਸ ਸਟੇਸ਼ਨ।

### 04923/04924 ਸਹਾਰਨਪੁਰ-ਅੰਬਾਲਾ ਕੈਂਟ-ਸਹਾਰਨਪੁਰ ਐਕਸਪ੍ਰੈਸ ਵਿਸ਼ੇਸ਼ (ਰੋਜਾਨਾ)

| ਰੇਲਗੱਡੀ ਨੰ. 04923 | | ↓ ਸਟੇਸ਼ਨ ↑ | ਰੇਲਗੱਡੀ ਨੰ.04924 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 04:40 | ਸਹਾਰਨਪੁਰ | 22:30 | --- |
| 06:45 | --- | ਅੰਬਾਲਾ ਕੈਂਟ | --- | 20:22 |

**ਚੱਲਣ ਦੇ ਦਿਨ : 04923 ਸਹਾਰਨਪੁਰ ਤੋਂ ਅਤੇ 04924 ਅੰਬਾਲਾ ਕੈਂਟ ਤੋਂ** ਮਿਤੀ 21.03.2024 ਤੋਂ 24.03.2024 ਤਕ (ਰੋਜਾਨਾ)।
**ਸਥਾਨ :** ਜਨਰਲ
**ਠਹਿਰਾਓ :** ਪਿਲਖਨੀ, ਸਰਸਾਵਾ, ਕਲਾਨੌਰ, ਜਗਾਧਰੀ, ਜਗਾਧਰੀ ਵਰਕਸ਼ਾਪ, ਦਰਾਜਪੁਰ, ਮੁਸਤਫਾਬਾਦ, ਬਰਾਰਾ, ਤੰਦਵਾਲ, ਕੇਸਰੀ ਅਤੇ ਦੁਖੇੜੀ ਸਟੇਸ਼ਨ।

### 04051/04052 ਦਿੱਲੀ ਜੰ.-ਪਾਨੀਪਤ-ਦਿੱਲੀ ਜੰ. ਐਕਸਪ੍ਰੈਸ ਵਿਸ਼ੇਸ਼ (ਰੋਜਾਨਾ)

| ਰੇਲਗੱਡੀ ਨੰ. 04051 | | ↓ ਸਟੇਸ਼ਨ ↑ | ਰੇਲਗੱਡੀ ਨੰ.04052 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 10:00 | ਦਿੱਲੀ ਜੰ. | 15:40 | --- |
| 12:10 | --- | ਪਾਨੀਪਤ | --- | 13:10 |

**ਚੱਲਣ ਦੇ ਦਿਨ : 04051 ਦਿੱਲੀ ਜੰ. ਤੋਂ ਅਤੇ 04052 ਪਾਨੀਪਤ ਤੋਂ** ਮਿਤੀ 21.03.2024 ਤੋਂ 24.03.2024 ਤਕ (ਰੋਜਾਨਾ)।
**ਸਥਾਨ :** ਜਨਰਲ
**ਠਹਿਰਾਓ :** ਸਬਜੀ ਮੰਡਲ, ਨਰੇਲਾ, ਸੋਨੀਪਤ ਅਤੇ ਸਮਾਲਖਾ ਸਟੇਸ਼ਨ।

### 04249/04250 ਵਾਰਾਨਸੀ-ਲਖਨਊ-ਵਾਰਾਨਸੀ ਐਕਸਪ੍ਰੈਸ ਵਿਸ਼ੇਸ਼ (ਰੋਜਾਨਾ)

| ਰੇਲਗੱਡੀ ਨੰ. 04250 | | ↓ ਸਟੇਸ਼ਨ ↑ | ਰੇਲਗੱਡੀ ਨੰ.04249 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 06:25 | ਵਾਰਾਨਸੀ | 22:35 | --- |
| 12:25 | --- | ਲਖਨਊ | --- | 16:35 |

**ਚੱਲਣ ਦੇ ਦਿਨ : 04249 ਵਾਰਾਨਸੀ ਜੰ. ਤੋਂ ਅਤੇ 04250 ਲਖਨਊ ਤੋਂ** ਮਿਤੀ 21.03.2024 ਤੋਂ 24.03.2024 ਤਕ (ਰੋਜਾਨਾ)।
**ਸਥਾਨ :** ਜਨਰਲ
**ਠਹਿਰਾਓ :** ਜੌਨਪੁਰ, ਸ਼ਾਹਗੰਜ, ਅਕਬਰਪੁਰ, ਅਯੁਧਿਆ ਧਾਮ ਅਤੇ ਬਾਰਬੰਕੀ ਸਟੇਸ਼ਨ।

### 04048/04047 ਨਵੀਂ ਦਿੱਲੀ-ਆਗਰਾ ਕੈਂਟ-ਨਵੀਂ ਦਿੱਲੀ ਐਕਸਪ੍ਰੈਸ ਵਿਸ਼ੇਸ਼ (ਰੋਜਾਨਾ)

| ਰੇਲਗੱਡੀ ਨੰ. 04048 | | ↓ ਸਟੇਸ਼ਨ ↑ | ਰੇਲਗੱਡੀ ਨੰ.04047 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 06:20 | ਨਵੀਂ ਦਿੱਲੀ | 18:45 | --- |
| 11:15 | --- | ਆਗਰਾ ਕੈਂਟ | --- | 14:30 |

**ਚੱਲਣ ਦੇ ਦਿਨ : 04048 ਨਵੀਂ ਦਿੱਲੀ ਤੋਂ ਅਤੇ 04047 ਆਗਰਾ ਕੈਂਟ ਤੋਂ** ਮਿਤੀ 21.03.2024 ਤੋਂ 24.03.2024 ਤਕ (ਰੋਜਾਨਾ)।
**ਸਥਾਨ :** ਜਨਰਲ
**ਠਹਿਰਾਓ :** ਫਰੀਦਾਬਾਦ, ਪਲਵਲ ਅਤੇ ਮਥੁਰਾ ਸਟੇਸ਼ਨ।

**ਰੇਲਯਾਤਰੀਆਂ ਨੂੰ ਅਪੀਲ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ**

**ਉੱਤਰ ਰੇਲਵੇ**
ਤੁਹਾਡੀ ਸੁਵਿਧਾ-ਸਾਡਾ ਲਕਸ਼
755/2024
'ਤੇ ਸਾਨੂੰ ਫਾਲੋ ਕਰੋ
ਸਾਨੂੰ www.nr.indianrailways.gov.in 'ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਮਹਿਲਾ ਅਤੇ ਬਾਲ ਵਿਕਾਸ ਵਿਭਾਗ

**ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੂਜੀ ਮੰਜ਼ਿਲ, ਆਈਐਸਬੀਟੀ ਭਵਨ**
**ਕਸ਼ਮੀਰੀ ਗੇਟ, ਨਵੀਂ ਦਿੱਲੀ-110006**

### ਗੁਮਸ਼ੁਦਾ ਮਹਿਲਾਵਾਂ ਦੀ ਜਾਣਕਾਰੀ

| ਕ੍ਰ.ਸੰ. | ਬਿਓਰਾ | ਫੋਟੋ |
|---|---|---|
| 1. | ਸੰਵਾਸੀ ਦਾ ਨਾਮ - ਬੇਬੀ (ਗੂੰਗਾ ਅਤੇ ਬੋਲਾ), ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ- 35, ਕੱਦ - 5'2, ਪਛਾਣ ਚਿੰਨ੍ਹ - ਗਲੇ 'ਤੇ ਸਾੜ ਦਾ ਨਿਸ਼ਾਨ, ਸੰਸਥਾ ਵਿਚ ਔਰਤ ਦੇ ਦਾਖਲੇ ਦੀ ਮਿਤੀ- 15-01-2010, ਆਈ.ਓ ਵਲੋਂ, ਥਾਣਾ ਸਮਰਪੁਰ ਬਡਲੀ, ਡੀ.ਡੀ.ਨੰ.-22ਏ, ਮਿਤੀ-13-01-2010, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 2. | ਸੰਵਾਸੀ ਦਾ ਨਾਮ - ਕਾਂਤਾ (ਗੂੰਗਾ ਅਤੇ ਬੋਲਾ), ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ -47, ਕੱਦ - 5'1, ਪਛਾਣ ਚਿੰਨ੍ਹ - ਟੈਟੂ, ਔਰਤ ਦਾ ਸੰਧਿਆ ਵਿਚ ਪ੍ਰਵੇਸ਼ , ਪੁਲਿਸ ਸਟੇਸ਼ਨ - ਕਾਲਕਾਜੀ, ਡੀ.ਡੀ.ਨ.-20ਏ, ਮਿਤੀ - 13-10-2010, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 3. | ਸੰਵਾਸੀ ਦਾ ਨਾਮ - ਕਾਂਤੀ (ਗੂੰਗੇ ਅਤੇ ਬੋਲੇ), ਪਿਤਾ ਦਾ ਨਾਮ - ਅਣਜਾਣ। ਮੌਜੂਦਾ ਉਮਰ - 41, ਕੱਦ - 5'1, ਪਛਾਣ ਚਿੰਨ੍ਹ - ਦੋਵੇਂ ਬਾਹਾਂ 'ਤੇ ਫੁੱਲਾਂ ਦਾ ਟੈਟੂ, ਸੰਸਥਾ ਵਿੱਚ ਔਰਤ ਦਾ ਦਾਖਲਾ ਮਿਤੀ - 03-03-2012, ਵਿਚ ਆਈ ਔ ਦਵਾਰਾ ਕਰਾਯਾ ਗਿਆ। ਪੁਲਿਸ ਸਟੇਸ਼ਨ- ਕੁਤੁਬ ਮੀਨਾਰ, ਡੀ.ਡੀ. ਨੰਬਰ .- 20ਏ, ਮਿਤੀ - 13-10-2010, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 4. | ਸੰਵਾਸੀ ਦਾ ਨਾਮ - ਨੀਤੂ (ਗੂੰਗਾ ਅਤੇ ਬੋਲਾ), ਪਿਤਾ ਦਾ ਨਾਮ - ਹਰੀਸ਼ਚੰਦ, ਮੌਜੂਦਾ ਉਮਰ - 36, ਕੱਦ - 4'9, ਪਛਾਣ ਚਿੰਨ੍ਹ - ਬਾਂਹ 'ਤੇ ਓਮ ਟੈਟੂ, ਸੰਸਥਾ ਵਿੱਚ ਔਰਤ ਦਾ ਦਾਖਲਾ ਦੁਆਰਾ ਮਿਤੀ - 03-02-2017,ਵਿਚ ਆਈ ਔ ਦਵਾਰਾ ਕਰਾਯਾ ਗਿਆ, ਥਾਣਾ - ਗੋਕੁਲਪੁਰੀ, ਡੀ.ਡੀ.ਨੰ. 84ਬੀ, ਮਿਤੀ - 22-12-2016, ਨੂੰ ਕੀਤਾ ਗਿਆ ਸੀ। ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 5. | ਸੰਵਾਸੀ ਦਾ ਨਾਮ - ਵੰਦਨਾ (ਗੂੰਗੇ ਅਤੇ ਬੋਲੇ), ਪਿਤਾ ਦਾ ਨਾਮ - ਰਾਮਚਰਨ, ਮੌਜੂਦਾ ਉਮਰ - 30, ਕੱਦ - 4'10, ਪਛਾਣ ਚਿੰਨ੍ਹ - ਬਾਂਹ 'ਤੇ ਓਮ ਟੈਟੂ, ਸੰਸਥਾ ਵਿੱਚ ਔਰਤ ਦਾ ਦਾਖਲਾ ਮਿਤੀ - 09-05-2011 ਵਿਚ ਆਈ ਔ ਦਵਾਰਾ ਕਰਾਯਾ ਗਿਆ, ਥਾਣਾ - ਕਮਲਾ ਮਾਰਕੀਟ, ਡੀ.ਡੀ. ਨੰਬਰ -13 ਏ, ਮਿਤੀ - 21-09-2010, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 6. | ਸੰਵਾਸੀ ਦਾ ਨਾਮ - ਦੇਹਾਤਨ (ਗੂੰਗੇ ਅਤੇ ਬੋਲੇ), ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 52, ਕੱਦ - 4'9, ਪਛਾਣ ਚਿੰਨ੍ਹ - ਪਿੱਠ 'ਤੇ ਤਿਲ, ਸੰਸਥਾ ਵਿੱਚ ਔਰਤ ਦਾ ਦਾਖਲਾ ਆਈਓ ਦੁਆਰਾ ਮਿਤੀ-19-10-2016, ਥਾਣਾ - ਗੋਕੁਲਪੁਰੀ, ਡੀ.ਡੀ.ਨੰ.-26ਏ, ਮਿਤੀ-19-10-2016, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 7. | ਸੰਵਾਸੀ ਦਾ ਨਾਮ - ਅੰਕਿਤਾ (ਗੂੰਗਾ ਅਤੇ ਬੋਲਾ), ਪਿਤਾ ਦਾ ਨਾਮ - ਅਣਜਾਣ। ਮੌਜੂਦਾ ਉਮਰ - 21, ਕੱਦ - 4'8, ਪਛਾਣ ਚਿੰਨ੍ਹ - ਉਪਰਲੇ ਬੁੱਲ੍ਹ 'ਤੇ ਤਿਲ, ਸੰਸਥਾ ਵਿੱਚ ਔਰਤ ਦਾ ਦਾਖਲਾ ਦੁਆਰਾ ਮਿਤੀ - 15-08-2019 ਵਿਚ ਆਈ ਔ ਦਵਾਰਾ ਕਰਾਯਾ ਗਿਆ, ਪੁਲਿਸ ਸ ਟੇਸ਼ਨ - ਓਖਲਾ, ਡੀ.ਡੀ. ਨੰ. 54ਏ, ਮਿਤੀ 15-08-2019, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 8. | ਸੰਵਾਸੀ ਦਾ ਨਾਮ - ਸ਼ਬਨਮ (ਗੂੰਗਾ ਅਤੇ ਬੋਲਾ), ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 30, ਕੱਦ - 4'9, ਸੰਸਥਾ ਵਿੱਚ ਔਰਤ ਦਾ ਦਾਖਲਾ ਦੁਆਰਾ ਮਿਤੀ07-07-2016, ਵਿਚ ਆਈ ਔ ਦਵਾਰਾ ਕਰਾਯਾ ਗਿਆ, ਪੁਲਿਸ ਸ ਟੇਸ਼ਨ - ਮੋਡਲ ਟਾਉਨ ਡੀ.ਡੀ. ਨੰਬਰ -44ਬੀ, ਮਿਤੀ - 07-07-2016, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 9. | ਸੰਵਾਸੀ ਦਾ ਨਾਮ - ਅਣਜਾਣ ਆਰਤੀ (ਬੋਲੀ ਅਤੇ ਗੂੰਗੀ), ਪਿਤਾ ਦਾ ਨਾਮ - ਅਣਜਾਣ,ਮੌਜੂਦਾ ਉਮਰ - 40, ਕੱਦ - 4'9, ਸੰਸਥਾ ਵਿੱਚ ਔਰਤ ਦਾ ਦਾਖਲਾ ਮਿਤੀ - 20-09-2015, ਵਿਚ ਆਈ ਔ ਦਵਾਰਾ ਕਰਾਯਾ ਗਿਆ,ਥਾਣਾ-ਜਾਫਰਪੁਰ, ਡੀ.ਡੀ. ਨੰ.-22ਏ, ਮਿਤੀ - 20-05-2015, ਵਿੱਚ ਕੀਤਾ ਗਿਆ ਸੀ, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 10. | ਸੰਵਾਸੀ ਦਾ ਨਾਮ - ਲਾਲੀ (ਗੂੰਗੇ ਅਤੇ ਬੋਲੇ), ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 41, ਕੱਦ - 4'8, ਪਛਾਣ ਚਿੰਨ੍ਹ - ਅੱਖਾਂ ਦੇ ਹੇਠਾਂ ਨਿਸਾਨ, ਸੰਸਥਾ ਵਿੱਚ ਔਰਤ ਦਾ ਦਾਖਲਾ ਆਈਓ ਦੁਆਰਾ ਮਿਤੀ - 09-02-2021, ਥਾਣਾ-ਨਰੇਲਾ, ਡੀ.ਡੀ. ਨੰਬਰ -54ਬੀ, ਨੂੰ ਕੀਤਾ ਗਿਆ ਸੀ। ਮਿਤੀ -05-08-2012, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 11. | ਸੰਵਾਸੀ ਦਾ ਨਾਮ - ਸੰਤੋਸ, ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 36, ਕੱਦ - 4'8, ਪਛਾਣ ਚਿੰਨ੍ਹ - ਗਰਦਨ 'ਤੇ ਤਿਲ, ਸੰਸਥਾ ਵਿੱਚ ਔਰਤ ਦਾ ਦਾਖਲਾ ਆਈਓ ਦੁਆਰਾ ਮਿਤੀ-13-12-2022 ਨੂੰ, ਥਾਣਾ-ਓਖਲਾ, ਡੀ.ਡੀ.ਐਨ.38, ਮਿਤੀ -13-12-2022, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 12. | ਸੰਵਾਸੀ ਦਾ ਨਾਮ - ਗੁਲਸ਼ਨ, ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 31, ਕੱਦ - 4'8, ਪਛਾਣ ਚਿੰਨ੍ਹ - ਬੋਲਣ ਵਿੱਚ ਅੜਿੱਕਾ, ਸੰਸਥਾ ਵਿੱਚ ਔਰਤ ਦਾ ਦਾਖਲਾ ਆਈਓ ਦੁਆਰਾ ਮਿਤੀ -13-07-2018, ਪੁਲਿਸ ਸਟੇਸ਼ਨ - ਓਖਲਾ, ਡੀ.ਡੀ. ਨੰਬਰ -4 ਏ, ਮਿਤੀ - 1307-2018, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |
| 13. | ਸੰਵਾਸੀ ਦਾ ਨਾਮ - ਪੂਜਾ, ਪਿਤਾ ਦਾ ਨਾਮ - ਅਣਜਾਣ, ਮੌਜੂਦਾ ਉਮਰ - 26, ਕੱਦ - 4'9, ਪਛਾਣ ਚਿੰਨ੍ਹ - ਹਥਿਆਰਾਂ 'ਤੇ ਟੈਟੂ, ਸੰਸਥਾ ਵਿੱਚ ਔਰਤ ਦਾ ਦਾਖਲਾ ਆਈਓ ਦੁਆਰਾ ਮਿਤੀ -13-12-2022 ਨੂੰ, ਥਾਣਾ ਇੰਦਰਪੁਰੀ, ਡੀ.ਡੀ.ਨੰ. 55ਏ, ਮਿਤੀ -13-12-2022, ਸੰਵਾਸੀ ਘਰ ਦਾ ਪਤਾ ਦੇਣ ਵਿੱਚ ਅਸਮਰੱਥ, |  |

ਨੋਟ: ਉਪਰੋਕਤ ਔਰਤਾਂ ਦੇ ਮਾਤਾ-ਪਿਤਾ/ਰਿਸਤੇਦਾਰ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰ ਸਕਦੇ ਹਨ
1. ਸੁਪਰਡੈਂਟ, ਸਾਰਟ ਸਟੇਅ ਹੋਮ, ਨਿਰਮਲ ਛਾਇਆ ਕੰਪਲੈਕਸ, ਜੇਲ੍ਹ ਰੋਡ, ਹਰੀ ਨਗਰ, ਨਵੀਂ ਦਿੱਲੀ-110064, ਟੈਲੀਫੋਨ ਨੰਬਰ- 011-28520114, 011-28520342

**ਹਸਤਾਖ਼ਰ/-**
**ਨਿਦੇਸ਼ਕ**
**ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਦਿੱਲੀ ਸਰਕਾਰ**

DIP/Shabdarth/Classified/0375/23-24

## ਇਤਿਹਾਸ

# ਦੋ ਅੰਗਰੇਜ਼ਾਂ ਦੀ ਬਦੌਲਤ ਭਾਰਤ ਪਹੁੰਚੀ ਰੇਲ



ਸਟੀਫਨਸੀਨ ਪਰਿਵਾਰ ਭਾਰਤ 'ਚ ਕਈ ਪੀੜ੍ਹੀਆਂ ਤੋਂ ਵਪਾਰ ਕਰ ਰਿਹਾ ਸੀ। ਨੌਜਵਾਨ ਰੋਲੈਂਡ ਮੈਕਡੋਨਾਲਡ ਸਟੀਫਨਸਨ ਨੇ ਹੈਰੋ (ਲੰਦਨ) 'ਚ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ, ਜਿਸ ਪਿੱਛੋਂ ਉਨ੍ਹਾਂ ਨੇ ਈਸਟ ਇੰਡੀਅਨ ਨੇਵੀਗੇਸ਼ਨ ਕੰਪਨੀ 'ਚ ਨੌਕਰੀ ਕਰ ਲਈ ਪਰ ਇਸ ਦੀ ਮੁਕਾਬਲੇਬਾਜ਼ ਪੈਨਿਨਸੁਲਰ ਐਂਡ ਓਰੀਐਂਟਲ ਕੰਪਨੀ ਦੇ ਕਬਜ਼ੇ ਤੋਂ ਬਾਅਦ ਸਟੀਫਨਸਨ ਨੇ ਆਪਣਾ ਧਿਆਨ ਭਾਰਤ 'ਚ ਰੇਲਵੇ ਦੇ ਵਿਕਾਸ 'ਤੇ ਲਗਾਉਣ ਦਾ ਫੈਸਲਾ ਕੀਤਾ। ਜਦੋਂ ਵਿਗਿਆਨ ਨੇ ਬੇਹੱਦ ਘੱਟ ਤਰੱਕੀ ਕੀਤੀ ਸੀ ਅਤੇ ਸਾਧਨ ਵੀ ਸੀਮਤ ਸਨ ਤਾਂ 1850 'ਚ ਹੀ ਸਟੀਫਨਸਨ (1808-1895) ਨੇ ਕਲਕੱਤਾ ਤੋਂ ਲੰਦਨ ਤੱਕ ਰੇਲ ਲਾਈਨ ਵਿਛਾਉਣ ਦਾ ਕਲਪਨਾ ਕਰ ਲਈ ਸੀ, ਜਿਸ ਨਾਲ ਸਿਰਫ 10 ਦਿਨਾਂ 'ਚ ਇਹ ਸਫਰ ਪੂਰਾ ਹੋ ਸਕਦਾ ਸੀ। ਉਨ੍ਹਾਂ ਨੇ 1941 'ਚ ਨਿਜੀ ਤੌਰ 'ਤੇ ਭਾਰਤ 'ਚ ਰੇਲਵੇ ਦੀ ਸ਼ੁਰੂਆਤ ਕਰਨ ਦੀ ਪੇਸ਼ਕਸ਼ ਈਸਟ ਇੰਡੀਆ ਕੰਪਨੀ ਦੇ ਸਾਹਮਣੇ ਰੱਖੀ, ਜਿਸ ਨੂੰ 'ਖਿਆਲਾਂ 'ਚ ਤੀਰ ਚਲਾਉਣ' ਦੀ ਗੱਲ ਕਹਿ ਕੇ ਨਕਾਰ ਦਿੱਤਾ ਗਿਆ ਪਰ ਸਟੀਫਨਸਨ ਨੇ ਹਾਰ ਨਹੀਂ ਮੰਨੀ ਅਤੇ ਇਸ ਦੇ ਲਈ ਯਤਨ ਜਾਰੀ ਰੱਖੇ ਅਤੇ ਸਫਲ ਪ੍ਰਚਾਰ ਦੀ ਵਧੀਆ ਮਿਸਾਲ ਪੇਸ਼ ਕੀਤੀ।

ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ 'ਚ ਲੋਕਾਂ ਨੂੰ ਰੇਲਵੇ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ, ਇਸ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਲੋਕਾਂ 'ਚ ਇਸ ਪ੍ਰਤੀ ਜਾਗਰੂਕਤਾ ਪੈਦਾ ਕੀਤੀ। ਸਮੇਂ-ਸਮੇਂ 'ਤੇ ਉਹ ਭਾਰਤੀ ਅਤੇ ਅੰਗਰੇਜ਼ੀ ਅਖ਼ਬਾਰਾਂ 'ਚ ਯੂਰਪ 'ਚ ਰੇਲਵੇ ਦੀ ਸਫਲਤਾ 'ਤੇ ਰਿਪੋਰਟਾਂ ਪ੍ਰਕਾਸ਼ਿਤ ਕਰਵਾਉਣ ਲੱਗੇ, ਜਿਸ 'ਚ ਉਨ੍ਹਾਂ 'ਤੇ ਆਏ ਖਰਚ ਅਤੇ ਉਨ੍ਹਾਂ ਤੋਂ ਹੋ ਰਹੇ ਮੁਨਾਫੇ ਤੋਂ ਇਲਾਵਾ ਸਮਾਜ 'ਤੇ ਪੈ ਰਹੇ ਉਨ੍ਹਾਂ ਦੇ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਜਾਂਦਾ ਸੀ। ਭਾਰਤ 'ਚ ਰੇਲਵੇ ਦੀ ਸ਼ੁਰੂਆਤ ਕਰਨ ਤੋਂ ਬਾਅਦ ਸਟੀਫਨਸਨ ਚੀਨ ਚਲੇ ਗਏ ਸਨ। ਉਥੇ ਵੀ ਉਨ੍ਹਾਂ ਨੇ ਇਕ ਨਿਜੀ ਕੰਪਨੀ ਨਾਲ ਮਿਲ ਕੇ 1964 'ਚ ਬੀਜਿੰਗ 'ਚ ਇਕ ਰੇਲ ਲਾਈਨ ਦਾ ਨਿਰਮਾਣ ਸ਼ੁਰੂ ਕੀਤਾ ਪਰ ਉਸ ਨੂੰ ਸਥਾਨਕ ਲੋਕਾਂ ਨੇ ਤਹਿਸ-ਨਹਿਸ ਕਰ ਦਿੱਤਾ। ਸਟੀਫਨਸਨ ਜਾਣਦੇ ਸਨ ਕਿ ਚੀਨੀ ਲੋਕ ਰੇਲਵੇ ਤੋਂ ਅਣਜਾਣ ਹਨ ਅਤੇ ਇਸ ਦੇ ਲਾਭਾਂ ਬਾਰੇ ਜਾਣ ਕੇ ਉਹ ਇਸ ਦੇ ਨਿਰਮਾਣ 'ਚ ਮਦਦ ਕਰਨਗੇ। ਆਖਿਰ 1890 ਦੇ ਦਹਾਕੇ 'ਚ ਚੀਨੀ ਸਰਕਾਰ ਨੇ ਰੇਲ ਲਾਈਨਾਂ ਦੇ ਨਿਰਮਾਣ 'ਚ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ।

ਜਾਨ ਚੈਪਮੈਨ

ਸਟੀਫਨਸਨ ਦੇ ਸਮਕਾਲੀ ਜਾਨੂੰ ਚੈਪਮੈਨ ਨੇ ਵੀ ਭਾਰਤ 'ਚ ਰੇਲਵੇ ਦੀ ਸ਼ੁਰੂਆਤ 'ਚ ਅਹਿਮ ਭੂਮਿਕਾ ਨਿਭਾਈ। ਉਹ ਜੀ. ਆਈ. ਪੀ. ਆਰ. ਦੇ ਪ੍ਰਮੋਟਰਾਂ 'ਚੋਂ ਇਕ ਸਨ, ਜਿਸ ਨੇ ਪੱਛਮੀ ਭਾਰਤ 'ਚ ਰੇਲਵੇ ਦਾ ਨਿਰਮਾਣ ਕੀਤਾ ਅਤੇ ਉਥੇ ਭਾਰਤ ਦੀ ਪਹਿਲੀ ਰੇਲ ਗੱਡੀ ਮੁੰਬਈ ਤੋਂ ਠਾਣੇ ਵਿਚਾਲੇ ਚੱਲੀ ਸੀ।

ਮਤਭੇਦ ਹੋਣ ਕਾਰਨ ਉਨ੍ਹਾਂ ਨੂੰ ਜੀ. ਆਈ. ਪੀ. ਆਰ. 'ਚੋਂ ਹਟਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਯੋਗਦਾਨ ਲਈ ਬੇਹੱਦ ਘੱਟ ਮਿਹਨਤਾਨਾ ਦਿੱਤਾ ਗਿਆ। 1854 'ਚ 53 ਸਾਲ ਦੀ ਉਮਰ 'ਚ ਹੈਜ਼ੇ ਨਾਲ ਉਨ੍ਹਾਂ ਦੀ ਮੌਤ ਹੋ ਗਈ।

ਉਹ ਸਮੇਂ ਤੋਂ ਅੱਗੇ ਚੱਲਣ ਵਾਲੇ ਲੋਕਾਂ 'ਚੋਂ ਸਨ। ਉਨ੍ਹਾਂ ਨੇ ਸੜਕ 'ਤੇ ਚੱਲਣ ਵਾਲੇ ਕੁਝ ਵਾਹਨਾਂ ਦੀ ਖੋਜ 'ਚ ਅਹਿਮ ਭੂਮਿਕਾ ਨਿਭਾਈ ਸੀ। ਜਿਥੇ ਉਹ ਭਾਰਤ 'ਚ ਰੇਲਵੇ ਤੋਂ ਅੰਗਰੇਜ਼ਾਂ ਨੂੰ ਹੋਣ ਵਾਲੇ ਲਾਭ 'ਤੇ ਬੋਲਦੇ ਸਨ, ਉਥੇ ਹੀ ਉਹ ਕਰੋੜਾਂ ਭਾਰਤੀਆਂ 'ਤੇ ਅੰਗਰੇਜ਼ਾਂ ਦੇ ਰਾਜ਼ ਕਰਨ ਦੇ ਅਧਿਕਾਰ ਦੇ ਖਿਲਾਫ ਵੀ ਆਵਾਜ਼ ਚੁੱਕਦੇ ਸਨ।

ਭਾਰਤ 'ਚ ਰੇਲਵੇ ਦੀ ਸ਼ੁਰੂਆਤ ਅੰਗਰੇਜ਼ਾਂ ਨੇ ਵਪਾਰਕ ਮਕਸਦ ਨਾਲ ਸ਼ੁਰੂ ਕੀਤੀ ਸੀ ਪਰ ਇਸ ਨੇ ਦੇਸ਼ ਵਾਸੀਆਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਅਤੇ ਇਕ ਸੂਤਰ 'ਚ ਪਿਰੋਣ ਦਾ ਕੰਮ ਕੀਤਾ।

ਹੁਣੇ ਜਿਹੇ 160 ਸਾਲ ਪੂਰੇ ਕਰਨ ਵਾਲੀ ਭਾਰਤੀ ਰੇਲਵੇ ਦੀ ਸਥਾਪਨਾ 'ਚ ਇਕ ਅੰਗਰੇਜ਼ ਸਰ ਰੋਲੈਂਡ ਮੈਕਡੋਨਾਲਡ ਸਟੀਫਨਸਨ ਦਾ ਅਹਿਮ ਯੋਗਦਾਨ ਰਿਹਾ। ਉਹ ਈਸਟ ਇੰਡੀਅਨ ਰੇਲਵੇ (ਈ. ਆਈ. ਆਰ.) ਕੰਪਨੀ ਦੇ ਪ੍ਰਮੋਟਰ ਸਨ, ਜਿਨ੍ਹਾਂ ਨੇ 1944 'ਚ ਰੇਲ ਲਾਈਨ ਤਿਆਰ ਕਰਨ ਲਈ ਆਪਣੀ ਪਹਿਲੀ ਪੇਸ਼ਕਸ਼ ਉਦੋਂ ਦੀ ਅੰਗਰੇਜ਼ ਸਰਕਾਰ ਦੇ ਸਾਹਮਣੇ ਰੱਖੀ ਸੀ। ਉਨ੍ਹਾਂ ਨੇ ਭਾਰਤੀ ਉਪ ਮਹਾਦੀਪ 'ਚ ਛੇ ਮੁੱਖ ਰੇਲ ਰੂਟ ਤੈਅ ਕੀਤੇ ਸਨ। 1844 ਤੋਂ 1849 ਤੱਕ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਇਸ ਦੇ ਲਈ ਸਰਕਾਰ ਰਾਜ਼ੀ ਹੋਈ ਅਤੇ ਰੇਲਵੇ ਕੰਪਨੀਆਂ ਨੂੰ ਫਾਇਨਾਂਸ਼ੀਅਲ ਗਾਰੰਟੀ ਅਤੇ ਸਰਕਾਰ ਦਾ ਸਹਿਯੋਗ ਮਿਲ ਸਕਿਆ।

1849 'ਚ ਈ. ਆਈ. ਆਰ. ਦੇ ਨਾਲ ਹੀ ਗ੍ਰੇਟ ਇੰਡੀਅਨ ਪੈਨਿਨਸੁਲਰ ਰੇਲਵੇ (ਜੀ. ਆਈ. ਪੀ. ਆਰ.) ਕੰਪਨੀ ਦੀ ਸਥਾਪਨਾ ਕੀਤੀ ਗਈ। ਈ. ਆਰ. ਆਈ. ਨੂੰ ਜਿਥੇ ਕਲਕੱਤਾ, ਉਥੇ ਹੀ ਜੀ. ਆਈ. ਪੀ. ਆਰ. ਨੂੰ ਬੰਬਈ ਤੋਂ ਸ਼ੁਰੂ ਹੋਣ ਵਾਲੀਆਂ ਰੇਲ ਲਾਈਨਾਂ ਨੂੰ ਵਿਛਾਉਣ ਦਾ ਕੰਮ ਸੌਂਪਿਆ ਗਿਆ।

ਪੱਛਮੀ ਭਾਰਤ 'ਚ ਚੱਲੀ ਦੇਸ਼ ਦੀ ਪਹਿਲੀ ਰੇਲ ਗੱਡੀ

1850 'ਚ ਜੇਮਸ ਬਰਕਲੇ ਨੂੰ ਜੀ. ਆਈ. ਪੀ. ਆਰ. ਦਾ ਚੀਫ ਇੰਜੀਨੀਅਰ ਨਿਯੁਕਤ ਕੀਤਾ ਗਿਆ ਅਤੇ ਥਲ ਅਤੇ ਭੋਰ ਘਾਟਾਂ 'ਚੋਂ ਰੇਲ ਲਾਈਨਾਂ ਵਿਛਾਉਣ ਲਈ ਸਰਵੇਖਣ ਸ਼ੁਰੂ ਕਰ ਦਿੱਤਾ ਗਿਆ। ਬੰਬਈ ਅਤੇ ਸਾਲਸੇਤੇ ਟਾਪੂਆਂ ਨੂੰ ਵੱਖ ਕਰਨ ਵਾਲੇ ਉਥਲੇ ਪਾਣੀ ਨਾਲ ਭਰੇ ਇਲਾਕਿਆਂ 'ਚੋਂ ਹੁੰਦੀ ਹੋਈ ਇਹ ਰੇਲ ਲਾਈਨ ਕਲਿਆਣ ਪਹੁੰਚੀ। ਇਥੋਂ ਰੇਲ ਲਾਈਨ ਦੇ ਹਿੱਸੇ ਹੋ ਗਏ, ਜਿਨ੍ਹਾਂ 'ਚੋਂ ਇਕ ਉੱਤਰ-ਪੂਰਬ ਵੱਲ ਥਲ ਘਾਟ 'ਚੋਂ ਲੰਘੀ, ਜਦਕਿ ਦੂਜੀ ਦੱਖਣ-ਪੂਰਬੀ ਅਤੇ ਭੋਰ ਘਾਟ ਤੋਂ ਹੁੰਦੀ ਹੋਈ ਪੁਣੇ, ਸ਼ੋਲਾਪੁਰ ਅਤੇ ਰਾਇਚੁਰ ਵੱਲ ਗਈ, ਜਿਥੋਂ ਇਹ ਮਦਰਾਸ ਰੇਲਵੇ ਨਾਲ ਮਿਲ ਗਈ।

16 ਅਪ੍ਰੈਲ 1853 ਦੇ ਦਿਨ ਗ੍ਰੇਟ ਇੰਡੀਅਨ ਪੈਨਿਨਸੁਲਾ ਰੇਲਵੇ ਨੇ ਬੰਬਈ ਤੋਂ ਥਾਨੇ ਤੱਕ ਭਾਰਤ ਦੀ ਪਹਿਲੀ ਰੇਲ ਗੱਡੀ ਚਲਾਈ। ਇਸ ਦੀਆਂ 14 ਬੋਗੀਆਂ 'ਚ 400 ਮਹਿਮਾਨ ਯਾਤਰੀਆਂ ਨੇ ਬੰਬਈ ਦੇ ਬੋਰੀਬੰਦਰ ਤੋਂ ਥਾਨੇ ਦਾ ਸਫਰ ਸਵਾ ਘੰਟੇ 'ਚ ਪੂਰਾ ਕੀਤਾ। 21 ਤੋਪਾਂ ਦੀ ਸਲਾਮੀ ਵਿਚਾਲੇ ਇਸ ਰੇਲ ਗੱਡੀ ਨੂੰ ਤਿੰਨ ਭਾਫ ਦੇ ਇੰਜਣ- ਸਿੰਧ, ਸੁਲਤਾਨ ਅਤੇ ਸਾਹਿਬ ਖਿੱਚ ਰਹੇ ਸਨ।

ਪੂਰਬੀ ਭਾਰਤ ਦੀ ਪਹਿਲੀ ਰੇਲ ਗੱਡੀ

ਇਸ ਤੋਂ ਅਗਲੇ ਹੀ ਸਾਲ 1954 'ਚ ਸਟੀਫਨਸਨ ਦੇ ਤਹਿਤ ਕੰਮ ਕਰ ਰਹੀ ਈਸਟ ਇੰਡੀਅਨ ਰੇਲਵੇ ਕੰਪਨੀ ਨੇ ਪੂਰਬੀ ਭਾਰਤ ਦੀ ਪਹਿਲੀ ਰੇਲ ਗੱਡੀ ਹਾਵੜਾ ਤੋਂ ਹੁਗਲੀ ਵਿਚਾਲੇ ਚਲਾ ਦਿੱਤੀ। 24 ਮੀਲ ਲੰਬੀ ਇਸ ਰੇਲ ਲਾਈਨ ਨੂੰ ਛੇਤੀ ਹੀ 1 ਸਤੰਬਰ ਨੂੰ ਪੁਨਦੁਆਹ ਤੱਕ ਚਾਲੂ ਕਰ ਦਿੱਤਾ ਗਿਆ। ਕੁਝ ਸਾਲਾਂ 'ਚ ਈ. ਆਈ. ਆਰ. ਨੇ ਹਾਵੜਾ ਅਤੇ ਦਿੱਲੀ ਨੂੰ ਰੇਲ ਲਾਈਨ ਨਾਲ ਜੋੜ ਦਿੱਤਾ।

ਦੱਖਣੀ ਭਾਰਤ ਦੀ ਪਹਿਲੀ ਰੇਲ ਗੱਡੀ

ਮਦਰਾਸ ਰੇਲਵੇ ਕੰਪਨੀ ਨੇ 1 ਜੁਲਾਈ 1956 ਨੂੰ ਰੋਇਆਪੁਰਮ (ਮਦਰਾਸ) ਤੋਂ ਵਾਲਾਜਾਹ ਰੋਡ (ਆਰਕੋਟ) ਤੱਕ ਲੱਗਭਗ 100 ਕਿਲੋਮੀਟਰ ਦੀ ਰੇਲ ਲਾਈਨ 'ਤੇ ਰੇਲ ਸੇਵਾ ਦੀ ਸ਼ੁਰੂਆਤ ਕਰ ਦਿੱਤੀ ਸੀ।

ਭਾਰਤ ਦੀ ਪਹਿਲੀ ਰੇਲ ਲਾਈਨ

ਉਂਝ ਭਾਰਤੀ ਉਪ ਮਹਾਦੀਪ 'ਚ ਪਹਿਲੀ ਰੇਲ ਲਾਈਨ ਦਾ ਮਾਣ ਮਦਰਾਸ ਪ੍ਰੈਜ਼ੀਡੈਂਸੀ 'ਚ ਚਿੰਤਾਦ੍ਰਿਪੇਟ ਬਰਿੱਜ 'ਤੇ 1836 'ਚ ਬਣੀ ਛੋਟੀ ਜਿਹੀ ਰੇਲ ਲਾਈਨ ਨੂੰ ਹਾਸਲ ਹੈ। ਇਸ ਰੇਲ ਲਾਈਨ ਨੂੰ ਮਨੁੱਖੀ ਮਿਹਨਤ ਦੀ ਮਦਦ ਨਾਲ ਸਾਮਾਨ ਲਿਜਾਣ ਲਈ ਤਜਰਬੇ ਦੇ ਤੌਰ 'ਤੇ ਬਣਾਇਆ ਗਿਆ ਸੀ।

# ਕਾਲਬੇਲੀਆ-ਰਾਜਸਥਾਨ ਦਾ ਇਕ ਪ੍ਰਸਿੱਧ ਨ੍ਰਿਤ

ਕਾਲਬੇਲੀਆ ਨ੍ਰਿਤ ਅਤੇ ਸੰਗੀਤ ਪੂਰੀ ਦੁਨੀਆ 'ਚ ਰਾਜਸਥਾਨ ਦੀ ਲੋਕ ਕਲਾ ਨੂੰ ਪਛਾਣ ਅਤੇ ਪ੍ਰਸਿੱਧੀ ਦਿਵਾਉਂਦਾ ਹੈ। ਕਾਲਬੇਲੀਆ ਰਾਜਸਥਾਨ ਦੀ ਇਕ ਪ੍ਰਸਿੱਧ ਨ੍ਰਿਤ ਸ਼ੈਲੀ ਹੈ। ਇਹ ਸਪੇਰਾ ਜਾਤੀ ਦਾ ਨ੍ਰਿਤ ਹੈ। ਇਸ 'ਚ ਕਮਾਲ ਦੀ ਲਚਕ ਅਤੇ ਰਫ਼ਤਾਰ ਹੈ, ਜੋ ਦਰਸ਼ਕਾਂ ਨੂੰ ਸੰਮੋਹਿਤ ਕਰ ਦਿੰਦਾ ਹੈ। ਇਹ ਨ੍ਰਿਤ ਦੋ ਔਰਤਾਂ ਵਲੋਂ ਕੀਤਾ ਜਾਂਦਾ ਹੈ। ਉਹ ਬਹੁਤ ਘੇਰੇਦਾਰ ਘੱਗਰੇ ਪਹਿਨਦੀਆਂ ਹਨ, ਜਿਸ 'ਤੇ ਕਸੀਦਾਕਾਰੀ ਕੀਤੀ ਹੁੰਦੀ ਹੈ, ਕੱਚ ਲੱਗੇ ਹੁੰਦੇ ਹਨ ਅਤੇ ਇਸੇ ਤਰ੍ਹਾਂ ਦਾ ਦੁਪੱਟਾ ਅਤੇ ਕਾਂਚਲੀ-ਕੁੜਤੀ ਹੁੰਦੀ ਹੈ। ਰਾਜਸਥਾਨ ਲੋਕ ਗੀਤਾਂ 'ਤੇ ਇਹ ਫਿਰਕੀ ਵਾਂਗ ਨੱਚਦੀਆਂ ਹਨ ਤਾਂ ਦੇਖਣ ਵਾਲੇ ਦੇ ਮੂੰਹੋਂ ਵਾਹ ਨਿਕਲੇ ਬਿਨਾਂ ਨਹੀਂ ਰਹਿੰਦੀ। ਇਸ ਨ੍ਰਿਤ ਦੀ ਮਸ਼ਹੂਰ ਕਲਾਕਾਰ ਗੁਲਾਬੋ ਕਈ ਵਾਰ ਵਿਦੇਸ਼ਾਂ 'ਚ ਇਸ ਨ੍ਰਿਤ ਨੂੰ ਪੇਸ਼ ਕਰਕੇ ਵਾਹ-ਵਾਹੀ ਖੱਟ ਚੁੱਕੀ ਹੈ। ਸੰਗੀਤ ਲਈ ਬੀਨ ਅਤੇ ਡਫ ਵਜਾਇਆ ਜਾਂਦਾ ਹੈ ਅਤੇ ਲੋਕ ਕਲਾਕਾਰ ਆਪਣੀ ਸੁਰੀਲੀ ਆਵਾਜ਼ 'ਚ ਲੋਕ ਗੀਤਾਂ ਦਾ ਜਾਦੂ ਬਿਖੇਰਦੇ ਹਨ। ਕਾਲਬੇਲੀਆ ਰਾਜਸਥਾਨ ਦਾ ਭਾਈਚਾਰਾ ਹੈ। ਰਾਜਸਥਾਨ 'ਚ ਇਹ ਮੁੱਖ ਰੂਪ 'ਚ ਪਾਲੀ, ਭੀਲਵਾੜਾ, ਜੋਧਪੁਰ, ਬਾੜਮੇਰ, ਰਾਜਸਮੰਦ, ਅਜਮੇਰ, ਪ੍ਰਤਾਪਗੜ੍ਹ ਆਦਿ ਜ਼ਿਲਿਆਂ 'ਚ ਰਹਿੰਦੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਦਾ ਕੋਈ ਪੱਕਾ ਟਿਕਾਣਾ ਨਹੀਂ ਹੈ। ਤੁਰਦੇ-ਫਿਰਦੇ, ਦਰ-ਦਰ ਦੀਆਂ ਠੋਕਰਾਂ ਖਾਂਦੇ ਅਤੇ ਖਾਕ ਛਾਣਦੇ ਇਹ ਵਣਜਾਰੇ ਅਜੇ ਇਸੇ ਤਰ੍ਹਾਂ ਜਿਉਂਦੇ ਰਹਿਣ ਲਈ ਮਜਬੂਰ ਹਨ। ਇਹ ਭਾਈਚਾਰਾ ਆਰਥਿਕ ਪਿਛੜੇਪਨ ਤੋਂ ਪੀੜਤ ਹੈ। ਇਸ ਨਾਲ ਉਨ੍ਹਾਂ ਦੀ ਵਿਲੱਖਣ ਨ੍ਰਿਤ ਕਲਾ ਪ੍ਰਭਾਵਿਤ ਹੋ ਰਹੀ ਹੈ।



ਯੂਨੈਸਕੋ ਦੀ ਵਿਰਾਸਤ ਸੂਚੀ 'ਚ

ਯੂਨੈਸਕੋ ਭਾਰਤ ਦੇ ਕਾਲਬੇਲੀਆ ਲੋਕ ਨਾਚ ਸਮੇਤ ਰਵਾਇਤੀ ਛਾਊ ਨ੍ਰਿਤ ਅਤੇ ਕੇਰਲ ਦੇ ਮੁਡੀਯੇਟੂ ਨ੍ਰਿਤ ਨਾਟ ਨੂੰ ਸੱਭਿਆਚਾਰਕ ਵਿਰਾਸਤ ਦੀ ਪ੍ਰਤੀਨਿਧੀ ਸੂਚੀ 'ਚ ਸ਼ਾਮਲ ਕਰ ਚੁੱਕਾ ਹੈ।

ਇਹ ਸੂਚੀ ਉਨ੍ਹਾਂ ਅਭਿਨੈ ਕਲਾਵਾਂ ਦੇ ਵਿਆਪਕ ਮਹੱਤਵ ਨੂੰ ਦਰਸਾਉਂਦੀ ਹੈ, ਜਿਨ੍ਹਾਂ ਵੱਲ ਧਿਆਨ ਦੇਣ ਦੀ ਖਾਸ ਲੋੜ ਹੈ। ਯੂਨੈਸਕੋ ਨੂੰ ਆਸ ਹੈ ਕਿ ਇਹ ਕਦਮ ਅਜਿਹੀਆਂ ਵਿਰਾਸਤਾਂ ਪ੍ਰਤੀ ਬਿਹਤਰ ਨਜ਼ਰੀਆ ਅਪਣਾਉਣ, ਉਨ੍ਹਾਂ ਦੇ ਮਹੱਤਵ ਬਾਰੇ ਜਾਗਰੂਕਤਾ ਵਧਾਉਣ ਅਤੇ ਉਨ੍ਹਾਂ ਨੂੰ ਸੁਰੱਖਿਅਤ ਕਰਨ ਲਈ ਅੰਤਰਰਾਸ਼ਟਰੀ ਮਦਦ ਮੁਹੱਈਆ ਕਰਵਾਉਣ 'ਚ ਸਹਾਇਕ ਹੋਵੇਗਾ।

## ਵਿਰਾਸਤ

# ਸੰਗੀਤਕ ਫ਼ਿਜ਼ਾ ਲਈ ਰਾਹ ਦਿਖਾਏਗਾ ਨਕੋਦਰ

**ਸੰਗੀਤਕਾਰਾਂ ਤੇ ਸੰਗੀਤ ਪ੍ਰੇਮੀਆਂ ਲਈ ਨਕੋਦਰ ਦੀ ਯਾਤਰਾ ਜ਼ਿਆਰਤ ਤੋਂ ਘੱਟ ਨਹੀਂ ਹੈ। ਰਾਜ ਗਾਇਕ, ਪਦਮਸ਼੍ਰੀ, ਹੰਸਰਾਜ ਹੰਸ ਨਕੋਦਰ ਦੀ ਸੰਗੀਤਕ ਫ਼ਿਜ਼ਾਂ ਦੇ ਕਾਇਲ ਹਨ। ਉਨ੍ਹਾਂ ਦੀ ਦਿੱਖ, ਸੁਭਾਅ ਅਤੇ ਗਾਇਕੀ ਦੀ ਸੂਫ਼ੀ ਛੋਹ ਨਕੋਦਰ ਦੀ ਦੇਣ ਹੈ। ਇਸ ਕਰਕੇ ਉਹ ਨਕੋਦਰ ਦੇ ਇਕ ਬੇਪ੍ਰਵਾਹ ਫ਼ੱਕਰ ਲਾਲ ਬਾਦਸ਼ਾਹ ਦੀ ਜਗ੍ਹਾ ਦੇ ਗੱਦੀਨਸ਼ੀਨ ਹਨ।**

ਪ੍ਰੋ. ਅਵਤਾਰ ਸਿੰਘ

ਦੁਆਬੇ ਦੇ ਪ੍ਰਾਚੀਨ ਕਲਾਤਮਿਕ ਮਹੱਤਤਾ ਵਾਲੇ ਸ਼ਹਿਰ, ਨਕੋਦਰ ਵਿਖੇ ਇਤਿਹਾਸਕ ਅਤੇ ਆਸਥਾ ਸਥਾਨਾਂ ਦੀ ਯਾਤਰਾ ਕਰਦਿਆਂ ਮਨ ਵਿਚ ਸੱਚਮੁਚ ਇਕ ਨਵੀਂ ਉਮੀਦ ਜਾਗਦੀ ਹੈ। ਪਿਛਲੇ ਦਿਨੀਂ ਸਿੱਖ ਆਰਟੀਕੁਲੇਟਰਜ਼ ਫ਼ੋਰਮ (ਸੈਫ਼) ਦੇ ਵਫ਼ਦ ਵਜੋਂ ਪ੍ਰੋ. ਅਵਤਾਰ ਸਿੰਘ, ਹਰਪ੍ਰੀਤ ਸਿੰਘ, ਪਰਮਿੰਦਰ ਸਿੰਘ ਅਤੇ ਪੰਜਾਬੀ ਐਮ.ਏ. ਦੇ ਵਿਦਿਆਰਥੀਆਂ ਨੇ ਇਸ ਸ਼ਹਿਰ ਦੀ ਯਾਤਰਾ ਦੌਰਾਨ ਮਹਿਸੂਸ ਕੀਤਾ ਕਿ ਇਹ ਸ਼ਹਿਰ ਬੜੀਆਂ ਹੀ ਹੈਰਾਨੀਜਨਕ ਅਤੇ ਸ਼ੁੱਭ ਸੰਕੇਤਕ ਕਨਸੋਆਂ ਨਾਲ ਲਬਰੇਜ਼ ਹੈ।

ਸ਼ੇਰਸ਼ਾਹ ਸੂਰੀ ਮਾਰਗ ਫਿਲੌਰ ਤੋਂ, ਨੂਰਮਹਿਲ, ਨਕੋਦਰ ਤੇ ਸੁਲਤਾਨਪੁਰ ਲੋਧੀ ਤੋਂ ਅੱਗੇ ਲਾਹੌਰ ਵੱਲ ਵਧਦਾ ਸੀ। ਇਸੇ ਕਾਰਨ ਇਸ ਸ਼ਹਿਰ ਦੀ ਇਤਿਹਾਸਕ ਮਹੱਤਤਾ ਕਾਬਲਿਗ਼ੌਰ ਹੈ। ਹਿੰਦੁਸਤਾਨ ਦੇ ਸ਼ਹਿਨਸ਼ਾਹ ਅਕਬਰ ਦੇ ਨੌਂ ਰਤਨਾਂ ਵਿੱਚੋਂ ਤੰਬੂਰਾ ਵਾਦਕ ਉਸਤਾਦ ਹਾਜੀ ਜਮਾਲ ਅਤੇ ਉਸ ਦੇ ਸ਼ਾਗਿਰਦ ਮੁਹੰਮਦ ਮੋਮਿਨ ਦੇ ਮਕਬਰੇ ਅੱਜ ਵੀ ਨਕੋਦਰ ਦੀ ਰਾਗ, ਸਾਜ਼, ਸੋਜ਼ ਅਤੇ ਸਾਧਨਾ ਦੀ ਜਾਮਿਨੀ ਭਰਦੇ ਹਨ। ਇਨ੍ਹਾਂ ਕੋਲ ਸ਼ਹਿਨਸ਼ਾਹ ਅਕਬਰ ਦੇ ਸ਼ਰੋਮਣੀ ਸੰਗੀਤਕਾਰ ਤਾਨ ਸੈਨ ਜੀ ਅਕਸਰ ਆਉਂਦੇ ਸਨ। ਇਨ੍ਹਾਂ ਮਕਬਰਿਆਂ ਦੀ ਚੁੱਪ ਬੋਲਦੀ ਹੈ ਕਿ ਇਨ੍ਹਾਂ ਦੀ ਪ੍ਰੇਰਨਾ ਵਿਚ ਇੱਥੇ ਰਾਗ ਵਿਦਿਆ ਨਾਲ ਸਬੰਧਤ ਵਿਦਿਆਲੇ ਖੋਲ੍ਹੇ ਜਾ ਸਕਦੇ ਹਨ ਅਤੇ ਪੰਜਾਬੀ ਸਭਿਆਚਾਰ ਨੂੰ ਸ਼ਾਸਤਰੀ ਸੰਗੀਤ ਦੀ ਚਾਸਣੀ ਵਿਚ ਰਸਾਇਆ ਜਾ ਸਕਦਾ ਹੈ।

ਸ਼ਾਇਦ ਇਹੀ ਕਾਰਨ ਹੈ ਕਿ ਸੰਗੀਤਕਾਰਾਂ ਤੇ ਸੰਗੀਤ ਪ੍ਰੇਮੀਆਂ ਲਈ ਨਕੋਦਰ ਦੀ ਯਾਤਰਾ ਜ਼ਿਆਰਤ ਤੋਂ ਘੱਟ ਨਹੀਂ ਹੈ। ਰਾਜ ਗਾਇਕ, ਪਦਮਸ਼੍ਰੀ, ਹੰਸਰਾਜ ਹੰਸ ਨਕੋਦਰ ਦੀ ਸੰਗੀਤਕ ਫ਼ਿਜ਼ਾਂ ਦੇ ਕਾਇਲ ਹਨ। ਉਨ੍ਹਾਂ ਦੀ ਦਿੱਖ, ਸੁਭਾਅ ਅਤੇ ਗਾਇਕੀ ਦੀ ਸੂਫ਼ੀ ਛੋਹ ਨਕੋਦਰ ਦੀ ਦੇਣ ਹੈ। ਇਸ ਕਰਕੇ ਉਹ ਨਕੋਦਰ ਦੇ ਇਕ ਬੇਪ੍ਰਵਾਹ ਫ਼ੱਕਰ ਲਾਲ ਬਾਦਸ਼ਾਹ ਦੀ ਜਗ੍ਹਾ ਦੇ ਗੱਦੀਨਸ਼ੀਨ ਹਨ।

ਇਸ ਸਥਾਨ ਵਿਖੇ ਨਤਮਸਤਕ ਹੋਣ ਆਈ ਸੰਗਤ ਨਾਲ ਗੱਲਬਾਤ ਕਰਦਿਆਂ ਪਤਾ ਲੱਗਾ ਕਿ ਇਹ ਸਥਾਨ ਕਿਸੇ ਵੇਲੇ ਆਵਾਰਾ ਕਿਸਮ ਦੇ ਲੜਕਿਆਂ ਲਈ ਲੜਾਈ ਝਗੜੇ ਅਤੇ ਨਸ਼ਿਆਂ ਦਾ ਅੱਡਾ ਬਣਦਾ ਜਾ ਰਿਹਾ ਸੀ ਅਤੇ ਇੱਥੇ ਮਾਸ, ਮਦਿਰਾ ਦੀ ਵਰਤੋਂ ਵੀ, ਝੜਾਵੇ ਦੇ ਰੂਪ ਵਿਚ ਪ੍ਰਚੱਲਤ ਸੀ। ਇਸ ਪ੍ਰਦੂਸ਼ਤ ਕਿਸਮ ਦੇ ਵਾਤਾਵਰਣ ਤੋਂ ਗੰਭੀਰ ਸ਼ਹਿਰਵਾਸੀ ਚਿੰਤਾਤੁਰ ਹੋ ਰਹੇ ਸਨ।

ਲੇਕਿਨ ਹੁਣ ਹੰਸਰਾਜ ਜੀ ਦੀ ਰਹਿਨੁਮਾਈ ਵਿਚ ਇਸ ਸਥਾਨ ਵਿਖੇ ਕਈ ਨਵੇਂ ਪ੍ਰੋਗਰਾਮ ਉਲੀਕੇ ਗਏ ਹਨ। ਸਾਲਾਨਾ ਮੇਲਾ ਤਿੰਨ ਦੀ ਥਾਂ ਚਾਰ ਦਿਨ ਦਾ ਹੋ ਗਿਆ ਹੈ। ਇਕ ਦਿਨ ਵਿਸ਼ੇਸ਼ ਤੌਰ ਉੱਤੇ ਸੂਫ਼ੀ ਮੱਤ ਦੇ ਪ੍ਰਚਾਰ ਲਈ ਵਿਸ਼ਾਲ ਗੋਸ਼ਟੀ ਲਈ ਰਾਖਵਾਂ ਕਰ ਲਿਆ ਗਿਆ ਹੈ, ਜਿਸ ਵਿਚ ਅੰਤਰਰਾਜੀ ਵਿਦਵਾਨ, ਕਵੀ, ਸੂਫ਼ੀ, ਦਰਵੇਸ਼, ਫ਼ਕੀਰ, ਸੰਤ ਭਰਵੀਂ ਸ਼ਿਰਕਤ ਕਰਦੇ ਹਨ। ਇਸ ਲਈ ਲੋੜੀਂਦਾ ਅਤਿ ਆਧੁਨਿਕ ਸਹੂਲਤਾਂ ਵਾਲਾ ਹਾਲ ਸ਼ੈੱਡ ਨਿਰਮਤ ਕੀਤਾ ਗਿਆ ਹੈ, ਜੋ ਗਰਮੀ ਵਿਚ ਤਪਦਾ ਨਹੀਂ ਤੇ ਸਰਦੀ ਵਿਚ ਠਰਦਾ ਨਹੀਂ ਹੈ। ਹਰੇਕ ਮਾਈ ਭਾਈ ਲਈ ਲੰਗਰ ਦਾ ਵਿਸ਼ੇਸ਼ ਅਤੇ ਨਿਰੰਤਰ ਪ੍ਰਬੰਧ ਹੈ, ਜਿਸ ਵਿਚ ਭੀੜ-ਭੜੱਕੇ ਤੋਂ ਬਚਣ ਲਈ ਇਸਤਰੀਆਂ ਅਤੇ ਪੁਰਸ਼ਾਂ ਲਈ ਵੱਖ-ਵੱਖ ਪੰਗਤੀ ਅਨੁਸ਼ਾਸ਼ਨ ਹੈ। ਲੰਗਰ ਦੌਰਾਨ ਸਵੱਛ ਜਲ ਸੇਵਾ ਦਾ ਵੀ ਬੰਦੋਬਸਤ ਹੈ। ਖੁੱਲ੍ਹਾ ਡੁੱਲ੍ਹਾ ਜੋੜਾ ਘਰ ਸ਼ਰਧਾਲੂਆਂ ਦੀ ਵਿਸ਼ਾਲ ਰੌਣਕ, ਅਨੁਸ਼ਾਸਨ ਅਤੇ ਸਤਿਕਾਰ ਦੀ ਗਵਾਹੀ ਭਰਦਾ ਹੈ। ਇਸ ਅਸਥਾਨ ਵਿਖੇ ਚੜ੍ਹਾਵੇ ਦਾ ਬਾਕਾਇਦਾ ਹਿਸਾਬ ਰੱਖਿਆ ਜਾਂਦਾ ਹੈ। ਰਸੀਦਾਂ ਕੱਟੀਆਂ ਜਾਂਦੀਆਂ ਹਨ ਅਤੇ ਸ਼ਹਿਰ ਦੇ ਕੁਝ ਰਿਟਾਇਰਡ ਅਤੇ ਪੜ੍ਹੇ-ਲਿਖੇ ਸ਼ਰਧਾਲੂਆਂ ਵੱਲੋਂ ਇਹ ਸੇਵਾ ਨਿਭਾਈ ਜਾਂਦੀ ਹੈ। ਪਤਾ ਲੱਗਾ ਕਿ ਹੰਸਰਾਜ ਵੇਲੇ-ਕੁਵੇਲੇ ਅਕਸਰ ਆਉਂਦੇ ਰਹਿੰਦੇ ਹਨ, ਹਾਜ਼ਰੀ ਭਰਦੇ ਹਨ ਅਤੇ ਗੱਦੀਨਸ਼ੀਨ ਹੋਣ ਦੇ ਬਾਵਜੂਦ ਇੱਕ ਸ਼ਰਧਾਲੂ ਦੀ ਤਰ੍ਹਾਂ ਨਤਮਸਤਕ ਹੁੰਦੇ ਹਨ; ਇੱਥੇ ਦੇ ਤਮਾਮ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਰਹਿੰਦੇ ਹਨ ਅਤੇ ਚੱਲ ਰਹੇ ਕਾਰਜਾਂ ਦੀ ਖ਼ੁਦ ਨਿਗਰਾਨੀ ਕਰਦੇ ਹਨ।



ਵਿਸ਼ੇਸ਼ ਗੱਲ ਇਹ ਦੇਖੀ ਗਈ ਕਿ ਇੱਥੇ ਕਿਸੇ ਕੋਨੇ ਵਿਚ ਵੀ ਕੋਈ ਸ਼ਖ਼ਸ ਬੀੜੀ, ਸਿਗਰਟ ਜਾਂ ਕਿਸੇ ਵੀ ਰੂਪ ਵਿਚ ਤੰਬਾਕੂਨੋਸ਼ੀ ਕਰਦਾ ਨਜ਼ਰ ਨਹੀਂ ਆਇਆ। ਹਰ ਪ੍ਰਕਾਰ ਦੇ ਨਸ਼ਿਆਂ ਦੀ ਮੁਕੰਮਲ ਪਾਬੰਦੀ ਇਸ ਅਸਥਾਨ ਦਾ ਵਿਸ਼ੇਸ਼ ਹਾਸਲ ਹੈ। ਇਸ ਪ੍ਰੇਰਨਾ ਵਿਚ, ਇਸ ਕਿਸਮ ਦੇ ਦੂਸਰੇ ਸਥਾਨਾਂ ਵਾਲੇ ਲੋਕ ਨਸ਼ਿਆਂ ਦੀ ਪਾਬੰਦੀ ਲਾਗੂ ਕਰਕੇ ਪੰਜਾਬ ਦੇ ਸਭਿਆਚਾਰ ਨੂੰ ਨਸ਼ਾਮੁਕਤ ਕਰਨ ਦਾ ਆਧਾਰ ਬਣ ਸਕਦੇ ਹਨ, ਜੋ ਅਜੋਕੇ ਅਵੇਸਲ਼ੇ ਪੰਜਾਬ ਦੀ ਫ਼ੌਰੀ ਜ਼ਰੂਰਤ ਬਣੀ ਹੋਈ ਹੈ।

ਪੜ੍ਹੇ-ਲਿਖੇ ਸਰਧਾਲੂ ਵਰਗ ਵੱਲੋਂ ਇੱਥੇ ਇੱਕ ਵੱਡੀ ਲਾਇਬਰੇਰੀ ਦੀ ਉਮੀਦ ਕੀਤੀ ਜਾ ਰਹੀ ਹੈ, ਜਿਸ ਵਿਚ ਸ਼ਹਿਰ ਦੇ ਬੱਚੇ-ਬੱਚੀਆਂ ਬੈਠ ਕੇ ਪੜ੍ਹ-ਲਿਖ ਸਕਣ, ਜਿਸ ਨਾਲ ਵਿਦਿਆ ਦੇ ਖੇਤਰ ਵਿਚ ਇਲਾਕੇ ਦੇ ਪਛੜੇਪਣ ਨੂੰ ਦੂਰ ਕੀਤਾ ਜਾ ਸਕੇ। ਇਸ ਦਿਸ਼ਾ ਵਿਚ ਚੰਗੇ ਸਕੂਲ ਕਾਲਜ ਦੇ ਨਿਰਮਾਣ ਦਾ ਵੀ ਸੁਪਨਾ ਲਿਆ ਜਾ ਰਿਹਾ ਹੈ।

ਦਰਬਾਰ ਦੇ ਬਾਹਰ ਸ਼ਰਧਾਲੂਆਂ ਵੱਲੋਂ ਵਜਦੇ ਢੋਲ ਦੀਆਂ ਤਾਨਾਂ ਕਨਸੋ ਦੇ ਰਹੀਆਂ ਸਨ ਕਿ ਕਿਸੇ ਵੇਲੇ ਇੱਥੇ ਮਹਾਨ ਤੰਬੂਰਾ ਵਾਦਕਾਂ ਦੀ ਪ੍ਰੇਰਨਾ ਵਿਚ ਸੰਗੀਤ ਵਿਦਿਆਲਾ ਆਰੰਭ ਕਰਕੇ ਪੰਜਾਬ ਦੇ ਸਿਰ ਪਰਨੇ ਹੋਏ ਸੰਗੀਤਕ ਮਾਹੌਲ ਨੂੰ ਵੀ ਪੈਰਾਂ ਸਿਰ ਕਰਨ ਬਾਬਤ ਸੋਚਿਆ ਜਾ ਸਕਦਾ ਹੈ ਅਤੇ ਆਪਣੀਆਂ ਸੰਗੀਤਕ ਪ੍ਰੰਪਰਾਵਾਂ ਤੋਂ ਭਟਕਿਆ ਪੰਜਾਬ ਬਿਰਤੀ ਖਿੰਡਾਊ ਸੰਗੀਤ ਤੋਂ ਟਿਕਾਊ ਜਾਂ ਇਕਾਗਰ ਬਿਰਤੀ ਸੰਗੀਤ ਵੱਲ ਪਲ਼ਟ ਸਕਦਾ ਹੈ। ਸੈਫ਼ ਦੇ ਵਫ਼ਦ ਨੇ ਮਹਿਸੂਸ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਹੰਸ ਰਾਜ ਹੰਸ ਦੀ ਸੋਚ ਅਤੇ ਅਗਵਾਈ ਵਿਚ ਇਸ ਅਸਥਾਨ ਵੱਲੋਂ ਜਾਰੀ ਸੇਵਾਵਾਂ ਅਤੇ ਯੋਜਨਾਵਾਂ ਨੂੰ ਭਾਂਪਦਿਆਂ ਪੰਜਾਬ ਦੀ ਸਭਿਆਚਾਰਕ ਆਬੋ ਹਵਾ ਵਿਚ ਵਿਸਮਾਦੀ ਤੱਤ ਵਾਲੇ ਸੁਭਾਉ, ਕਿਰਦਾਰ, ਸਿਹਤ, ਲਿਆਕਤ, ਬੌਧਿਕਤਾ, ਸ਼ਾਇਰਾਨਾ ਅਤੇ ਸੰਗੀਤਕ ਫ਼ਿਜ਼ਾ ਦੀ ਪੇਸ਼ੀਨਗੋਈ ਕੀਤੀ ਜਾ ਸਕਦੀ ਹੈ।

ਹੰਸ ਜੀ ਦੀ ਇਸ ਮਾਨਤਾ, ਕਿ ਸੱਚਾ ਸੂਫ਼ੀ ਸਭਿਆਚਾਰ ਨਸ਼ਾ ਰਹਿਤ ਸਮਾਜ ਦਾ ਹਾਸਿਲ ਹੈ, ਦੀ ਪ੍ਰਸ਼ੰਸਾ ਕਰਨੀ ਬਣਦੀ ਹੈ, ਕਿਉਂਕਿ ਅੱਜ ਪੰਜਾਬ ਨਸ਼ਾਗ੍ਰਸਤ ਹੈ ਅਤੇ ਨਸ਼ਾ ਮੁਕਤੀ ਲਈ ਤਾਂਘ ਰਿਹਾ ਹੈ, ਇਸ ਲਈ ਇਸ ਮੋੜ 'ਤੇ ਸਾਨੂੰ ਉਨ੍ਹਾਂ ਦੀ ਇਸ ਮੁਹਿੰਮ ਵਿਚ ਭਰਪੂਰਤਾ ਨਾਲ ਸਾਥ ਦੇਣਾ ਚਾਹੀਦਾ ਹੈ। ਸੱਚਾ ਸੂਫ਼ੀ ਗੁਰਮਤਿ ਦਾ ਉਪਾਸ਼ਕ ਹੈ। ਬਾਬਾ ਫ਼ਰੀਦ, ਪੀਰ ਬਹਾਉਦੀਨ, ਬਾਬਾ ਬੁਡਣ ਸ਼ਾਹ, ਸਾਈਂ ਮੀਆਂ ਮੀਰ, ਭੀਖਣ ਸ਼ਾਹ ਅਤੇ ਪੀਰ ਬੁਧੂ ਸ਼ਾਹ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਸੂਫ਼ੀ ਸਭਿਆਚਾਰ ਦੀ ਦਿਸ਼ਾ ਗੁਰਮਤਿ ਹੈ। ਸੂਫ਼ੀਆਂ ਦੇ ਤਮਾਮ ਸੰਸਥਾਨ ਨਸ਼ਾ ਮੁਕਤ ਹੋ ਕੇ ਪੰਜਾਬ ਦੀ ਪੁਰਾਤਨ ਆਨ, ਬਾਨ ਅਤੇ ਸ਼ਾਨ ਬਹਾਲ ਕਰ ਸਕਦੇ ਹਨ।

ਹੰਸਰਾਜ ਦਾ ਇਹ ਉਪਰਾਲਾ ਪੰਜਾਬ ਦੇ ਅਜੋਕੇ ਸਭਿਆਚਾਰਕ ਇਤਿਹਾਸ ਵਿਚ ਇੱਕ ਮੋੜ ਸਾਬਤ ਹੋ ਸਕਦਾ ਹੈ। ਸਿੱਖ ਇਤਿਹਾਸ ਦੇ ਬਿਖੜੇ ਪੈਂਡਿਆਂ ਦੌਰਾਨ ਵੀ ਉਨ੍ਹਾਂ ਆਪਣੇ ਗੀਤਾਂ ਨਾਲ ਪੰਜਾਬ ਦੇ ਮਨੋਬਲ ਨੂੰ ਡਿੱਗਣੋਂ ਬਚਾਈ ਰੱਖਿਆ ਸੀ। ਅੱਜ ਵੀ ਉਹ ਪੰਜਾਬ ਦੀ ਸਿਹਤ ਸੰਭਾਲ ਅਤੇ ਸਾਫ਼-ਸੁਥਰੇ ਵਾਤਾਵਰਣ ਲਈ ਮੋਹਰੀ ਭੂਮਿਕਾ ਨਿਭਾਉਣਗੇ।

ਸਾਈਂ ਬੁਲੇ ਸ਼ਾਹ ਜਿਹੇ ਮਹਾਨ ਸੂਫ਼ੀ ਸੰਤਾਂ ਦੀਆਂ ਕਿਰਤਾਂ ਦੀ ਪ੍ਰਕਿਰਤੀ ਤੋਂ ਅਨਾੜੀ ਕਿਸਮ ਦੇ ਲੋਕਾਂ ਨੇ ਸੂਫ਼ੀ ਮੱਤ ਦਾ ਗ਼ਲਤ ਰੂਪ ਅਨੁਮਾਨ ਲਿਆ ਹੈ ਅਤੇ ਉਨ੍ਹਾਂ ਦੀ ਅਧਿਆਤਮਿਕ ਮਸਤੀ ਨੂੰ ਦੇਹ ਦੀ ਮਸਤੀ ਸਮਝ ਕੇ ਨਸ਼ਿਆਂ ਦੇ ਪ੍ਰਯੋਗ ਨੂੰ ਸੂਫ਼ੀ ਅਭਿਆਸ ਸਮਝ ਲਿਆ ਗਿਆ। ਇਸ ਬੱਜਰ ਝੂਠ ਨੂੰ ਸੱਚ ਦੇ ਵਦਾਣ ਨਾਲ ਤੋੜਨ ਦੀ ਸਖ਼ਤ ਜ਼ਰੂਰਤ ਹੈ। ਪਦਮਸ਼੍ਰੀ ਹੰਸਰਾਜ ਹੰਸ ਨੇ ਨਕੋਦਰ ਵਿਖੇ ਇਸ ਸੇਵਾ ਦਾ ਸ਼ੁੱਭ ਆਗਾਜ਼ ਕਰਕੇ ਦੁਆਬੇ ਦੀ ਧਰਤੀ ਨੂੰ ਮਾਣ ਬਖ਼ਸ਼ਿਆ ਹੈ।

# ਤੰਦਰੁਸਤੀ ਦਾ ਰਾਜ਼ ਹੈ ਪਾਣੀ

- ਸੁਖਮੰਦਰ ਸਿੰਘ ਤੂਰ

ਮਨੁੱਖੀ ਸਰੀਰ ਦਾ ਨਿਰਮਾਣ ਜਿਨ੍ਹਾਂ ਪੰਜ ਤੱਤਾਂ ਨਾਲ ਹੋਇਆ ਮੰਨਿਆ ਗਿਆ ਹੈ, ਉਨ੍ਹਾਂ ਵਿੱਚ ਪਾਣੀ ਦੀ ਵਿਸ਼ੇਸ਼ ਅਹਿਮੀਅਤ ਹੈ। ਸਰੀਰ ਦਾ ਲਗਪਗ 70 ਫ਼ੀਸਦੀ ਭਾਗ ਪਾਣੀ ਦੁਆਰਾ ਬਣਿਆ ਹੋਇਆ ਹੈ। ਹੋਰ ਸਾਰੇ ਜੀਵਾਂ ਅਤੇ ਬਨਸਪਤੀਆਂ ਦਾ ਜੀਵਨ ਵੀ ਪਾਣੀ 'ਤੇ ਹੀ ਨਿਰਭਰ ਕਰਦਾ ਹੈ। ਪਾਣੀ ਸਰੀਰ ਵਿੱਚ ਜਾ ਕੇ ਵਿਸ਼ੇਸ਼ ਪ੍ਰਕਾਰ ਦੀ ਰਸਾਇਣ ਸੰਰਚਨਾ ਕਰਦਾ ਹੈ, ਮਲਾਂ ਦੀ ਧੁਲਾਈ ਕਰਦਾ ਹੈ, ਸਰੀਰ ਦੀ ਨਮੀ ਦਾ ਲੋੜੀਂਦਾ ਸੰਤੁਲਨ ਬਣਾਈ ਰੱਖਣਾ ਹੈ, ਚੁਸਤੀ ਬਖ਼ਸ਼ਦਾ ਹੈ ਅਤੇ ਅਨੇਕ ਪ੍ਰਕਾਰ ਦੇ ਕਾਰਨਾਂ ਤੋਂ ਪੈਦਾ ਹੋਣ ਵਾਲੀ ਗਰਮੀ ਨੂੰ ਠੰਢਾ ਕਰਦਾ ਹੈ।



ਗਰਮੀਆਂ ਵਿੱਚ ਸਰੀਰ ਦਾ ਤਾਪਮਾਨ ਬਰਾਬਰ ਬਣਾਈ ਰੱਖਣ ਅਤੇ 100 ਕੈਲਰੀ ਤਾਪ ਸਰੀਰ 'ਚੋਂ ਬਾਹਰ ਕੱਢਣ ਲਈ ਮਨੁੱਖ ਨੂੰ ਢਾਈ ਤੋਂ ਤਿੰਨ ਲਿਟਰ ਪਾਣੀ ਪਸੀਨੇ ਦੇ ਰੂਪ ਵਿੱਚ ਬਾਹਰ ਕੱਢਣਾ ਪੈਂਦਾ ਹੈ। ਮਨੁੱਖੀ ਸਰੀਰ ਵਿੱਚ ਹਰ ਰੋਜ਼ ਕਰੀਬ 2.60 ਕਿਲੋਗ੍ਰਾਮ ਪਾਣੀ ਖਰਚ ਹੁੰਦਾ ਹੈ। ਇਸ ਵਿੱਚੋਂ ਗੁਰਦਿਆਂ ਰਾਹੀਂ 150 ਗ੍ਰਾਮ, ਚਮੜੀ ਰਾਹੀਂ 650 ਗ੍ਰਾਮ, ਫੇਫੜਿਆਂ ਰਾਹੀਂ 320 ਗ੍ਰਾਮ ਅਤੇ ਮਲ ਮਾਰਗ ਰਾਹੀਂ 130 ਗ੍ਰਾਮ ਪਾਣੀ ਖਰਚ ਹੁੰਦਾ ਹੈ, ਭਾਵ ਇਸ ਖਰਚ ਹੋਣ ਵਾਲੇ ਪਾਣੀ ਦੀ ਪੂਰਤੀ ਭੋਜਨ ਵਿੱਚੋਂ ਪ੍ਰਾਪਤ ਹੋਣ ਵਾਲੇ ਪਾਣੀ ਰਾਹੀਂ ਪ੍ਰਾਪਤ ਹੁੰਦੀ ਰਹਿੰਦੀ ਹੈ, ਫਿਰ ਵੀ ਇਸ ਦਾ ਸੰਤੁਲਨ ਬਣਾਈ ਰੱਖਣ ਲਈ ਮਨੁੱਖ ਨੂੰ ਰੋਜ਼ਾਨਾ ਘੱਟੋ-ਘੱਟ ਤਿੰਨ ਤੋਂ ਸਾਢੇ ਤਿੰਨ ਲਿਟਰ ਪਾਣੀ ਪੀਣਾ ਜ਼ਰੂਰੀ ਹੈ।

ਸਰੀਰ ਦੇ ਅੰਦਰ ਹਰ ਖ਼ਾਸ ਪ੍ਰਕਿਰਿਆ 'ਚ ਪਾਣੀ ਦੀ ਅਹਿਮ ਭੂਮਿਕਾ ਹੁੰਦੀ ਹੈ। ਸਰੀਰ ਵਿੱਚ ਆਕਸੀਜਨ ਅਤੇ ਇਨਫੈਕਸ਼ਨ ਨਾਲ ਲੜਨ ਵਾਲੀਆਂ ਕੋਸ਼ਿਕਾਵਾਂ ਖ਼ੂਨ ਨਾਲ ਹੀ ਵਗਦੀਆਂ ਹਨ। ਖ਼ੂਨ ਦਾ 83 ਫ਼ੀਸਦੀ ਹਿੱਸਾ ਪਾਣੀ ਹੁੰਦਾ ਹੈ। ਭੋਜਨ ਨੂੰ ਪਚਾਉਣ ਅਤੇ ਉਸ ਤੋਂ ਪੌਸ਼ਿਕ ਤੱਤ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਵੀ ਪਾਣੀ ਦੀ ਜ਼ਰੂਰਤ ਹੁੰਦੀ ਹੈ। ਇੱਥੋਂ ਤਕ ਕਿ ਸਾਹ ਲੈਣ 'ਚ ਵੀ ਨਮੀ ਦੀ ਲੋੜ ਹੁੰਦੀ ਹੈ, ਜਿਸ ਦੀ ਪੂਰਤੀ ਵੀ ਪਾਣੀ ਦੁਆਰਾ ਹੀ ਹੁੰਦੀ ਹੈ। ਸਿਹਤਮੰਦ ਗੁਰਦੇ ਸਰੀਰ 'ਚ ਪਾਣੀ ਦਾ ਸੁਰੱਖਿਅਤ ਪੱਧਰ ਬਣਾਈ ਰੱਖਦੇ ਹਨ ਪਰ ਜੇਕਰ ਇਨ੍ਹਾਂ ਨੂੰ ਘੱਟ ਪਾਣੀ ਨਾਲ ਕੰਮ ਕਰਨਾ ਪਵੇ ਤਾਂ ਇਨ੍ਹਾਂ 'ਤੇ ਜ਼ੋਰ ਪੈਂਦਾ ਹੈ। ਜੇਕਰ ਅਸੀਂ ਘੱਟ ਪਾਣੀ ਪੀਂਦੇ ਹਾਂ ਉਸ ਦਾ ਸਰੀਰ ਦੀਆਂ ਖ਼ਾਸ ਕਿਰਿਆਵਾਂ ਲਈ ਉਪਯੋਗ ਹੋ ਜਾਂਦਾ ਹੈ ਕਿ ਬਾਕੀ ਕਿਰਿਆਵਾਂ ਲਈ ਪਾਣੀ ਨਹੀਂ ਬਚਦਾ। ਬਾਕੀ ਕਿਰਿਆਵਾਂ 'ਚ ਭੋਜਨ ਦਾ ਪਚਣਾ ਅਤੇ ਚਮੜੀ ਦੀ ਖ਼ੂਬਸੂਰਤੀ ਸ਼ਾਮਲ ਹੈ। ਸਿੱਟੇ ਵਜੋਂ ਕਬਜ਼ ਅਤੇ ਚਮੜੀ ਦੇ ਖੁਸ਼ਕ ਹੋਣ ਦੀ ਸ਼ਿਕਾਇਤ ਹੋ ਜਾਂਦੀ ਹੈ। ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਗੁਰਦਿਆਂ 'ਚੋਂ ਪਾਣੀ ਦੀ ਇੱਕ ਨੀਅਤ ਮਾਤਰਾ ਦਾ ਲੰਘਣਾ ਜ਼ਰੂਰੀ ਹੈ, ਨਹੀਂ ਤਾਂ ਜਿਨ੍ਹਾਂ ਬੈਕਟੀਰੀਆ ਨੂੰ ਗੁਰਦਿਆਂ ਤੇ ਮੂਤਰ ਨਲੀ 'ਚੋਂ ਪੇਸ਼ਾਬ ਰਾਹੀਂ ਨਿਕਲ ਜਾਣਾ ਚਾਹੀਦਾ ਹੈ, ਉਹ ਉੱਥੇ ਹੀ ਰਹਿ ਜਾਂਦੇ ਹਨ। ਇਸ ਨਾਲ ਮੂਤਰ ਨਲੀ 'ਚ ਇਨਫੈਕਸ਼ਨ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਘੱਟ ਪਾਣੀ ਪੀਣ ਨਾਲ ਗੁਰਦਿਆਂ 'ਚ ਪੱਥਰੀ ਬਣਨ ਦੀ ਤਕਲੀਫ਼ ਵੀ ਹੋ ਸਕਦੀ ਹੈ। ਰੋਜ਼ਾਨਾ ਪੂਰਾ ਪਾਣੀ ਪੀਣ ਨਾਲ ਗੁਰਦੇ ਦੀ ਪੱਥਰੀ ਅਤੇ ਇਨਫੈਕਸ਼ਨ ਤੋਂ ਬਚਾਅ ਰਹਿੰਦਾ ਹੈ।

ਮਾਹਰਾਂ ਅਨੁਸਾਰ ਸਾਡੇ ਸਰੀਰ ਵਿੱਚ ਪਾਣੀ ਦਾ ਆਪਣਾ ਵਿਗਿਆਨ ਹੈ। ਇੱਕ ਤੰਦਰੁਸਤ ਵਿਅਕਤੀ ਦੇ ਸਰੀਰ ਨੂੰ ਸਾਢੇ ਤਿੰਨ ਤੋਂ ਚਾਰ ਲਿਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਪਾਣੀ ਪੀਣ ਦਾ ਸਭ ਤੋਂ ਵਧੀਆ ਸਮਾਂ ਸਵੇਰੇ ਖਾਲੀ ਪੇਟ ਹੈ। ਰਾਤੀਂ ਆਰਾਮ ਦੌਰਾਨ ਜਾਂ ਵਰਤ ਆਦਿ ਰੱਖੇ ਜਾਣ 'ਤੇ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਕੱਢਣ ਵਾਲੇ ਅੰਗ ਗੁਰਦੇ, ਚਮੜੀ, ਆਂਦਰਾਂ ਅਤੇ ਫੇਫੜੇ ਆਦਿ ਜ਼ਿਆਦਾ ਚੁਸਤ-ਫੁਰਤ ਹੋ ਜਾਂਦੇ ਹਨ। ਖਾਲੀ ਪੇਟ ਪਾਣੀ ਪੀਣ ਨਾਲ ਇਨ੍ਹਾਂ ਸਾਰੇ ਅੰਗਾਂ ਦੀ ਸਫ਼ਾਈ ਚੰਗੀ ਤਰ੍ਹਾਂ ਹੋ ਜਾਂਦੀ ਹੈ। ਇੱਕ ਆਮ ਮਿਹਨਤ ਕਰਨ ਵਾਲੇ ਵਿਅਕਤੀ ਨੂੰ ਰੋਜ਼ਾਨਾ ਦਸ ਗਿਲਾਸ ਪਾਣੀ ਦੀ ਜ਼ਰੂਰਤ ਹੁੰਦੀ ਹੈ। ਉਂਜ ਇਹ ਮਨੁੱਖ ਦੀ ਕੰਮ ਕਰਨ ਦੀ ਸਮਰੱਥਾ 'ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਰੋਜ਼ਾਨਾ ਕਿੰਨਾ ਪਾਣੀ ਪੀਣਾ ਚਾਹੀਦਾ ਹੈ। ਗਰਮੀਆਂ ਦੇ ਮੌਸਮ 'ਚ ਸਰੀਰ 'ਚੋਂ ਕਾਫ਼ੀ ਮਾਤਰਾ 'ਚ ਪਾਣੀ ਪਸੀਨੇ ਦੇ ਰੂਪ ਵਿੱਚ ਨਿਕਲਦਾ ਹੈ, ਦੂਜੇ ਪਾਸੇ ਸਰਦੀਆਂ 'ਚ ਵੀ ਵਾਰ ਵਾਰ ਪੇਸ਼ਾਬ ਦੇ ਜ਼ਰੀਏ ਕਾਫ਼ੀ ਮਾਤਰਾ 'ਚੋਂ ਪਾਣੀ ਖਾਰਜ ਹੁੰਦਾ ਹੈ ਪਰ ਇਸ ਨੂੰ ਅਸੀਂ ਬਹੁਤਾ ਗੰਭੀਰਤਾ ਨਾਲ ਨਹੀਂ ਲੈਂਦੇ। ਬੁਖ਼ਾਰ 'ਚ ਵੀ ਸਰੀਰ 'ਚੋਂ ਤੇਜ਼ੀ ਨਾਲ ਪਾਣੀ ਦੀ ਮਾਤਰਾ ਘਟਦੀ ਹੈ, ਕਿਉਂਕਿ ਮਰੀਜ਼ ਜ਼ਿਆਦਾ ਤੇਜ਼ੀ ਨਾਲ ਸਾਹ ਲੈਂਦਾ ਹੈ। ਇਸ ਦੇ ਨਾਲ ਉਸ ਨੂੰ ਜ਼ਿਆਦਾ ਪਸੀਨਾ ਆਉਂਦਾ ਹੈ ਤੇ ਕਈ ਵਾਰ ਉਲਟੀਆਂ ਵੀ ਆ ਜਾਂਦੀਆਂ ਹਨ ਜਿਸ ਨਾਲ ਸਰੀਰ 'ਚ ਪਾਣੀ ਦੀ ਕਮੀ ਹੋ ਜਾਂਦੀ ਹੈ। ਮਨੁੱਖੀ ਸਰੀਰ ਨੂੰ ਪਾਣੀ ਦੀ ਸਪਲਾਈ ਦੇ ਤਿੰਨ ਚਰਨ ਹਨ। ਪਹਿਲਾ ਚਰਨ ਜਨਮ ਲੈਣ ਤੋਂ ਪਹਿਲਾਂ ਦੀ ਅਵਸਥਾ ਦਾ ਹੈ ਜਦੋਂ ਬੱਚਾ ਮਾਂ ਦੇ ਗਰਭ 'ਚ ਬਣਨਾ ਸ਼ੁਰੂ ਹੁੰਦਾ ਹੈ। ਦੂਜਾ ਚਰਨ ਕਿਸ਼ੋਰ ਅਵਸਥਾ ਅਤੇ ਤੀਜਾ ਚਰਨ ਜਵਾਨੀ ਦਾ ਹੈ। ਜੇਕਰ ਇਨ੍ਹਾਂ ਤਿੰਨਾਂ 'ਚੋਂ ਕਿਸੇ ਇੱਕ ਚਰਨ 'ਚ ਸਰੀਰ ਨੂੰ ਸਹੀ ਮਾਤਰਾ 'ਚ ਪਾਣੀ ਨਹੀਂ ਮਿਲਦਾ ਤਾਂ 40 ਸਾਲ ਦੀ ਉਮਰ ਤੋਂ ਬਾਅਦ ਸਰੀਰ ਕਈ ਤਰ੍ਹਾਂ ਦੇ ਰੋਗਾਂ ਦਾ ਸ਼ਿਕਾਰ ਹੋ ਸਕਦਾ ਹੈ, ਜਿਨ੍ਹਾਂ ਵਿੱਚ ਜੋੜਾਂ ਦਾ ਦਰਦ, ਗਠੀਆ, ਪੇਟ ਦੀ ਜਲਨ, ਤੇਜ਼ਾਬੀਪਣ, ਅੱਖਾਂ ਦੀ ਰੋਸ਼ਨੀ ਦਾ ਘਟਨਾ, ਵਾਲਾਂ ਦਾ ਸਫੈਦ ਹੋਣਾ ਆਦਿ ਪ੍ਰਮੁੱਖ ਹਨ। ਖ਼ੁਰਾਕ ਜਾਂ ਆਹਾਰ ਭਾਵੇਂ ਕਿੰਨਾ ਵੀ ਪੌਸ਼ਟਿਕ ਅਤੇ ਛੇਤੀ ਪਚਣ ਵਾਲਾ ਹੋਵੇ, ਉਸ ਦਾ ਵਰਤਣਾ ਉਸ ਸਮੇਂ ਤਕ ਵਿਅਰਥ ਹੋਵੇਗਾ ਜਦੋਂ ਤਕ ਕਿ ਉਸ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਜਾਂਦਾ। ਇੱਕ ਤਾਂ ਇਹ ਪਾਣੀ ਦੀ ਸਹਾਇਤਾ ਤੋਂ ਬਿਨਾਂ ਪਚ ਨਹੀਂ ਸਕੇਗਾ ਅਤੇ ਨਾ ਹੀ ਦਿਲ, ਦਿਮਾਗ, ਰਗਾਂ ਪੱਠਿਆਂ ਆਦਿ ਅੰਗਾਂ ਨੂੰ ਪੁਸ਼ਟ ਕਰਨ ਦੇ ਯੋਗ ਹੋਵੇਗਾ। ਪਾਣੀ ਉਹ ਪਦਾਰਥ ਹੈ ਜਿਹੜਾ ਭੋਜਨ ਨੂੰ ਰਗਾਂ ਵਿੱਚੋਂ ਲੰਘਾ ਕੇ ਅੰਗਾਂ ਨੂੰ ਵਿਕਸਤ ਕਰਦਾ ਹੈ। ਤਪਦੇ ਹੋਏ ਸੂਰਜ ਦੀ ਧੁੱਪ ਵਿੱਚ ਚੌਥਾਈ ਗੈਲਨ ਫੀ ਘੰਟੇ ਦੇ ਹਿਸਾਬ ਨਾਲ ਪਾਣੀ ਸਰੀਰ 'ਚੋਂ ਬਾਹਰ ਨਿਕਲਦਾ ਹੈ। ਸਰੀਰ ਦਾ 3 ਤੋਂ 5 ਫ਼ੀਸਦੀ ਪਾਣੀ ਨਿਕਲ ਜਾਣ ਨਾਲ ਬੇਚੈਨੀ ਮਹਿਸੂਸ ਹੁੰਦੀ ਹੈ ਅਤੇ ਚਿੜਚਿੜਾਪਣ ਵੀ ਆ ਜਾਂਦਾ ਹੈ। ਇਸ ਪਿੱਛੋਂ 5 ਤੋਂ 1 ਫ਼ੀਸਦੀ ਘਟ ਜਾਣ ਨਾਲ ਮੂੰਹ ਸੁੱਕ ਜਾਂਦਾ ਹੈ, ਜੀਭ ਤਾਲੂ ਨਾਲ ਚਿਪਕ ਜਾਂਦੀ ਹੈ ਅਤੇ ਚਮੜੀ ਸੁੰਗੜਨ ਲੱਗਦੀ ਹੈ। ਚਮੜੀ ਸੁੰਗੜਨ ਨਾਲ ਮੂੰਹ ਭਰਿਆ-ਭਰਿਆ ਲੱਗਦਾ ਹੈ ਅਤੇ ਮਨੁੱਖ ਨਿਗਲਣ ਦੀ ਕਿਰਿਆ ਨੂੰ ਛੇਤੀ-ਛੇਤੀ ਕਰਦਾ ਹੈ। ਪਾਣੀ ਦੀ 10 ਤੋਂ 12 ਫ਼ੀਸਦੀ ਕਮੀ ਨਾਲ ਅੱਖਾਂ ਝਪਕਣੀਆਂ ਬੰਦ ਹੋ ਜਾਂਦੀਆਂ ਹਨ। ਇਸ ਸਥਿਤੀ ਵਿੱਚ ਮਨੁੱਖ ਨੂੰ ਤੁਰਤ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ। ਪਾਣੀ ਸਾਡੇ ਦਿਲ, ਦਿਮਾਗ ਤੇ ਫੇਫੜਿਆਂ 'ਚ ਖ਼ੂਨ ਅਤੇ ਆਕਸੀਜਨ ਪਹੁੰਚਾਉਣ 'ਚ ਵੀ ਸਹਾਇਕ ਹੁੰਦਾ ਹੈ। ਅਸੀਂ ਇੱਕ ਦਿਨ 'ਚ ਜੋ ਕੁਝ ਵੀ ਖਾਂਦੇ ਹਾਂ, ਉਹ ਸਾਡੇ ਸਰੀਰ 'ਚ 2/3 ਲੋੜ ਨੂੰ ਪੂਰਾ ਕਰਦਾ ਹੈ। ਜਿਹੜੀ 1/3 ਕਮੀ ਰਹਿ ਜਾਂਦੀ ਹੈ, ਉਸ ਨੂੰ ਰੋਜ਼ 10 ਗਲਾਸ ਪਾਣੀ ਪੀ ਕੇ ਪੂਰਾ ਕੀਤਾ ਜਾ ਸਕਦਾ ਹੈ। ਪਾਣੀ ਦੀਆਂ ਆਪਣੀਆਂ ਕੁਦਰਤੀ ਵਿਸ਼ੇਸ਼ਤਾਈਆਂ ਹਨ। ਇਨ੍ਹਾਂ ਨੂੰ ਪੂਰਾ ਕਰਨ ਵਿੱਚ ਚਾਹ, ਸੋਡਾ ਵਾਟਰ, ਸ਼ਰਬਤ, ਲੱਸੀ, ਫਲਾਂ ਦਾ ਰਸ ਆਦਿ ਪੀਣ ਯੋਗ ਪਦਾਰਥ ਵੀ ਅਸਮਰੱਥ ਹਨ।

## ਅਜਬ-ਗ਼ਜ਼ਬ

# 17 ਕਿਲੋਮੀਟਰ ਲੰਬਾ ਬੰਕਰ

ਸ਼ੀਤ ਯੁੱਧ ਦੇ ਦੌਰ 'ਚ ਜਰਮਨੀ 'ਚ ਕਈ ਬੰਕਰ ਸਨ ਪਰ ਘੱਟ ਹੀ ਲੋਕਾਂ ਨੂੰ ਪਤਾ ਹੈ ਕਿ ਉਨ੍ਹਾਂ 'ਚੋਂ ਇਕ 17.3 ਕਿਲੋਮੀਟਰ ਲੰਬਾ ਬੰਕਰ ਸੀ। ਪੱਛਮੀ ਜਰਮਨੀ ਦੀ ਸਰਕਾਰ ਨੇ ਇਸ ਦਾ ਨਿਰਮਾਣ ਆਪਣੀ ਰਾਜਧਾਨੀ ਬੋਨ ਦੇ 3 ਹਜ਼ਾਰ ਮਹੱਤਵਪੂਰਨ ਅਧਿਕਾਰੀਆਂ ਐਮਰਜੈਂਸੀ ਸਥਿਤੀ 'ਚ ਸੁਰੱਖਿਆ ਪ੍ਰਦਾਨ ਕਰਨ ਦੇ ਮਕਸਦ ਨਾਲ ਕੀਤਾ ਸੀ। ਰਾਇਨ ਨਦੀ ਦੀ ਇਕ ਉਪ ਨਦੀ ਨਾਲ ਸਥਿਤ ਅੰਗੂਰਾਂ ਦੇ ਬਾਗ ਦੇ ਹੇਠਾਂ ਮੌਜੂਦ ਇਸ ਬੰਕਰ ਦੀ 1997 'ਚ ਬਰਲਿਨ ਦੀ ਦੀਵਾਰ ਢਾਹੇ ਜਾਣ ਦੇ 10 ਸਾਲਾਂ ਤੋਂ ਘੱਟ ਸਮੇਂ 'ਚ ਵਰਤੋਂ ਖਤਮ ਹੋ ਗਈ ਅਤੇ ਇਸ ਦੇ ਜ਼ਿਆਦਾਤਰ ਹਿੱਸਿਆਂ ਨੂੰ ਨਸ਼ਟ ਕਰ ਦਿੱਤਾ ਗਿਆ। ਪਿਛਲੇ ਲੱਗਭਗ 5 ਸਾਲਾਂ ਤੋਂ ਇਸ ਦੇ ਰਹਿੰਦੇ-ਖੂੰਹਦੇ 203 ਮੀਟਰ ਲੰਬੇ ਹਿੱਸੇ ਨੂੰ ਆਮ ਜਨਤਾ ਲਈ ਖੋਲ੍ਹ ਦਿੱਤਾ ਗਿਆ ਹੈ। ਬੰਕਰ ਦੇ ਮੁੱਖ ਹਿੱਸੇ 'ਚ ਦੋ ਸੁਰੰਗਾਂ ਸਨ, ਜਿਨ੍ਹਾਂ ਨੂੰ ਮੂਲ ਰੂਪ 'ਚ ਟ੍ਰੇਨਾਂ ਲਈ ਤਿਆਰ ਕੀਤਾ ਗਿਆ ਸੀ। ਇਸ 'ਚ ਟ੍ਰੇਨਾਂ ਕਦੇ ਨਹੀਂ ਚੱਲੀਆਂ ਅਤੇ 1930 ਦੇ ਦਹਾਕੇ 'ਚ ਇਸ ਨੂੰ ਮਸ਼ਰੂਮ ਉਗਾਉਣ ਲਈ ਵਰਤਿਆ ਜਾਣ ਲੱਗਾ। 1943 'ਚ ਬੁੰਚਨੇਵਾਦ ਸ਼ੋਸ਼ਣ ਕੈਂਪ ਨੇ ਇਥੇ ਇਕ ਕੈਂਪ ਬਣਾਇਆ, ਜਿਥੇ ਕੈਦੀਆਂ ਤੋਂ ਵੀ-2 ਰਾਕੇਟਾਂ ਲਈ ਮੋਬਾਈਲ ਲਾਂਚਿੰਗ ਪੈਡ ਤਿਆਰ ਕਰਵਾਏ ਜਾਂਦੇ ਸਨ। ਦੂਜੀ ਵਿਸ਼ਵ ਜੰਗ ਤੋਂ ਬਾਅਦ ਇਨ੍ਹਾਂ ਸੁਰੰਗਾਂ ਨੂੰ ਜਰਮਨ ਵਾਸੀਆਂ ਨੇ ਸ਼ਰਣ ਸਥਲੀ ਦੇ ਤੌਰ 'ਤੇ ਵੀ ਵਰਤਿਆ। 1952 'ਚ ਜਦੋਂ ਸ਼ੀਤ ਯੁੱਧ ਦੀ ਸ਼ੁਰੂਆਤ ਹੋਈ ਤਾਂ ਪੱਛਮੀ ਜਰਮਨੀ ਦੀ ਸਰਕਾਰ ਨੂੰ ਸੰਭਾਵਿਤ ਯੁੱਧ ਦੀ ਸਥਿਤੀ 'ਚ ਕਿਸੇ ਸੁਰੱਖਿਅਤ ਸਥਾਨ ਦੀ ਲੋੜ ਮਹਿਸੂਸ ਹੋਈ। ਉਦੋਂ ਉਨ੍ਹਾਂ ਪੁਰਾਣੀਆਂ ਰੇਲ ਸੁਰੰਗਾਂ ਨੂੰ ਬੰਕਰ ਦਾ ਰੂਪ ਦੇਣ ਦਾ ਕੰਮ ਸ਼ੁਰੂ ਕੀਤਾ ਗਿਆ, ਜਿਸ ਨੂੰ ਬੇਹੱਦ ਗੁਪਤ ਰੱਖਿਆ ਗਿਆ। 1962 'ਚ ਨਿਰਮਾਣ ਸ਼ੁਰੂ ਹੋਇਆ, ਜੋ 1971 'ਚ ਪੂਰਾ ਹੋਇਆ। ਇਸ ਕੰਮ 'ਚ ਸਾਢੇ 17 ਹਜ਼ਾਰ ਵਿਅਕਤੀ ਸ਼ਾਮਲ ਸਨ। ਬੰਕਰ 'ਚੋਂ ਬਾਹਰ ਨਿਕਲਣ ਦੇ 38 ਰਸਤੇ ਸਨ ਅਤੇ ਪੰਜ ਹਿੱਸੇ ਬਣਾਏ ਗਏ ਸਨ, ਜਿਨ੍ਹਾਂ 'ਚ ਵੱਖਰੇ ਤੌਰ 'ਤੇ ਬਿਜਲੀ, ਪਾਣੀ ਅਤੇ ਹਵਾ ਦਾ ਬੰਦੋਬਸਤ ਸੀ। ਇਸ ਦਾ ਕੁੱਲ ਖਰਚਾ 3.6 ਅਰਬ ਯੂਰੋ ਆਇਆ। ਪੂਰਾ ਹੋਣ ਤੋਂ ਬਾਅਦ ਇਸ ਬੰਕਰ 'ਚ 180 ਕਰਮਚਾਰੀਆਂ ਨੂੰ ਨਿਯੁਕਤ ਕੀਤਾ ਗਿਆ। ਹਰ ਕਿਸੇ ਕੋਲ ਬੰਕਰ 'ਚ ਕਿਤੇ ਵੀ ਪਹੁੰਚਣ ਲਈ ਇਕ ਸਾਈਕਲ ਸੀ ਤੇ ਉਥੇ ਬਿਜਲੀ ਨਾਲ ਚੱਲਣ ਵਾਲੇ ਕੁਝ ਵਾਹਨ ਵੀ ਸਨ। ਇਸ ਜ਼ਮੀਨਦੋਜ਼ ਬੰਕਰ 'ਚ 900 ਦਫਤਰ, ਕੰਟੀਨ, ਡਿਸਪੈਂਸਰੀਆਂ, ਪੰਜ ਕਮਾਂਡ ਅਤੇ ਸਿੱਕਿਆਂ ਨਾਲ ਚੱਲਣ ਵਾਲੇ ਦੋ ਪਬਲਿਕ ਟੈਲੀਫੋਨ ਬੂਥ ਵੀ ਸਨ। ਬੰਕਰ ਨੂੰ 800 ਮੀਟਰ ਦੂਰ ਹੋਣ ਵਾਲੇ 20 ਕਿਲੋ ਟਨ ਧਮਾਕੇ ਨੂੰ ਸਹਿਣ ਕਰਨ ਦੇ ਸਮਰੱਥ ਬਣਾਇਆ ਗਿਆ ਸੀ। ਇਥੇ 3 ਹਜ਼ਾਰ ਵਿਅਕਤੀਆਂ ਲਈ 30 ਦਿਨਾਂ ਦੇ ਭੋਜਨ ਦਾ ਪ੍ਰਬੰਧ ਸੀ। ਨਾਲ ਹੀ ਇਥੇ ਹਰ ਪੁਰਜੇ ਦਾ ਡੁਪਲੀਕੇਟ ਰੱਖਿਆ ਗਿਆ ਸੀ, ਕਿਉਂਕਿ ਉਹ ਹਰ ਸਥਿਤੀ ਲਈ ਤਿਆਰ ਰਹਿਣਾ ਚਾਹੁੰਦੇ ਸਨ।



# ਨਾਭਾ ਦੇ ਅਸ਼ਟਾਮ ਫਰੋਸ਼ਾਂ ਵੱਲੋਂ ਤੈਅ ਕੀਮਤ ਤੋਂ ਵੱਧ ਵਸੂਲੇ ਜਾਂਦੇ ਹਨ ਪੈਸੇ

## 50 ਰੁਪਏ ਅਸ਼ਟਾਮ ਕੀਮਤ ਦੇ ਵਸੂਲੇ ਜਾਂਦੇ ਹਨ 80 ਰੁਪਏ

ਨਾਭਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਸ਼ਾਸ਼ਨ ਦੀ ਨੱਕ ਦੇ ਥੱਲੇ ਅਸ਼ਟਾਮ ਫਰੋਸ਼ਾਂ ਵਲੋਂ ਆਮ ਜਨਤਾ ਦੀ ਧੜੱਲੇ ਨਾਲ ਲੁੱਟ ਕੀਤੀ ਜਾਂਦੀ ਹੈ। ਪਹਿਲਾਂ ਵੀ ਇਸ ਮੁੱਦੇ ਤੇ ਪ੍ਰਸ਼ਾਸ਼ਨ ਨੂੰ ਕਈ ਵਾਰ ਸ਼ਿਕਾਇਤ ਕੀਤੀ ਜਾਂਦੀ ਰਹੀ ਪਰ ਇਸ ਲੁੱਟ ਦੇ ਖਿਲਾਫ਼ ਕੋਈ ਵੀ ਕਾਰਵਾਈ ਨਾ ਹੋਣ ਤੇ ਇਹ ਬਾਦਸਤੂਰ ਜਾਰੀ ਹੈ। ਸਭ ਤੋਂ ਘੱਟ ਕੀਮਤ ਅਤੇ ਵੱਧ ਕੰਮ ਆਉਣ ਵਾਲੇ ਅਸ਼ਟਾਮ ਦੀ ਸਰਕਾਰੀ ਫੀਸ 50 ਰੁਪਏ ਹੁੰਦੀ ਹੈ ਇਸ ਤੇ ਅਸ਼ਟਾਮ ਫਰੋਸ਼ਾਂ ਨੂੰ ਸਰਕਾਰ ਵੱਲੋਂ ਕਮਿਸ਼ਨ ਵੀ ਦਿੱਤਾ ਜਾਂਦਾ ਹੈ। ਅਸ਼ਟਾਮ ਫਰੋਸ਼ਾਂ ਵਲੋਂ ਅਸ਼ਟਾਮ ਦੇਣ ਸਮੇਂ ਇਸ 50 ਰੁਪਏ ਦੀ ਜਗ੍ਹਾ 80 ਰੁਪਏ ਵਸੂਲੇ ਜਾਂਦੇ ਹਨ। ਇਥੇ ਹੀ



ਬਸ ਨਹੀਂ ਇਸ ਤੇ ਨੋਟਰੀ ਫੀਸ ਵੀ ਮਨਮਰਜੀ ਨਾਲ ਵਸੂਲੀ ਜਾਂਦੀ ਹੈ। ਆਮ ਜਨਤਾ ਦੀ ਹੋ ਰਹੀ ਲੁੱਟ ਬਾਰੇ ਪ੍ਰਸ਼ਾਸ਼ਨ ਦੇ ਧਿਆਨ ਕਈ ਵਾਰ ਲਿਆਂਦਾ ਗਿਆ ਹੈ ਪਰ ਅਜੇ ਤੱਕ ਇਸ ਬੇਹੱਦ ਗੰਭੀਰ ਮਸਲੇ ਤੇ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ।

ਇਸ ਦੇ ਨਾਲ ਹੀ ਅਰਜ਼ੀ ਨਵੀਸ ਅਤੇ ਹੋਰ ਕਚਹਿਰੀ ਅਹਾਤੇ ਵਿਚ ਬੈਠੇ ਵੀ ਆਪਣੀ ਮਰਜ਼ੀ ਨਾਲ ਪੈਸੇ ਵਸੂਲਦੇ ਹਨ। ਸਰਕਾਰ ਵੱਲੋਂ ਕਿਧਰੇ ਵੀ ਕਚਹਿਰੀ ਅਹਤੇ ਵਿਚ ਕੋਈ ਵੀ ਕੀਮਤ ਤੈਅ ਸਬੰਧੀ ਕੋਈ ਬੋਰਡ ਨਹੀਂ ਲਗਾਏ ਗਏ ਹਨ ਜਿਸ ਕਰਕੇ ਇਸ ਦਾ ਹਰੇਕ ਵਿਅਕਤੀ ਸ਼ਿਕਾਰ ਹੋ ਰਿਹਾ।

ਨਾਭਾ ਅਸ਼ਟਾਮ ਫਰੋਸ਼ਾਂ ਦੇ ਪ੍ਰਧਾਨ ਦਲਜੀਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ 50 ਰੁਪਏ ਦੇ ਅਸ਼ਟਾਮ ਦੇ ਵੱਧ ਤੋਂ ਵੱਧ 53 ਰੁਪਏ ਲਈ ਸਕਦੇ ਹਨ। ਉਨਾਂ ਵਲੋਂ ਪਹਿਲਾਂ ਸਾਰੇ ਅਸ਼ਟਾਮ ਫਰੋਸ਼ਾਂ ਨੂੰ ਚੇਤਾਵਨੀ ਦਿਤੀ ਹੈ ਪਰ ਕੁਝ ਅਸ਼ਟਾਮ ਫਰੋਸ਼ ਪਾਣੀ।ਮਰਜੀ ਨਾਲ ਇਹ ਕਰ ਰਹੇ ਹਨ ਜਿਹੜਾ ਕੇ ਸਰਾਸਰ ਗ਼ਲਤ ਹੈ।

# ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪਿੰਡ ਮਹਿਮਦਪੁਰ ਵਿਖੇ ਨਵੀਂ ਫ਼ਲ ਅਤੇ ਸਬਜੀ ਮੰਡੀ ਸਥਾਪਿਤ ਕੀਤੀ

## ➢ 90 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ ਕਵਰ ਸ਼ੈੱਡ ➢ ਕੇਂਦਰ ਸਰਕਾਰ ਵੱਲੋਂ ਆਰ.ਡੀ.ਐਫ. ਰਿਲੀਜ਼ ਹੋਣ ਮਗਰੋਂ ਵਿਕਾਸ ਕਾਰਜਾਂ ਨੂੰ ਤੇਜੀ ਨਾਲ ਪੂਰੀ ਕੀਤਾ ਜਾਵੇਗਾ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਪਿੰਡ ਮਹਿਮਦਪੁਰ ਵਿਖੇ ਆਲੂ ਦੀ ਫਸਲ ਦੀ ਬੋਲੀ ਕਰਵਾਕੇ ਨਵੀਂ ਫ਼ਲ ਅਤੇ ਸਬਜੀ ਮੰਡੀ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ. ਬਰਸਟ ਨੇ ਪਿੰਡ ਦੀ ਪੰਚਾਇਤ ਦਾ ਮੰਡੀ ਬੋਰਡ ਨੂੰ ੯੩ ਵਿੱਘੇ ਜ਼ਮੀਨ ਦਾਨ ਕਰਨ ਤੇ ਧੰਨਵਾਦ ਕੀਤਾ। ਇੱਥੇ ਦੱਸਣਯੋਗ ਹੈ ਕਿ ਉਪਰੋਕਤ ਜਮੀਨ ਸ. ਬਰਸਟ ਦੇ ਕਹਿਣ ਤੇ ਮਹਿਮਦਪੁਰ ਪੰਚਾਇਤ ਵੱਲੋਂ ਮੰਡੀ ਬੋਰਡ ਨੂੰ ਦਿੱਤੀ ਗਈ ਹੈ। ਚੇਅਰਮੈਨ ਨੇ ਕਿਹਾ ਕਿ ਮਹਿਮਦਪੁਰ ਦੇ ਆਲੇ-ਦੁਆਲੇ ਕੋਈ ਵੀ ਇੰਡਸਟਰੀ ਜਾ ਫੈਕਟਰੀ ਨਹੀਂ ਹੈ। ਜਿਸਨੂੰ ਧਿਆਨ ਵਿੱਚ ਰੱਖਦੇ ਹੋਏ ਇੱਥੇ ਫ਼ਲ ਅਤੇ ਸਬਜੀ ਮੰਡੀ ਸ਼ੁਰੂ ਕੀਤੀ ਗਈ ਹੈ ਅਤੇ ਸਬ-ਯਾਰਡ ਵੱਜੋਂ ਮੰਡੀ ਵਿਕਸਤ ਕੀਤਾ ਜਾ ਰਿਹਾ ਹੈ। ਇਸ ਨਾਲ ਜਿੱਥੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ, ਉੱਥੇ ਹੀ ਕਿਸਾਨਾਂ ਨੂੰ ਵੀ ਉਨ੍ਹਾਂ ਦੀ ਜਿਣਸਾਂ ਦਾ ਸਹੀ ਮੁੱਲ ਮਿਲ ਸਕੇਗਾ।

ਉਨ੍ਹਾਂ ਕਿਹਾ ਕਿ 90 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸ਼ੈੱਡਾਂ ਦਾ ਕੰਮ ਜੋਰਾਂ ਨਾਲ ਚੱਲ ਰਿਹਾ ਹੈ ਅਤੇ ਜਲਦ ਹੀ ਮੰਡੀ ਦੀ ਚਾਰ ਦੀਵਾਰੀ ਕਰਕੇ ਗੇਟ ਲਗਾਇਆ ਜਾਵੇਗਾ ਅਤੇ ਦੁਕਾਨਾਂ ਦਾ ਵੀ ਨਿਰਮਾਣ ਕੀਤਾ ਜਾਵੇਗਾ। ਮਹਿਮਦਪੁਰ ਮੰਡੀ



ਪਟਿਆਲਾ ਸੰਗਰੂਰ ਤੇ ਸਥਿਤ ਹੋਣ ਕਾਰਨ ਇਸਦੇ ੨੫ ਕਿਲੋਮੀਟਰ ਦੇ ਰੇਡੀਅਸ ਵਿੱਚ ਇਲਾਕੇ ਦੇ ਕਰੀਬ 40 ਹਜਾਰ ਕਿਸਾਨਾਂ ਨੂੰ ਫ਼ਲ ਅਤੇ ਸਬਜੀਆਂ ਬੀਜਣ ਵੱਲ ਪ੍ਰੇਰਿਤ ਕੀਤਾ ਜਾ ਸਕੇਗਾ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦਾ ਸੁਨਹਿਰਾ ਮੌਕਾ ਵੀ ਮਿਲੇਗਾ।

ਸ. ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਕੇਂਦਰ ਸਰਕਾਰ ਹਮੇਸ਼ਾ ਤੋਂ ਹੀ ਪੰਜਾਬ ਨਾਲ ਵਿਤਕਰਾਂ ਕਰਦੀ ਆਈ ਹੈ ਅਤੇ ਇਸੇ ਦਾ ਨਤੀਜਾ ਹੈ ਕਿ ਕੇਂਦਰ ਸਰਕਾਰ ਵੱਲੋਂ ਮੰਡੀ ਬੋਰਡ ਦਾ ਆਰ.ਡੀ.ਐਫ. (ਰੂਰਲ ਡਿਵਲਮੈਂਟ ਫੰਡ) ਦਾ ਪੈਸਾ ਰੋਕਿਆ ਹੋਇਆ ਹੈ, ਜਿਸ ਕਾਰਨ ਪੰਜਾਬ ਦੇ ਪਿੰਡਾ ਦਾ ਵਿਕਾਸ ਰੁਕਿਆ ਹੋਇਆ ਹੈ। ਜੇਕਰ ਕੇਂਦਰ ਸਰਕਾਰ ਮੰਡੀ ਬੋਰਡ ਦਾ ਆਰ.ਡੀ.ਐਫ. ਜਾਰੀ ਕਰ ਦੇਵੇ, ਤਾਂ ਇਲਾਕੇ ਦਾ ਵਿਕਾਸ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ। ਪਰ ਕੇਂਦਰ ਸਰਕਾਰ ਵੱਲੋਂ ਆਰ.ਡੀ.ਐਫ. ਜਾਰੀ ਨਾ ਹੋਣ ਦੇ ਬਾਵਜੂਦ ਵੀ ਮੰਡੀਆਂ ਦੇ ਵਿਕਾਸ ਅਤੇ ਪਿੰਡਾਂ ਦੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਖਰੀਦ ਕੇਂਦਰ ਪਿੰਡ ਸੁਲਤਾਨਪੁਰ ਅਤੇ ਪਿੰਡ ਬਨੇਰਾ ਕਲਾਂ ਵਿੱਚ ਸਟੀਲ ਕਵਰ ਸ਼ੈਡ ਦੇ ਨਿਰਮਾਣ, ਪਿੰਡ ਬਰਸਟ ਤੋਂ ਪਿੰਡ ਬਨੇਰਾ ਕਲਾਂ- ਸਰਾਜਪੁਰ ਦੀ ਲਿੰਕ ਰੋਡ ਅਤੇ ਅਨਾਜ ਮੰਡੀ ਪਿੰਡ ਗੱਜੂ ਮਾਜਰਾ, ਪਿੰਡ ਜੋੜੇਮਾਜਰਾ ਅਤੇ ਧਬਲਾਨ ਦੀ ਫੜ੍ਹ ਅਤੇ ਸੜਕ ਬਣਾਉਣ ਦੇ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਅਤੇ ਕਮਰਸ਼ੀਅਲ ਖੇਤੀ ਵਿੱਚ ਭਾਗ ਲੈਣ ਲਈ ਉਤਸਾਹਤ ਕਰਨ। ਪੰਜਾਬ ਅਤੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਮੰਡੀ ਬੋਰਡ ਵੱਲੋਂ ਆਫ ਸੀਜ਼ਨ ਦੌਰਾਨ ਮੰਡੀਆਂ ਦੇ ਕਵਰ ਸੈੱਡਾਂ ਹੇਠ ਬਚਿੱਆਂ ਨੂੰ ਖੇਡਾਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਬਹੁਤ ਹੀ ਘੱਟ ਰੇਟ ਤੇ ਵਿਆਹ ਆਦਿ ਪ੍ਰੋਗਰਾਮ ਕਰਾਉਣ ਲਈ ਉਪਰੋਕਤ ਸੈੱਡ ਵੀ ਮੁਹੱਇਆ ਕਰਵਾਏ ਜਾਂਦੇ ਹਨ। ਸ. ਬਰਸਟ ਨੇ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਵਾਈਆ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆਂ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਸ. ਗੁਰਦੀਪ ਸਿੰਘ, ਇੰਜੀਨਿਅਰ-ਇਨ-ਚੀਫ਼, ਸ. ਅਜੇਪਾਲ ਸਿੰਘ ਬਰਾੜ, ਜਿਲ੍ਹਾ ਮੰਡੀ ਅਫ਼ਸਰ, ਕਾਰਜਕਾਰੀ ਇੰਜੀਨਿਅਰ ਸ. ਅੰਮ੍ਰਿਤਪਾਲ, ਸੰਦੀਪ ਸਿੰਘ ਸਰਪੰਚ ਮਹਿਮਦਪੁਰ, ਨਰਿੰਦਰ ਸਿੰਘ ਬਰਸਟ, ਹਰਿੰਦਰ ਸਿੰਘ ਧਬਲਾਨ, ਸੋਨੀ ਜਲੂਰ ਐਮ.ਸੀ. ਪਾਤੜਾ, ਹੇਮ ਇੰਦਰ ਸਿੰਘ ਮਲੋਮਾਜਰਾ, ਦਵਿੰਦਰ ਸਿੰਘ ਸ਼ੇਰਮਾਜਰਾ, ਗੁਰਜੀਤ ਸਿੰਘ ਗਰੀਨ ਪਾਰਕ, ਚਮਕੌਰ ਸਿੰਘ ਸਰਪੰਚ ਚੂਹੜਪੁਰ ਮਰਾਸੀਆਂ, ਅਨਿਲ ਮਿੱਤਲ ਸਰਪੰਚ ਬਰਸਟ, ਮਲਕੀਤ ਸਿੰਘ ਸਰਪੰਚ ਚੂਹੜਪੁਰ ਕਲਾਂ, ਗੁਰਪ੍ਰੀਤ ਸਿੰਘ ਸਰਪੰਚ ਰਾਜਗੜ੍ਹ, ਮਨਪ੍ਰੀਤ ਸਿੰਘ ਸਰਪੰਚ ਵਜੀਦਪੁਰ, ਰਾਮ ਸਿੰਘ ਸਾਬਕਾ ਸਰਪੰਚ ਫਤਿਹਪੁਰ, ਜਗਰੂਪ ਸਿੰਘ ਸਰਪੰਚ ਫਤਿਹਪੁਰ, ਬੰਤ ਸਿੰਘ ਸਾਬਕਾ ਸਰਪੰਚ ਚੂਹੜਪੁਰ ਮਰਾਸੀਆਂ, ਬਲਵੀਰ ਸਿੰਘ ਸਾਬਕਾ ਸਰਪੰਚ ਫਤਿਹਪੁਰ, ਅਵੀ ਸਿੰਘ ਸਾਬਕਾ ਸਰਪੰਚ ਦਕੜੱਬਾ, ਗੋਪੀ ਸਿੱਧੂ, ਸਹਿਤ ਮਹਿਮਦਪੁਰ ਗ੍ਰਾਮ ਪੰਚਾਇਤ ਤੋਂ ਕੁਲਵੰਤ ਸਿੰਘ ਪੰਚ, ਗੁਰਜੀਤ ਸਿੰਘ ਪੰਚ, ਤਰਨਤਾਰਨ ਸਿੰਘ, ਹਰਭਜਨ ਸਿੰਘ ਵਾਲੀਆ, ਜਗਤਾਰ ਸਿੰਘ ਨੰਬਰਦਾਰ, ਚਰਨ ਸਿੰਘ, ਕੁਲਵਿੰਦਰ ਸਿੰਘ, ਹਰੀ ਸਿੰਘ ਸਾਬਕਾ ਸਰਪੰਚ, ਮਨਜੀਤ ਸਿੰਘ, ਜਗਿੰਦਰ ਸਿੰਘ, ਜਸਵੰਤ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ, ਸੁਖਵੀਰ ਸਿੰਘ ਕਲੱਬ ਪ੍ਰਧਾਨ, ਨਛੱਤਰ ਸਿੰਘ, ਰਾਜਵਿੰਦਰ ਸਿੰਘ, ਜੋਰਾ ਸਿੰਘ, ਜਲਾਵਾ ਸਿੰਘ, ਨਿਹਾਲ ਸਿੰਘ, ਸੁਖਵਿੰਦਰ ਸੁੱਖੀ ਪਸਿਆਣਾ, ਹਾਕਮ ਸਿੰਘ ਪੰਚ ਸ਼ੇਰਮਾਜਰਾ ਮੌਜੂਦ ਰਹੇ।

## ਨਾਭਾ ਨਗਰ ਕੌਂਸਲ ਵਲੋਂ ਕਿੰਨਰਾਂ ਨੂੰ ਵਧਾਈ ਕੀਤੀ ਤੈਅ

# ਬੱਚੇ ਦੇ ਜਨਮ ਅਤੇ ਲੜਕੇ ਦੇ ਵਿਆਹ ਦੀ ਵਧਾਈ 2100 ਤੋਂ ਲੈਕੇ 3100 ਦੇਣ ਦਾ ਮਤਾ ਪਾਸ

ਨਾਭਾ, 8 ਮਾਰਚ
-ਮਨਦੀਪ ਕੌਸ਼ਿਕ-
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਨਗਰ ਕੌਂਸਲ ਵਲੋਂ ਵਿਸ਼ੇਸ਼ ਤੌਰ ਤੇ ਕਿੰਨਰਾਂ ਦੁਆਰਾ ਮਨਮਰਜੀ ਨਾਲ ਵਧਾਈ ਲੈਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਕ ਮਤਾ ਪਾਸ ਕੀਤਾ ਗਿਆ।

ਨਗਰ ਕੌਸ਼ਲ ਦੀ ਪ੍ਰਧਾਨ ਸ੍ਰੀਮਤੀ ਸੁਜਾਤਾ ਚਾਵਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਫੀ ਲੰਬੇ ਸਮੇਂ ਤੋਂ ਨਾਭਾ ਨਿਵਾਸੀਆਂ ਦੀ ਇਸ ਮੰਗ ਨੂੰ ਪੂਰਾ ਕਰਦਿਆਂ ਉਨ੍ਹਾਂ ਵਲੋਂ ਆਮ।ਲੋਕਾਂ ਨੂੰ ਰਾਹਤ ਪ੍ਰਦਾਨ ਕਰਦੇ ਹੋਏ ਬੱਚੇ ਦੇ ਜਨਮ ਅਤੇ ਵਿਆਹ ਦੀ ਵਧਾਈ ਤੈਅ ਕਰਦੇ ਹੋਏ ਘਟੋ ਘੱਟ 2100 ਰੁਪਏ ਅਤੇ ਵੱਧ ਤੋਂ ਵੱਧ 3100 ਰੁਪਏ ਤੈਅ ਕਰ ਦਿੱਤਾ ਹੈ। ਨਾਲ ਹੀ ਉਨਾਂ ਕਿਹਾ ਕਿ ਜੇਕਰ ਇਸ ਤੋਂ ਵੱਧ ਕੋਈ ਮੰਗ ਕਰਦਾ ਹੈ ਤਾਂ ਉਸ ਦੇ ਲਈ ਨਾਭਾ ਨਗਰ ਕੌਸ਼ਲ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਦੇਖਣ ਵਿਚ ਆਇਆ ਹੈ ਕਿ ਆਮ ਤੌਰ ਤੇ ਕਿੰਨਰਾਂ ਵਲੋਂ ਵਧਾਈ ਦੇ ਨਾਮ ਤੇ ਗਰੀਬ ਪਰਿਵਾਰਾਂ ਨੂੰ ਉਨਾਂ ਦੀ ਹੈਸੀਅਤ ਤੋਂ ਵੱਧ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। ਕਈ ਵਾਰ ਇਹੋ ਜਿਹੇ ਝਗੜੇ ਵਿਚ ਕਿੰਨਰ ਸੰਬਧਿਤ ਪਰਿਵਾਰ ਨੂੰ ਬੁਰਾ ਭਲਾ ਵੀ ਕਿ ਦਿੰਦੇ ਹਨ ਜਿਸ ਨਾਲ ਗਰੀਬ ਪਰਿਵਾਰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਦਾ ਹੈ। ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਕੇ ਨਗਰ ਕੌਸ਼ਲ ਵਲੋਂ ਸਰਬ ਸਮਿਤੀ ਨਾਲ ਪਾਸ ਕਰ ਦਿੱਤਾ ਹੈ। ਇਸ ਦੀ ਕਾਪੀ ਪ੍ਰਸ਼ਾਸਨ ਨੂੰ ਵੀ ਭੇਜ ਦਿੱਤੀ ਹੈ।

# ਪੰਜਾਬ ਸਰਕਾਰ ਨੇ ਦੋ ਸਾਲਾਂ ਵਿੱਚ 67 ਹਜ਼ਾਰ ਕਰੋੜ ਦਾ ਕਰਜ਼ਾ ਲਿਆ: ਸਿੱਧੂ



ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਇੱਥੇ ਕੀਤੀ ਇਕ ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ’ਤੇ ਕੇਂਦਰ ਸਰਕਾਰ ਦੀ ਕਠਪੁਤਲੀ ਬਣਨ ਦੇ ਦੋਸ਼ ਲਗਾਏ ਹਨ। ਇਸ ਦੌਰਾਨ ਪੰਜਾਬ ਦੀ ਵਿੱਤੀ ਹਾਲਤ ਬਾਰੇ ਨਵਜੋਤ ਸਿੱਧੂ ਨੇ ਕਿਹਾ ਕਿ ਜੇਕਰ ਕਰਜ਼ਾ ਲੈਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਆਉਂਦੇ ਸਾਲਾਂ ਵਿੱਚ ਦੀਵਾਲੀਆ ਹੋ ਜਾਵੇਗਾ। ਇਸ ਦੌਰਾਨ ਕਾਂਗਰਸੀ ਆਗੂ ਨੇ ਆਪਣਾ ਦੁੱਖ ਵੀ ਜ਼ਾਹਿਰ ਕੀਤਾ ਕਿ ਅਜੇ ਤੱਕ ਉਨ੍ਹਾਂ ਕੋਲ ਪ੍ਰਸ਼ਾਸਨਿਕ ਤਾਕਤ ਨਹੀਂ ਆਈ ਹੈ ਇਸੇ ਕਰਕੇ ਉਹ ਨੀਤੀਆਂ ਬਾਰੇ ਸੋਚ ਸਕਦੇ ਹਨ ਪਰ ਨੀਤੀਆਂ ਲਾਗੂ ਨਹੀਂ ਕਰ ਸਕਦੇ। ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਆ ਕੇ ਕਿਸਾਨਾਂ ’ਤੇ ਗੋਲੀਆਂ ਚਲਾਉਣ ਵਾਲੇ ਹਰਿਆਣਾ ਦੇ ਸੁਰੱਖਿਆ ਬਲਾਂ ਜਾਂ ਫਿਰ ਹਰਿਆਣਾ ਦੇ ਗ੍ਰਹਿ ਮੰਤਰੀ ਖ਼ਿਲਾਫ਼ ਅਜੇ ਤੱਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਸ ਤੱਕ ਦਰਜ ਨਹੀਂ ਕੀਤਾ ਗਿਆ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦੋ ਸਾਲਾਂ ਵਿੱਚ 67 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਜੇਕਰ ਕਰਜ਼ਾ ਲੈਣ ਦੀ ਚਾਲ ਇਸੇ ਤਰ੍ਹਾਂ ਚੱਲਦੀ ਰਹੀ ਤਾਂ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ 1.07 ਲੱਖ ਕਰੋੜ ਦਾ ਕਰਜ਼ਈ ਹੋ ਜਾਵੇਗਾ ਤੇ ਫਿਰ ਪੰਜਾਬ ਨੂੰ ਦੀਵਾਲੀਆ ਹੋਣ ਤੋਂ ਕੋਈ ਨਹੀਂ ਬਚਾਅ ਸਕਦਾ। ਉਨ੍ਹਾਂ ਕਿਹਾ ਕਿ ਇਸ ਵੇਲੇ 26 ਹਜ਼ਾਰ ਕਰੋੜ ਕਮਾਈ ਤੋਂ ਵੱਧ ਖ਼ਰਚੇ ਹਨ। ਕਰਐ ਦਾ ਪੰਜਾਬ ਸਰਕਾਰ ਕੁੱਲ ਆਮਦਨ ’ਚੋਂ 37 ਹਜ਼ਾਰ ਕਰੋੜ ਰੁਪਏ ਸਾਲਾਨਾ ਵਿਆਜ ਭਰ ਰਹੀ ਹੈ। ਕੁੱਲ ਖ਼ਰਚਿਆਂ ਵਿੱਚ 77 ਫ਼ੀਸਦੀ ਤਨਖ਼ਾਹਾਂ ਅਤੇ ਪੈਨਸ਼ਨਾਂ ’ਤੇ ਖ਼ਰਚ ਹੋ ਰਿਹਾ ਹੈ।

# ਪੰਜਾਬ ਦੇ ਸ਼ੇਰ ਬੰਗਾਲ ਟਾਈਗਰਜ਼ ਅਤੇ ਮੁੰਬਈ ਹੀਰੋਜ਼ ਖਿਲਾਫ ਦੋ ਮੈਚ ਖੇਡਣਗੇ



ਚੰਡੀਗੜ੍ਹ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੈਲੀਬ੍ਰਿਟੀ ਕ੍ਰਿਕੇਟ ਲੀਗ ਦੇ ਤਹਿਤ ਮੋਹਾਲੀ ਸਥਿਤ ਪੰਜਾਬ ਕ੍ਰਿਕੇਟ ਐਸੋਸੀਏਸ਼ਨ (ਪੀਸੀਏ) ਵਿੱਚ ਇਸ ਹਫਤੇ ਦੇ ਅੰਤ ਵਿੱਚ ਕ੍ਰਿਕਟ, ਮਨੋਰੰਜਨ ਅਤੇ ਸਿਨੇ ਸਿਤਾਰਿਆਂ ਦੀ ਗੂੰਜ ਹੋਵੇਗੀ। ਪੰਜਾਬ ਦੇ ਸ਼ੇਰ ਆਪਣੇ ਆਖਰੀ ਦੋ ਲੀਗ ਮੈਚਾਂ ਲਈ ਚੰਡੀਗੜ੍ਹ ਪਹੁੰਚ ਚੁੱਕੇ ਹਨ ਅਤੇ ਇਨ੍ਹੀਂ ਦਿਨੀਂ ਅਭਿਆਸ ਵਿੱਚ ਕਾਫੀ ਪਸੀਨਾ ਵਹਾ ਰਹੇ ਹਨ।

8 ਮਾਰਚ ਦੀ ਸ਼ਾਮ ਨੂੰ ਪੰਜਾਬ ਦੇ ਸ਼ੇਰ ਅਤੇ ਜਿਸੂ ਸੇਨਗੁਪਤਾ ਦੀ ਅਗੁਵਾਈ ਵਾਲੀ ਬੰਗਾਲ ਟਾਈਗਰਜ਼ ਆਹਮੋ-ਸਾਹਮਣੇ ਹੋਣਗੇ ਜਦਕਿ ਅਗਲੇ ਦਿਨ 9 ਮਾਰਚ ਦੀ ਸ਼ਾਮ ਨੂੰ ਟੀਮ ਦਾ ਸਾਹਮਣਾ ਰਿਤੇਸ਼ ਦੇਸ਼ਮੁਖ ਦੀ ਅਗੁਵਾਈ ਵਾਲੀ ਮੁੰਬਈ ਹੀਰੋਜ਼ ਨਾਲ ਹੋਵੇਗਾ। ਇਸ ਮੈਚ ’ਚ ਸੋਹੇਲ ਖਾਨ, ਸੁਨੀਲ ਸ਼ੈਟੀ, ਜੇਨੇਲੀਆ ਦੇਸ਼ਮੁਖ ਅਤੇ ਬਾਲੀਵੁੱਡ ਦੇ ਕਈ ਹੋਰ ਮਸ਼ਹੂਰ ਚਿਹਰੇ ਵੀ ਮੌਜੂਦ ਹੋਣਗੇ। ਸੋਨੂੰ ਸੂਦ ਦੀ ਅਗਵਾਈ ਵਾਲੀ ਪੰਜਾਬ ਦੇ ਸ਼ੇਰ ਨੂੰ ਪੂਰਾ ਭਰੋਸਾ ਹੈ ਕਿ ਉਹ ਟੂਰਨਾਮੈਂਟ ਦੇ ਦੋਵੇਂ ਅੰਤਿਮ ਲੀਗ ਮੈਚ ਜਿੱਤ ਕੇ ਟੂਰਨਾਮੈਂਟ ਵਿੱਚ ਵਾਪਸੀ ਕਰੇਗਾ। ਇਸ ਦੌਰਾਨ 9 ਮਾਰਚ ਦੀ ਦੁਪਹਿਰ ਨੂੰ ਬੰਗਾਲ ਟਾਈਗਰਜ਼ ਅਤੇ ਐਮ ਪੀ ਮਨੋਜ ਤਿਵਾੜੀ ਦੀ ਅਗੁਵਾਈ ਵਾਲੀ ਭੋਜਪੁਰੀ ਦਬੰਗਸ ਵਿਚਾਲੇ ਮੈਚ ਕਰਵਾਇਆ ਜਾਵੇਗਾ। ਪੰਜਾਬ ਦੇ ਸ਼ੇਰ ਦੇ ਆਨਰ ਪੁਨੀਤ ਸਿੰਘ ਕੋ - ਆਨਰ ਨਵਰਾਜ ਹੰਸ ਨੇ ਕ੍ਰਿਕਟ ਅਤੇ ਸਿਨੇਮਾ ਦੇ ਸ਼ੌਕੀਨਾਂ ਨੂੰ ਖੁੱਲਾ ਸੱਦਾ ਦਿੱਤਾ ਹੈ ਅਤੇ ਸਾਰਿਆਂ ਲਈ ਮੁਫਤ ਐਂਟਰੀ ਦਾ ਪ੍ਰਬੰਧ ਕੀਤਾ ਹੈ।

## ਪਿੰਡ ਕਕਰਾਲਾ ਵਿਖੇ ਅੱਖਾਂ ‘ਚ ਲੈਂਜ ਪਾਉਣ ਅਤੇ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਇਆ



ਨਾਭਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ ਰਜਿ? ਦੇ ਮੈਨੇਜਿੰਗ ਟ੍ਰਸਟੀ ਡਾਂ ਐਸ.ਪੀ. ਸਿੰਘ ਓਬਰਾਏ ਦੀ ਅਗਵਾਈ ਹੇਠ ਜਨ ਸੇਵਾ ਸੁਸਾਇਟੀ ਫਾਰ ਆਈ ਐਂਡ ਏਡਜ ਅਵੇਅਰਨੈਸ ਰਜਿ. ਵੱਲੋਂ ਪਿੰਡ ਕਕਰਾਲਾ ਵਿਖੇ ਅੱਖਾਂ ‘ਚ ਲੈਂਜ ਪਾਉਣ ਅਤੇ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਇਆ ਗਿਆ।

ਇਸ ਮੌਕੇ ਤੇ ਧਾਰਮਿਕ ਅਤੇ ਸਮਾਜਿਕ ਖੇਤਰ ‘ਚ ਚੰਗੀਆਂ ਸੇਵਾਵਾਂ ਦੇਣ ਲਈ ਚਰਨ ਸਿੰਘ ਗੁਪਤਾ ਐਮ.ਡੀ. ਮਲਕੀਤ ਐਗਰੋ ਟੈਕ ਪ੍ਰਾਈ. ਲਿਮ. ਨਾਭਾ ਦਾ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਚੇਅਰਮੈਨ ਮੇਜਰ ਸਿੰਘ, ਪ੍ਰਧਾਨ ਭਗਵਾਨ ਸਿੰਘ, ਜਨਰਲ ਸੈਕਟਰੀ ਧੀਰ ਸਿੰਘ, ਸੁਰਿੰਦਰ ਕੁਮਾਰ ਸ਼ਰਮਾ ਚੇਅਰਮੈਨ ਨਗਰ ਸੁਧਾਰ ਟ੍ਰਸਟ, ਡਾ ਆਈ.ਡੀ. ਗੋਇਲ ਵੀ ਹਾਜ਼ਰ ਸਨ।

# ਦੇਸ਼ ਦੇ ਕਿਸਾਨ, ਜਵਾਨ ਅਤੇ ਨੌਜਵਾਨੀ ਦੇ ਹਿੱਤਾਂ ਲਈ ਯੂਥ ਕਾਂਗਰਸ ਨੇ ਕੱਢਿਆ ਟਰੈਕਟਰ ਮਾਰਚ

## ਅਪਣੇ ਹੱਕਾਂ ਲਈ ਸਰਕਾਰਾਂ ਖ਼ਿਲਾਫ਼ ਸੰਘਰਸ਼ ਜਾਰੀ ਰਹੇਗਾ : ਸੰਜੀਵ ਕਾਲੂ



ਨਾਭਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੇ ਕਿਸਾਨ,ਜਵਾਨ ਅਤੇ ਨੌਜਵਾਨੀ ਦੇ ਹਿੱਤਾਂ ਦੀ ਰਾਖੀ ਲਈ ਯੂਥ ਕਾਗਰਸ ਵਲੋਂ ਜ਼ਿਲਾ ਯੂਥ ਪ੍ਰਧਾਨ ਸੰਜੀਵ ਕੁਮਾਰ ਕਾਲੂ ਦੀ ਅਗਵਾਈ ਵਿੱਚ 250 ਟਰੈਕਟਰਾਂ ਨਾਲ ਵਿਸ਼ਾਲ ਜਾਗਰੂਕਤਾ ਟਰੈਕਟਰ ਮਾਰਚ ਹਲਕਾ ਦਿਹਾਤੀ ਪਟਿਆਲਾ ਦੇ ਪਿੰਡ ਆਲੋਵਾਲ ਦੇ ਗੁਰਦੁਆਰਾ ਸਹਿਬ ਤੋਂ ਐਨ ਆਈ ਐਸ ਚੌਂਕ ਪਟਿਆਲਾ ਤੱਕ ਕੱਢਿਆ ਗਿਆ ਇਸ ਮੋਕੇ ਬੋਲਦਿਆਂ ਪ੍ਰਧਾਨ ਸੰਜੀਵ ਕਾਲੂ ਨੇ ਕਿਹਾ ਕਿ ਅਸੀਂ ਆਪਣੇ ਹੱਕ ਲੈਣ ਤੱਕ ਤਾਨਾਸ਼ਾਹ ਸਰਕਾਰ ਖ਼ਿਲਾਫ਼ ਸੰਘਰਸ਼ ਦੀ ਲੜੀ ਜਾਰੀ ਰੱਖਾਂਗੇ ਉਨਾਂ ਨੋਜਵਾਨਾਂ ਨੂੰ ਅਪੀਲ ਕੀਤੀ ਕਿ ਆਓ ਇਸ ਲੜਾਈ ਵਿੱਚ ਹੱਕ ਸੱਚ ਦੀ ਅਵਾਜ਼ ਬੁਲੰਦ ਕਰੀਏ ਤਾਂ ਜ਼ੋ ਸਰਕਾਰਾਂ ਵਲੋਂ ਅਪਣਾਏ ਤਾਨਾਸ਼ਾਹੀ ਰਵਾਈਏ ਨੂੰ ਠੱਲ ਪਾਈ ਜਾ ਸਕੇ।

ਉਨਾਂ ਕਿਹਾ ਸਾਡੀ ਲੜਾਈ ਦੇਸ਼ ਅਤੇ ਦੇਸ਼ ਦਾ ਸੰਵਿਧਾਨ ਅਤੇ ਇਨਸਾਨੀਅਤ ਬਚਾਉਣ ਦੀ ਲੜਾਈ ਹੈ ਕਿਉਂਕਿ ਲੋਕਤੰਤਰ ਵਿੱਚ ਡਿਕਟੈਟਰਸਿੱਪ ਲਈ ਕੋਈ ਥਾਂ ਨਹੀਂ ਹੈ ਕੋਈ ਇੱਕ ਧਿਰ ਦੀ ਬਜਾਏ ਸਾਰਿਆ ਦੇ ਨਾਲ ਨਾਲ ਕਿਸਾਨ ਤੇ ਜਵਾਨ ਦਾ ਮਾਨ ਸਨਮਾਨ ਤੇ ਤਰੱਕੀ ਖੁਸ਼ਹਾਲੀ ਜ਼ਰੂਰੀ ਹੈ ਇਸ ਮੌਕੇ ਸੀਨੀਅਰ ਆਗੂ ਹੈਰੀ ਮਾਨ, ਉੱਦੇ ਵੀਰ ਸਿੰਘ ਢਿੱਲੋ ,ਅੰਸੇਬਲੀ ਪ੍ਰਧਾਨ ਮਾਧਵ ਸ਼ਿੰਗਲਾ, ਅਵੀਨਾਸ਼ ਸ਼ਰਮਾ, ਸੇਵਕ ਸਿੰਘ ਝਿੱਲ, ਭੂਪੇਸ਼ ਤਿਵਾੜੀ, ਹੁਸ਼ਿਆਰ ਸਿੰਘ ਕੈਦੂਪੁਰ, ਗੁਰਦੀਪ ਸਿੰਘ ਰੋਮੀ ਸਿੰਬੜੋ, ਯੂਵਰਾਜ ਸਿੰਘ ਸਰਪੰਚ, ਪਰਮੋਦ ਭਾਰਦਵਾਜ ਸਰਪੰਚ, ਰਘਬੀਰ ਸਿੰਘ ਰੋਡਾ ਸਰਪੰਚ,ਹਰਜਿੰਦਰ ਸਿੰਘ ਆਲੋਵਾਲ, ਸੁਖਦੇਵ ਸਿੰਘ ਸੇਖੋ ਸੀਨੀਅਰ ਕਾਂਗਰਸੀ ਆਗੂ, ਸੁਖਚੈਨ ਸਿੰਘ ਲੋਟ, ਮਨਿੰਦਰ ਸਿੰਘ ਅਜਨੋਦਾ ਕਲਾ, ਅਮਰੀਕ ਸਿੰਘ ਧਨੋਰਾ, ਦਰਸ਼ਨ ਸਿੰਘ ਰਾਮਗੜ ਛੰਨਾ, ਗੁਰਪ੍ਰੀਤ ਕੋਰ ਸਰਪੰਚ, ਅਮਰਪ੍ਰੀਤ ਬੋਬੀ, ਹਰਦੀਪ ਖਹਿਰਾ, ਗੋਰਵ, ਰਿਦਮ, ਨੀਤਿਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਥ ਕਾਗਰਸੀ ਆਗੂ ਤੇ ਵਰਕਰ ਮੋਜੂਦ ਸਨ।

## ਭਾਰਤੀ ਮਜ਼ਦੂਰ ਸੰਘ ਪੰਜਾਬ ਚੰਡੀਗੜ੍ਹ ਦਾ ਅਦਵੇਸ਼ਨ ਪਟਿਆਲਾ ਵਿਖੇ ਹੋਇਆ



ਪਠਾਨਕੋਟ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਭਾਰਤੀ ਮਜ਼ਦੂਰ ਸੰਘ ਪੰਜਾਬ ਦਾ 23ਵਾਂ ਅਧਿਵੇਸ਼ਨ ਪਟਿਆਲਾ ਵਿਖੇ ਪ੍ਰੇਮ ਧਾਮ ਸਰਵ ਹਿਤਕਾਰੀ ਪਾਠਸ਼ਾਲਾ ਵਿਖੇ ਕੀਤਾ ਗਿਆ, ਜਿਸ ਵਿੱਚ ਬੀਐਮਐਸ ਕੇਂਦਰ ਦੇ ਸਹਿਸ ਸੰਗਠਨ ਮੰਤਰੀ ਸ੍ਰੀ ਗਣੇਸ਼ ਮਿਸ਼ਰਾ ਜੀ, ਪੰਜਾਬ ਅਤੇ ਚੰਡੀਗੜ੍ਹ ਦੇ ਪ੍ਰਭਾਰੀ, ਸ੍ਰੀ ਪਵਨ ਕੁਮਾਰ ਜੀ, ਅਤੇ ਸਹਿ ਪ੍ਰਭਾਰੀ ਸ੍ਰੀ ਸੋਹਨ ਲਾਲ ਗੁਪਤਾ ਜੀ ,ਦੀ ਅਗਵਾਈ ਹੇਠ ਅਦਵੇਸ਼ਨ ਦੀ ਕਾਰਵਾਈ ਕੀਤੀ ਗਈ, ਇਸ ਵਿੱਚ ਪੰਜਾਬ ਚੰਡੀਗੜ੍ਹ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿੱਚ ਪੰਜਾਬ ਅਤੇ ਚੰਡੀਗੜ੍ਹ ਦਾ ਪ੍ਰਧਾਨ ਵਜੋਂ ,ਪਠਾਨਕੋਟ ਦੀ ਸ਼੍ਰੀਮਤੀ ਸੁਨੀਤਾ ਪਠਾਨੀਆ ਅਤੇ ਮਹਾ ਮੰਤਰੀ ਵਜੋਂ ਸਰਦਾਰ ਪਵਿੱਤਰ ਸਿੰਘ ਜੀ ਪਟਿਆਲਾ ਨੂੰ ਨਿਯੁਕਤ ਕੀਤਾ ਗਿਆ। ਸ਼੍ਰੀਮਤੀ ਸੁਨੀਤਾ ਪਠਾਨੀਆ ਪ੍ਰਧਾਨ ਭਾਰਤੀ ਮਜ਼ਦੂਰ ਸੰਘ ਦਾ ਪਠਾਨਕੋਟ ਪਹੁੰਚਣ ਤੇ ਜਿਲ ?ਾ ਪਠਾਨਕੋਟ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਠਾਕੁਰ ਗੁਰਮੀਤ ਸਿੰਘ ਜੀ, ਸੁਰਿੰਦਰ ਸਿੰਘ ਲਹਿਰੀ ਜੀ ਜ਼ਿਲ੍ਹਾ ਪ੍ਰਧਾਨ, ਕੇਵਲ ਕ੍ਰਿਸ਼ਨ ਜੀ ਜਿਲਾ ਮੰਤਰੀ, ਗੁਰਨਾਮ ਸਿੰਘ ਜੀ ਕੈਸ਼ੀਅਰ, ਅਸ਼ੋਕ ਕੁਮਾਰ ਜੀ, ਵਿਭਾਗ ਪ੍ਰਮੁੱਖ ਸ੍ਰੀ ਓਮ ਪ੍ਰਕਾਸ਼ ਵਰਮਾ ਜੀ, ਅਤੇ ਜ਼ਿਲ ?ਾ ਉਪਾਦਸ਼ ਸ਼੍ਰੀ ਹੀਰਾ ਲਾਲ ਜੀ, ਅਰੁਣ ਮਹਿਤਾ ਜੀ, ਸੰਜੀਵ ਬੰਟੀ ਜੀ ,ਵਿਨੇ ਸ਼ਰਮਾ ਜੀ, ਰਵਿੰਦਰ ਕੁਮਾਰ ਜੀ, ਤਰਸੇਮ ਲਾਲ ਜੀ, ਬੂਟਾਰਾਮ ਪ੍ਰੋਪੋਗੰਡਾ ਸੈਕਟਰੀ, ਰਾਜਕੁਮਾਰ ਆਦਿ ਹਾਜ਼ਰ ਸਨ।

# ਬਾਲ ਘਰਾਂ ਦੇ ਬੱਚਿਆਂ ਲਈ ਕੰਪਿਊਟਰ ਕੋਰਸ ਕੀਤੇ ਜਾਣਗੇ ਸ਼ੁਰੂ: ਡਾ.ਬਲਜੀਤ ਕੌਰ

ਚੰਡੀਗੜ੍ਹ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਬਾਲ ਘਰਾਂ ਦੇ 14 ਸਾਲ ਤੋਂ ਵੱਧ ਦੀ ਉਮਰ ਦੇ ਬੱਚਿਆਂ ਲਈ ਕੰਪਿਊਟਰ ਕੋਰਸ ਸ਼ੁਰੂ ਕੀਤੇ ਜਾਣਗੇ।

ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਦੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇਥੇ ਕੀਤਾ।

ਕੈਬਨਿਟ ਮੰਤਰੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੁਵਲਾਇਨ ਜਸਟਿਸ ਬੋਰਡ ਅਧੀਨ ਬਾਲ ਘਰਾਂ ਦੇ ਬੱਚਿਆਂ ਲਈ ਇਹ ਪਹਿਲਕਦਮੀ ਪਹਿਲੀ ਵਾਰ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਅੱਗੇ



ਦੱਸਿਆ ਕਿ ਬਾਲ ਘਰਾਂ ਦੇ 14 ਸਾਲ ਤੋਂ ਵੱਧ ਦੀ ਉਮਰ ਦੇ ਬੱਚਿਆਂ ਲਈ ਕੰਪਿਊਟਰ ਕੋਰਸ ਸ਼ੁਰੂ ਕੀਤੇ ਜਾਣਗੇ ਅਤੇ ਛੋਟੇ ਬੱਚਿਆਂ ਲਈ ਕੰਪਿਊਟਰ ਲੈਬਜ਼ ਵੀ ਸ਼ੁਰੂ ਕੀਤੀਆਂ ਜਾਣਗੀਆਂ।

ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਇਹ ਉਪਰਾਲਾ ਰਾਜ ਵਿੱਚ ਬੱਚਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਬਿਹਤਰ ਭਵਿੱਖ ਲਈ ਮੌਕੇ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਇਹਨਾਂ ਬਾਲ ਘਰਾਂ ਵਿੱਚ ਬੱਚਿਆਂ ਦੀ ਦੇਖਭਾਲ, ਭੋਜਨ, ਕੱਪੜੇ, ਸਿੱਖਿਆ, ਡਾਕਟਰੀ ਸਹਾਇਤਾ, ਮੁਫਤ ਰਹਿਣ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕੀਤੀਆਂ ਜਾਂਦੀਆ ਹਨ।

# ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੀ ਮੀਟਿੰਗ ’ਚ ਜਲ ਜੀਵਨ ਮਿਸ਼ਨ ਦੀਆਂ ਸਕੀਮਾਂ ਨੂੰ

ਪਟਿਆਲਾ, 8 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਦੀ ਅਗਵਾਈ ਹੇਠ ਅੱਜ ਇੱਥੇ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੀ ਹੋਈ ਮੀਟਿੰਗ ਮੌਕੇ ਜ਼ਿਲ੍ਹੇ ਅੰਦਰ ਜਲ ਜੀਵਨ ਮਿਸ਼ਨ ਤੇ ਸਵੱਛ ਭਾਰਤ ਮਿਸ਼ਨ ਸਮੇਤ ਜਲ ਸਪਲਾਈ ਤੇ ਸੈਨੀਟੇਸ਼ਨ ਨਾਲ ਸਬੰਧਤ ਹੋਰ ਫਲੈਗਸ਼ਿਪ ਸਕੀਮਾਂ ਨੂੰ ਲਾਗੂ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਲ ਜੀਵਨ ਮਿਸ਼ਨ ਤਹਿਤ ਪੀਣ ਵਾਲਾ ਸ਼ੁੱਧ ਪਾਣੀ ਸਪਲਾਈ ਕਰਨ ਦੀਆਂ ਸਕੀਮਾਂ ਨੂੰ ਪ੍ਰਵਾਨਗੀ ਦਿੱਤੀ ਗਈ।

ਡਿਪਟੀ ਕਮਿਸ਼ਨਰ, ਜੋਕਿ ਅਹੁਦੇ ਵਜੋਂ ਜ਼ਿਲ੍ਹਾ ਜਲ ਸੈਨੀਟੈਸ਼ਨ ਮਿਸ਼ਨ ਦੇ ਚੇਅਰਮੈਨ ਹੁੰਦੇ ਹਨ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜ਼ਿਲ੍ਹੇ ਦੇ ਵਸਨੀਕਾਂ ਨੂੰ ਪੀਣ ਵਾਲਾ ਸਵੱਛ ਜਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਵੱਲੋਂ ਜ਼ਿਲ੍ਹੇ ਅੰਦਰ ਜਲ ਜੀਵਨ ਮਿਸ਼ਨ ਤੇ ਸਵੱਛ ਭਾਰਤ ਮਿਸ਼ਨ ਤਹਿਤ ਜਲ ਸਪਲਾਈ ਦੇ ਸਾਰੇ ਪ੍ਰੋਗਰਾਮਾਂ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਜਲ ਸਪਲਾਈ ਦੇ ਕੁਨੈਕਸ਼ਨ ਉਪਲੱਬਧ ਕਰਵਾ ਦਿੱਤੇ ਗਏ ਹਨ।



ਡਿਪਟੀ ਕਮਿਸ਼ਨ ਸ਼ੌਕਤ ਅਹਿਮਦ ਪਰੈ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ। ਵੇਰਵਾ : ਪ੍ਰੈਸ ਕੀ ਤਾਕਤ

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪਟਿਆਲਾ ਤੇ ਫ਼ਤਿਹਗੜ੍ਹ ਸਾਹਿਬ ਦੇ ਫਲੋਰਾਈਡ ਮਿਲੇ ਪਾਣੀ ਵਾਲੇ 392 ਪਿੰਡਾਂ ਵਿੱਚ ਨਹਿਰੀ ਪਾਣੀ ਸਪਲਾਈ ਦਾ ਸਰਫ਼ੇਸ ਵਾਟਰ ਪ੍ਰਾਜੈਕਟ, ਹਲਕਾ ਰਾਜਪੁਰਾ ਦੇ ਪਿੰਡ ਪੱਬਰਾ ਵਿਖੇ 204 ਪਿੰਡਾਂ ਦੇ ਵਸਨੀਕਾਂ ਅਤੇ ਹਲਕਾ ਘਨੌਰ ਦੇ ਪਿੰਡ ਮੰਡੌਲੀ ਵਿਖੇ 112 ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਵਾਲੇ ਕਰੀਬ 300 ਕਰੋੜ ਰੁਪਏ ਦੀ ਲਾਗਤ ਵਾਲੇ ਨਹਿਰੀ ਪਾਣੀ ’ਤੇ ਅਧਾਰਤ ਪ੍ਰਾਜੈਕਟ ਅੰਤਲੇ ਪੜਾਅ ’ਤੇ ਹਨ ਤੇ ਇਹ ਬਹੁਤ ਜਲਦ ਲੋਕਾਂ ਨੂੰ ਸਮਰਪਿਤ ਕੀਤੇ ਜਾਣੇ।

ਮੀਟਿੰਗ ਮੌਕੇ ਹਰ ਘਰ ਵਿੱਚ ਪਾਈਪ ਰਾਹੀਂ ਪੀਣ ਵਾਲਾ ਸਾਫ਼ ਪਾਣੀ ਪਹੁੰਚਾਉਣਾ, ਮੀਂਹ ਦਾ ਪਾਣੀ ਰੀਚਾਰਜ ਕਰਨਾ, ਗੰਦੇ ਪਾਣੀ ਨੂੰ ਸੋਧਣ ਦਾ ਪ੍ਰਬੰਧਨ ਆਦਿ ’ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਜ਼ਿਲ੍ਹੇ ਵਿੱਚ 2649.72 ਲੱਖ ਰੁਪਏ ਦੀ ਲਾਗਤ ਨਾਲ ਜਲ ਜੀਵਨ ਮਿਸ਼ਨ 151 ਸਕੀਮਾਂ ਲਾਗੂ ਕੀਤੀਆਂ ਗਈਆਂ ਹਨ।

ਮੀਟਿੰਗ ਮੌਕੇ ਜਲ ਸਪਲਾਈ ਵਿਭਾਗ ਰਾਜਪੁਰਾ ਦੇ ਕਾਰਜਕਾਰੀ ਇੰਜੀਨੀਅਰ ਜਸਇੰਦਰ ਸਿੰਘ ਸਿੱਧੂ, ਕਾਰਜਕਾਰੀ ਇੰਜੀਨੀਅਰ ਮਕੈਨੀਕਲ ਇਸ਼ਾਨ ਕੌਸ਼ਲ, ਕਾਰਜਕਾਰੀ ਇੰਜੀਨੀਅਰ ਡਿਵੀਜਨ ਨੰਬਰ 1 ਵਿਪਨ ਰਜੇਸ਼, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਮਨਦੀਪ ਕੌਰ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ, ਡੀ.ਡੀ.ਐਫ ਨਿਧੀ ਮਲਹੋਤਰਾ ਤੇ ਹੋਰ ਮੌਜੂਦ ਸਨ।

# ਸਰਕਾਰ ਪਟਿਆਲਾ ਤੋਂ ਸਰਹਿੰਦ ਅਤੇ ਫਤਿਹਗੜ੍ਹ ਸਾਹਿਬ ਤੋਂ ਮੋਹਾਲੀ ਤੱਕ ਸੜਕ ਨੂੰ ਚੌੜਾ ਕਰੇ : ਪ੍ਰੋ. ਬਡੂੰਗਰ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖਿਆ ਕੇ ਪਟਿਆਲਾ ਤੋਂ ਸਰਹਿੰਦ ਅਤੇ ਫਤਿਹਗੜ੍ਹ ਸਾਹਿਬ ਤੋਂ ਮੋਹਾਲੀ ਤੱਕ ਸੜਕ ਨੂੰ ਚੌੜਾ ਕਰਨ ਦੀ ਮੰਗ ਕੀਤੀ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਹਰ ਸਾਲ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਆਉਂਦਾ ਹੈ, ਜਿਥੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਗੁਰੂ ਘਰ ਨਤਮਸਤਕ ਹੋਣ ਪੁੱਜਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਮਹਾਨ ਪਵਿੱਤਰ ਅਸਥਾਨ ਦੁਨੀਆ ਲਈ ਸਦੀਵਕਾਲੀ ਚਾਨਣ ਮੁਨਾਰਾ ਹੈ, ਜਿਥੇ ਹਰ ਰੋਜ਼ ਪ੍ਰਦੇਸ਼, ਦੇਸ਼ ਅਤੇ ਵਿਦੇਸ਼ਾਂ ਤੋਂ ਅਣਗਣਿਤ ਸੰਗਤਾਂ



ਗੁਰੂ ਘਰ ਸਿਜਦਾ ਕਰਦੀਆਂ ਹਨ। ਸਾਬਕਾ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਕਈ ਵਾਰ ਏਨਾ ਸੜਕਾਂ ’ਤੇ ਆਉਂਦੇ ਜਾਂਦੇ ਰਹਿੰਦੇ ਹਨ, ਜਿਨ੍ਹਾਂ ਵਿਚ ਲਾਂਡਰਾਂ, ਮੋਹਾਲੀ, ਮੋਰਿੰਡਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ ਅਤੇ ਪਟਿਆਲਾ ਤੋਂ ਇਲਾਵਾ ਸ੍ਰੀ ਫਤਿਹਗੜ੍ਹ ਸਾਹਿਬ ਤੱਕ ਵੱਡੀ ਗਿਣਤੀ ਵਿਚ ਸੰਗਤਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ ਅਤੇ ਪਟਿਆਲਾ ਤੋਂ ਸਰਹਿੰਦ ਤੱਕ ਅਕਸਰ ਵੱਡੇ ਜਾਮ ਲੱਗੇ ਰਹਿੰਦੇ ਹਨ, ਜਿਸ ਦਾ ਮੁੱਖ ਕਾਰਨ ਸੜਕ ਦਾ ਤੰਗ ਹੋਣਾ ਹੈ। ਉਨ੍ਹਾਂ ਕਿਹਾ ਕਿ ਅਕਸਰ ਜਾਮ ਲੱਗਣ ਕਾਰਨ ਬਜ਼ੁਰਗਾਂ, ਮਹਿਲਾਵਾਂ, ਬੱਚਿਆਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਆਸ ਪਾਸ ਦੇ ਪਿੰਡਾਂ ਨੂੰ ਇਹ ਮੁੱਖ ਮਾਰਗ ਵਾਲੀ ਸੜਕ ਵੀ ਲੱਗਦੀ ਹੈ, ਜਿਸ ਕਾਰਨ ਸਮੱਸਿਆ ਕਈ ਸਾਲਾਂ ਤੋਂ ਬਣੀ ਹੋਈ ਹੈ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੜਕ ਨੂੰ ਚਹੁੰ ਮਾਰਗ ਬਣਾਉਣ ਦੇ ਕੰਮ ਵੱਲ ਧਿਆਨ ਦੇਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਸੰਗਤਾਂ ਨੂੰ ਵੱਡੀ ਰਾਹਤ ਦਿੱਤੀ ਜਾ ਸਕੇ।

ਕੌਮੀ ਪੱਤ੍ਰਿਕਾ

# ਟ੍ਰਾਈਡੈਂਟ ਗਰੁੱਪ ਦੀ ਸ਼ਾਨਦਾਰ ਸਫਲਤਾ ਦੇ ਨਾਲ ਸਮਾਪਤ ਹੋਇਆ ਭਾਰਤ ਟੈਕਸ 2024



ਬਰਨਾਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਟੈਕਸ, 2024 ਟੈਕਸਟਾਈਲ ਉਦਯੋਗ ਦਾ ਪ੍ਰਮੁੱਖ ਇਵੈਂਟ ਹੈ, ਜੋ ਹਾਲ ਹੀ ਵਿੱਚ ਦਿੱਲੀ ਵਿੱਚ ਸਮਾਪਤ ਹੋਇਆ ਅਤੇ ਸੈਕਟਰ ਦੀ ਤਰੱਕੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਇਆ। ਟ੍ਰਾਈਡੈਂਟ ਗਰੁੱਪ, ਇੱਕ ਮਸ਼ਹੂਰ ਗਲੋਬਲ ਟੈਕਸਟਾਈਲ ਸਮੂਹ ਇਸ ਸਮਾਗਮ ਵਿੱਚ ਨਵੀਨਤਾ ਅਤੇ ਉੱਤਮਤਾ ਦੇ ਪ੍ਰਤੀਕ ਵਜੋਂ ਉਭਰਿਆ। ਭਾਰਤ ਦੀ ਰਾਜਧਾਨੀ, ਨਵੀਂ ਦਿੱਲੀ ਵਿੱਚ ਆਯੋਜਿਤ, ਇਸ ਸਮਾਗਮ ਨੇ ਬਹੁਤ ਧਿਆਨ ਖਿੱਚਿਆ ਅਤੇ ਦੁਨੀਆ ਭਰ ਦੇ ਇਸ ਖੇਤਰ ਦੇ ਪ੍ਰਮੁੱਖ ਖਿਡਾਰੀਆਂ ਨੇ ਇਸ ਵਿਚ ਸ਼ਮੂਲੀਅਤ ਕੀਤੀ। ਟ੍ਰਾਈਡੈਂਟ ਦੇ ਪੈਵੇਲੀਅਨ ਨੇ ਭਾਰਤ ਟੇਕਸ ਵਿਖੇ ਸਭ ਤੋਂ ਵੱਧ ਦਰਸ਼ਕਾਂ ਨੂੰ ਆਕਰਸ਼ਿਤ ਕੀਤਾ ਅਤੇ 7000 ਤੋਂ ਵਧ ਉਤਸ਼ਾਹੀ ਦਰਸ਼ਕਾਂ ਨੂੰ ਪਾਰ ਕੀਤਾ। ਸੰਗਠਨ ਨੇ ਟੈਕਸਟਾਈਲ ਦੇ ਭਵਿੱਖ ਨੂੰ ਆਕਾਰ ਦੇਣ ਲਈ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ। ਭਾਰਤ ਟੇਕਸ ਪ੍ਰਦਰਸ਼ਨੀ ਨੇ ਨਾ ਸਿਰਫ਼ ਟ੍ਰਾਈਡੈਂਟ ਦੇ ਅਤਿ-ਆਧੁਨਿਕ ਉਤਪਾਦਾਂ ਨੂੰ ਉਜਾਗਰ ਕੀਤਾ ਸਗੋਂ ਸੰਗਠਨ ਦੇ ਸਾਂਝੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਨੂੰ ਵੀ ਦਰਸਾਇਆ।

ਦਰਸ਼ਕਾਂ ਨੂੰ ਆਰਾਮ ਅਤੇ ਲਗਜ਼ਰੀ ਦੇ ਪੰਜ ਵੱਖ-ਵੱਖ ਪਹਿਲੂਆਂ ਦੇ ਆਲੇ ਦੁਆਲੇ ਘੁੰਮਦੇ ਇੱਕ ਅਤਿ ਆਕਰਸ਼ਣ ਵਾਲੇ ਅਨੁਭਵ ਦਾ ਏਹਸਾਸ ਕਰਾਇਆ ਗਿਆ,ਜੋ ਸਾਰੇ ਇੱਕ ਥਾਂ ਵਿੱਚ ਸਹਿਜੇ ਹੀ ਏਕੀਕ੍ਰਿਤ ਸਨ। ਆਲੀਸ਼ਾਨ ਫੈਬਰਿਕਸ ਤੋਂ ਨਵੀਨਤਾਕਾਰੀ ਟੈਕਸਟਾਈਲ ਹੱਲਾਂ ਤੱਕ, ਟ੍ਰਾਈਡੈਂਟ ਗਰੁੱਪ ਨੇ ਹਾਜ਼ਰੀਨ ਤੇ ਇੱਕ ਸਥਾਈ ਪ੍ਰਭਾਵ ਛੱਡਿਆ ਜੋ ਗੁਣਵੱਤਾ ਅਤੇ ਰਚਨਾਤਮਕਤਾ ਲਈ ਨਵੇਂ ਮਾਪਦੰਡ ਸਥਾਪਤ ਕਰੇਗਾ। ਟ੍ਰਾਈਡੈਂਟ ਗਰੁੱਪ ਦੇ ਮੇਮਬ੍ਰਾਂ ਨੇ 11 ਟੈਕਸਟਾਈਲ ਐਕਸਪੋਰਟ ਪ੍ਰਮੋਸ਼ਨ ਕੌਂਸਲਾਂ ਅਤੇ ਟੈਕਸਟਾਈਲ ਮੰਤਰਾਲੇ ਦੇ ਸਹਿਯੋਗ ਨਾਲ ਇਸ ਬੇਮਿਸਾਲ ਮੌਕੇ ਦਾ ਆਯੋਜਨ ਕਰਨ ਲਈ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮਾਨ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ, ਬਜਟ ਵਿੱਚ ਸਿੰਜਾਈ ਪ੍ਰਣਾਲੀ ਦੀ ਮਜ਼ਬੂਤੀ ਲਈ 2107 ਕਰੋੜ ਰੁਪਏ ਰੱਖੇ: ਚੇਤਨ ਸਿੰਘ ਜੌੜਾਮਾਜਰਾ

ਚੰਡੀਗੜ੍ਹ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਤੀਜੇ ਬਜਟ ਨੂੰ ਕਿਸਾਨਾਂ ਦੀ ਭਲਾਈ ਅਤੇ ਪੇਂਡੂ ਇਲਾਕੇ ਲਈ ਵਿਕਾਸ ਮੁਖੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਬਜਟ ਨਾਲ ਸੂਬੇ ਵਿੱਚ ਸਿੰਜਾਈ ਸਹੂਲਤਾਂ ਹੋਰ ਮਜ਼ਬੂਤ ਹੋਣਗੀਆਂ।ਸ. ਜੌੜਾਮਾਜਰਾ ਨੇ ਕਿਹਾ ਕਿ ਸੂਬੇ ਵਿੱਚ ਨਹਿਰੀ ਨੈਟਵਰਕ ਨੂੰ ਵਧੇਰੇ ਮਜ਼ਬੂਤ ਕਰਨ ਲਈ ਵਿੱਤੀ ਸਾਲ 2024-25 ਲਈ ਸਰਕਾਰ ਨੇ 2,107 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜੋ ਦਰਸਾਉਂਦਾ ਹੈ ਕਿ ਸਰਕਾਰ ਜਿੱਥੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਵਚਨਬੱਧ ਹੈ, ਉਥੇ ਕਿਸਾਨਾਂ ਲਈ ਸਿੰਜਾਈ ਦੇ ਸਥਾਈ ਅਤੇ ਦੀਰਘਕਾਲੀ ਪ੍ਰਬੰਧ ਕਰਨ ਲਈ ਤਤਪਰ ਹੈ।

ਜਲ ਸਰੋਤ ਮੰਤਰੀ ਨੇ ਕਿਹਾ ਕਿ ਸਿੰਜਾਈ ਸਹੂਲਤਾਂ ਨੂੰ ਪਹਿਲ ਦੇਣ ਵਾਲੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਸੋਚ ਤੋਂ ਸੇਧ ਲੈ ਕੇ ਸਰਕਾਰ ਨੇ ਇੱਕ ਨਵੇਂ ਮਾਲਵਾ ਕੈਨਾਲ ਪ੍ਰਾਜੈਕਟ ਦੀ ਤਜਵੀਜ਼ ਰੱਖੀ ਹੈ। ਇਸ ਪਹਿਲਕਦਮੀ ਦਾ ਟੀਚਾ ਲਗਭਗ 1,78,000 ਏਕੜ ਨੂੰ ਕਵਰ ਕਰਨਾ ਹੈ, ਜਿਸ ਨਾਲ ਬਠਿੰਡਾ, ਫ਼ਰੀਦਕੋਟ, ਫ਼ਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਨੂੰ ਲਾਭ ਹੋਵੇਗਾ। ਇਸ ਪ੍ਰਾਜੈਕਟ ਦਾ ਉਦੇਸ਼ ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਨੂੰ ਘਟਾਉਣਾ ਅਤੇ ਹਾੜ੍ਹੀ ਦੇ ਸਮੇਂ ਦੌਰਾਨ ਬਿਆਸ-ਸਤਲੁਜ ਦਰਿਆ ਦੇ ਪਾਣੀ ਦੀ ਘੱਟ ਵਰਤੋਂ ਵਾਲੇ ਪੰਜਾਬ ਦੇ ਹਿੱਸੇ ਨੂੰ ਅਨੁਕੂਲ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਵਿੱਚ ਜਲ ਭੰਡਾਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਨਾਲ 37,173 ਹੈਕਟੇਅਰ ਦੀ ਵਾਧੂ ਸਿੰਜਾਈ ਸਮਰੱਥਾ ਪੈਦਾ ਹੋਵੇਗੀ ਅਤੇ ਨਾਲ ਹੀ ਯੂ.ਬੀ.ਡੀ.ਸੀ. ਪ੍ਰਣਾਲੀ ਅਧੀਨ



1.18 ਲੱਖ ਹੈਕਟੇਅਰ ਖੇਤਰ ਭਾਵ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਅਤੇ ਪਠਾਨਕੋਟ ਵਿੱਚ ਸਿੰਜਾਈ ਹੋ ਸਕੇਗੀ। 206 ਮੈਗਾਵਾਟ ਦੀ ਸਥਾਪਿਤ ਸਮਰੱਥਾ ਵਾਲਾ ਹਾਈਡਲ ਪਾਵਰ ਪਲਾਂਟ ਛੇਤੀ ਪੂਰਾ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਨੇਕ-ਨੀਅਤੀ ਨਾਲ ਜਲ ਮਾਰਗਾਂ ਦੀ ਲਾਈਨਿੰਗ ਦੇ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਰਾਜ ਭਰ ਵਿੱਚ 80 ਕਰੋੜ ਰੁਪਏ ਦੇ ਕੰਮ ਪਹਿਲਾਂ ਹੀ ਸ਼ੁਰੂ ਕੀਤੇ ਜਾ ਚੁੱਕੇ ਹਨ। ਵਿੱਤੀ ਸਾਲ 2024-25 ਵਿੱਚ ਨਵੇਂ ਪ੍ਰਾਜੈਕਟਾਂ-ਉਸਾਰੀ/ਰੀ-ਮਾਡਲਿੰਗ ਅਤੇ ਲਾਈਨਿੰਗ/ਰੀ-ਲਾਈਨਿੰਗ ਦੇ ਕੰਮਾਂ ਲਈ 143 ਕਰੋੜ ਰੁਪਏ ਅਤੇ ਰਾਜਸਥਾਨ ਅਤੇ ਸਰਹਿੰਦ ਫ਼ੀਡਰ ਦੀ ਰੀ-ਲਾਈਨਿੰਗ ਨੂੰ ਪੂਰਾ ਕਰਨ ਲਈ 150 ਕਰੋੜ ਰੁਪਏ ਰਾਖਵੇਂ ਰੱਖੇ ਹਨ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਧਰਤੀ ਹੇਠਲੇ ਘੱਟ ਰਹੇ ਪਾਣੀ ਦੀ ਸਮੱਸਿਆ ਪ੍ਰਤੀ ਸੁਚੇਤ ਹੈ। ਇਸ ਲਈ ਕਿਸਾਨਾਂ ਨੂੰ ਸਿੰਜਾਈ ਲਈ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਉਣ ਹਿੱਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ 194 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਪਲੱਬਧ ਜ਼ਮੀਨੀ ਅਤੇ ਧਰਤੀ ਹੇਠਲੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਲਈ ਸਰਕਾਰ ਵੱਲੋਂ ਖੇਤਾਂ ਵਿੱਚ ਵੱਖ-ਵੱਖ ਜਲ ਸੰਭਾਲ ਤਕਨੀਕਾਂ ਜਿਵੇਂ ਸੂਖਮ ਸਿੰਜਾਈ ਅਤੇ ਧਰਤੀ ਹੇਠ ਪਾਈਪਲਾਈਨਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਚਾਲੂ ਸਾਲ ਦੌਰਾਨ 13,016 ਹੈਕਟੇਅਰ ਖੇਤਰ ਨੂੰ ਇਸ ਦਾ ਲਾਭ ਹੋਇਆ ਹੈ। ਮਿੱਟੀ ਅਤੇ ਪਾਣੀ ਦੀ ਸੰਭਾਲ ਲਈ 194 ਕਰੋੜ ਰੁਪਏ ਦੇ ਬਜਟ ਦੀਆਂ ਤਜਵੀਜ਼ਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਸਿੰਜਾਈ ਲਈ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਉਣ ਹਿੱਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਦੋ ਨਵੇਂ ਨਾਬਾਰਡ ਪ੍ਰਾਜੈਕਟ ਸ਼ੁਰੂ ਕਰਨ ਦੀਆਂ ਤਜਵੀਜ਼ਾਂ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਨੂੰ ਘੱਟ ਕਰਨ ਲਈ ਸਰਕਾਰ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਲਗਭਗ 3,461 ਕਿਲੋਮੀਟਰ ਡਰੇਨਾਂ ਦੇ ਸਫ਼ਾਈ ਕਾਰਜਾਂ ਅਤੇ ਜ਼ਮੀਨੀ ਪੱਧਰ ’ਤੇ 68 ਹੜ੍ਹ ਸੁਰੱਖਿਆ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ 100 ਕਰੋੜ ਰੁਪਏ ਅਲਾਟ ਕੀਤੇ ਗਏ। ਇਸ ਤੋਂ ਇਲਾਵਾ ਲਗਾਤਾਰ ਮੀਂਹ ਅਤੇ ਹੜ੍ਹਾਂ ਦੇ ਪਾਣੀ ਕਾਰਨ ਵੱਡੀਆਂ ਨਦੀਆਂ ਵਿੱਚ ਪਾੜ ਨੂੰ ਦੂਰ ਕਰਨ ਲਈ 192 ਕਰੋੜ ਰੁਪਏ ਖ਼ਰਚ ਕੀਤੇ ਗਏ।

# ਟਾਟਾ ਮੋਟਰਸ ਨੇ ਆਪਣੀ ਅਗਲੀ ਪੀੜ੍ਹੀ ਅਤੇ ਈਕੋ-ਅਨੁਕੂਲ ਵਪਾਰਕ ਵਾਹਨ ਟਾਟਾ ਸਟੀਲ ਨੂੰ ਸੌਂਪ ਦਿੱਤੇ ਹਨ



ਲੁਧਿਆਣਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੀ ਸਭ ਤੋਂ ਵੱਡੀ ਵਪਾਰਕ ਵਾਹਨ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨੇ ਅੱਜ ਆਪਣੀ ਅਗਲੀ ਪੀੜ੍ਹੀ ਦੇ ਹਰੇ ਬਾਲਣ ਵਾਲੇ ਵਪਾਰਕ ਵਾਹਨਾਂ ਨੂੰ ਟਾਟਾ ਸਟੀਲ ਨੂੰ ਸੌਂਪ ਦਿੱਤਾ ਹੈ। ਇਨ੍ਹਾਂ ਵਾਹਨਾਂ ਵਿੱਚ ਪ੍ਰਾਈਮਾ ਟਰੈਕਟਰ, ਟਿੱਪਰ ਅਤੇ ਅਲਟਰਾ ਈਵੀ ਬੱਸਾਂ ਸ਼ਾਮਲ ਹਨ। ਇਹ ਵਾਹਨ ਤਰਲ ਕੁਦਰਤੀ ਗੈਸ (©©7) ਅਤੇ ਬੈਟਰੀ ਇਲੈਕਟ੍ਰਿਕ ਤਕਨਾਲੋਜੀ ’ਤੇ ਚੱਲਦੇ ਹਨ। ਇਨ੍ਹਾਂ ਗੱਡੀਆਂ ਨੂੰ ਟਾਟਾ ਸੰਨਜ਼ ਦੇ ਚੇਅਰਮੈਨ ਸ੍ਰੀ ਐਨ. ਚੰਦਰਸ਼ੇਖਰਨ ਨੇ ਜਮਸ਼ੇਦਪੁਰ ਵਿੱਚ ਚੱਲ ਰਹੇ ਟਾਟਾ ਗਰੁੱਪ ਦੇ ਸੰਸਥਾਪਕ ਦਿਵਸ ਸਮਾਰੋਹ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ’ਤੇ ਟਾਟਾ ਸਟੀਲ ਦੇ ਸੀਈਓ ਅਤੇ ਪ੍ਰਬੰਧ ਨਿਰਦੇਸ਼ਕ ਸ਼੍ਰੀ ਟੀਵੀ ਨਰੇਂਦਰਨ, ਟਾਟਾ ਮੋਟਰਜ਼ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਗਿਰੀਸ਼ ਵਾਘ ਅਤੇ ਉਨ੍ਹਾਂ ਦੀਆਂ ਲੀਡਰਸ਼ਿਪ ਟੀਮਾਂ ਦੇ ਸੀਨੀਅਰ ਮੈਂਬਰ ਮੌਜੂਦ ਸਨ। ਟਾਟਾ ਮੋਟਰਜ਼ ਦੇ ਨਾਲ ਸਾਡੀ ਲੰਬੇ ਸਮੇਂ ਦੀ ਸਾਂਝੇਦਾਰੀ ’ਤੇ ਟਿੱਪਣੀ ਕਰਦੇ ਹੋਏ, ਟੀ.ਵੀ ਨਰੇਂਦਰਨ, ਮੁੱਖ ਕਾਰਜਕਾਰੀ ਅਧਿਕਾਰੀ ਅਤੇ ਟਾਟਾ ਸਟੀਲ ਦੇ ਪ੍ਰਬੰਧ ਨਿਰਦੇਸ਼ਕ, ਨੇ ਕਿਹਾ: ਇਹ ਸਪਲਾਈ ਟਾਟਾ ਮੋਟਰਜ਼ ਦੇ ਨਾਲ ਸਾਡੀ ਲੰਬੇ ਸਮੇਂ ਦੀ ਵਚਨਬੱਧਤਾ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ। ਆਪੋ-ਆਪਣੇ ਉਦਯੋਗਾਂ ਵਿੱਚ ਆਗੂ ਹੋਣ ਦੇ ਨਾਤੇ, ਟਾਟਾ ਸਟੀਲ ਅਤੇ ਟਾਟਾ ਮੋਟਰਜ਼ ਦਾ ਸਥਿਰਤਾ ਅਤੇ ਨਵੀਨਤਾ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ ਹੈ। ਸਾਡੀ ਸੰਯੁਕਤ ਮੁਹਾਰਤ ਅਤੇ ਸਰੋਤਾਂ ਦੀ ਵਰਤੋਂ ਕਰਕੇ, ਅਸੀਂ ਆਪਣੇ ਸਬੰਧਤ ਉਦਯੋਗਾਂ ਵਿੱਚ ਕ੍ਰਾਂਤੀ ਲਿਆ ਰਹੇ ਹਾਂ। ਅਸੀਂ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਲੈਣ ਦਾ ਰਾਹ ਵੀ ਦਿਖਾ ਰਹੇ ਹਾਂ। ਇਕੱਠੇ, ਅਸੀਂ ਸਕਾਰਾਤਮਕ ਤਬਦੀਲੀ ਨੂੰ ਪ੍ਰੇਰਿਤ ਕਰਨ ਅਤੇ ਵਾਤਾਵਰਣ-ਅਨੁਕੂਲ ਹੱਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਇਹ ਹੱਲ ਨਾ ਸਿਰਫ਼ ਸਾਡੇ ਕਾਰੋਬਾਰਾਂ ਨੂੰ ਲਾਭ ਪਹੁੰਚਾਉਣਗੇ, ਸਗੋਂ ਆਉਣ ਵਾਲੇ ਕੱਲ੍ਹ ਨੂੰ ਹਰਿਆ ਭਰਿਆ ਬਣਾਉਣ ਵਿੱਚ ਵੀ ਯੋਗਦਾਨ ਪਾਉਣਗੇ।

# ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ ਵਿੱਚ ਨਵੀਂ ਸ਼ੂਟਿੰਗ ਰੇਂਜ ਦਾ ਉਦਘਾਟਨ !



ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ ਇਲਾਕੇ ਦਾ ਪ੍ਰਸਿੱਧ ਸਕੂਲ ਹੈ। ਇਸ ਨੇ ਇਸ ਸਾਲ ਕਿੱਕਬਾਕਸਿੰਗ ਅਤੇ ਐਥਲੈਟਿਕਸ ਵਿੱਚ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ।

ਗੁਰਵਿੰਦਰ ਸਿੰਘ, ਗੈਵੀ ਸ਼ਰਮਾ ਅੰਤਰਰਾਸ਼ਟਰੀ ਖਿਡਾਰੀ ਹਨ ਜਦਕਿ ਜਸਕਰਨ, ਦੀਪਿਕਾ ਅਤੇ ਮਹਿਕਪ੍ਰੀਤ ਕਿੱਕਬਾਕਸਿੰਗ ਦੇ ਰਾਸ਼ਟਰੀ ਖਿਡਾਰੀ ਹਨ। ਸਹਿਨੂਰ ਬਾਵਾ, ਜਸਕਰਨ ਸਿੰਘ, ਗੁਰਵੀਰ ਸਿੰਘ ਅਤੇ ਅਭਿਜੀਤ ਸਿੰਘ ਅਥਲੈਟਿਕਸ ਦੇ ਨੈਸ਼ਨਲ ਖਿਡਾਰੀ ਹਨ। ਇੱਥੇ ਸਕੂਲ ਵਿੱਚ ਅਕਾਦਮਿਕ ਅਤੇ ਪਾਠਕ੍ਰਮ ਦੀਆਂ ਗਤੀਵਿਧੀਆਂ ਨੂੰ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ।

ਮੈਨੇਜਮੈਂਟ ਨੇ ਦੋ ਨਵੀਆਂ ਸ਼ੂਟਿੰਗ ਰੇਂਜ ਦੇ ਉਦਘਾਟਨ ਦੀ ਘੋਸ਼ਣਾ ਕਰਦਿਆਂ ਬਹੁਤ ਖੁਸ਼ੀ ਮਹਿਸੂਸ ਕੀਤੀ ਹੈ ਅਤੇ ਵਿਦਿਆਰਥੀਆਂ ਨੂੰ ਪੇਸ਼ੇਵਰ ਤੌਰ ’ਤੇ ਸਿਖਲਾਈ ਦੇਣ ਲਈ ਇੱਕ ਹੁਨਰਮੰਦ ਕੋਚ ਕੁਮਾਰੀ ਤਮਸ਼ਾ ਨੂੰ ਨਿਯੁਕਤ ਕੀਤਾ ਗਿਆ ਹੈ।

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਅਤੇ ਸਟਾਫ ਨੇ ਵਿਦਿਆਰਥੀਆਂ ਲਈ ਸ਼ੂਟਿੰਗ ਰੇਂਜ ਮੁਹੱਈਆ ਕਰਵਾਉਣ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਸ਼ਿਵ ਸੈਨਾ ਹਿੰਦੁਸਤਾਨ ਲੋਕ ਸਭਾ ਚੋਣਾਂ ’ਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ : ਪਵਨ ਗੁਪਤਾ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਆਗਾਮੀ ਲੋਕ ਸਭਾ ਚੋਣਾਂ ਆਪਣੇ ਪ੍ਰਭਾਵ ਅਧੀਨ ਰਾਜਾਂ ਵਿੱਚ ਵੱਡੇ ਪੱਧਰ ’ਤੇ ਲੜਨ ਜਾ ਰਹੀਆਂ ਹਨ। ਪਾਰਟੀ ਆਪਣੇ ਏਜੰਡੇ ’ਤੇ ਲੋਕ ਸਭਾ ਚੋਣਾਂ ’ਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਇਸ ਸਬੰਧ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੇਨਾ ਦੇ ਕੌਮੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਿਆਂ ਦੇ ਸੀਨੀਅਰ ਆਗੂਆਂ ਨਾਲ ਹੰਗਾਮੀ ਮੀਟਿੰਗ ਕਰ ਰਹੇ ਹਨ। ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਨਾਲ-ਨਾਲ ਸੰਭਾਵੀ ਉਮੀਦਵਾਰਾਂ ਦੇ ਨਾਵਾਂ ’ਤੇ ਵੀ ਚਰਚਾ ਕੀਤੀ ਜਾ ਰਹੀ ਹੈ।

ਇਸ ਮੁਹਿੰਮ ਤਹਿਤ ਕੱਲ੍ਹ ਖੰਨਾ ਵਿਖੇ ਇੱਕ ਮੀਟਿੰਗ ਕੀਤੀ ਗਈ ਅਤੇ ਅੱਜ ਪਟਿਆਲਾ ਵਿਖੇ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਪਾਰਟੀ ਦੇ ਕੌਮੀ ਸਲਾਹਕਾਰ ਸ੍ਰੀ ਹੇਮਰਾਜ ਗੋਇਲ ਸਮੇਤ ਵੱਡੀ ਗਿਣਤੀ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਆਗੂਆਂ ਨੇ ਸ਼ਮੂਲੀਅਤ ਕੀਤੀ। (ਸਵਰਗੀ ਸ਼੍ਰੀ ਲਲਿਤ ਭਾਟੀਆ ਸੇਵਾਮੁਕਤ ਡੀ.ਜੀ.ਪੀ. ਪੰਜਾਬ ਪੁਲਿਸ) ਦੀ ਧਰਮ ਪਤਨੀ ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ, ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਸ਼ਮਾਕਾਂਤ ਪਾਂਡੇ ਉਪ ਪ੍ਰਧਾਨ ਪੰਜਾਬ ਜ਼ਿਲਾ ਇੰਚਾਰਜ ਪਟਿਆਲਾ, ਸ਼੍ਰੀ ਕੇ.ਕੇ. ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਐਡਵੋਕੇਟ ਸ਼੍ਰੀ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਕਾਨੂੰਨੀ ਸੈਨਾ, ਸ੍ਰੀ ਅਮਰਜੀਤ ਬੰਟੀ ਪੰਜਾਬ ਇੰਚਾਰਜ ਹਿੰਦੁਸਤਾਨ ਯੁਵਾ ਸੈਨਾ, ਸ੍ਰੀ ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ, ਸ੍ਰੀ ਰਵਿੰਦਰ ਸਿੰਗਲਾ ਉਪ ਪ੍ਰਧਾਨ ਪੰਜਾਬ, ਸ੍ਰੀ ਦੀਪਕ ਵਸ਼ਿਸ਼ਟ ਜਿਲ੍ਹਾ ਪ੍ਰਧਾਨ ਪਟਿਆਲਾ, ਸ਼੍ਰੀ ਰਿੰਕੂ ਸ਼ਰਮਾ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ, ਸ਼੍ਰੀ ਰਾਕੇਸ਼ ਕੁਮਾਰ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ ਹਾਜਰ ਸਨ।



ਇਸ ਮੀਟਿੰਗ ਵਿੱਚ ਪਟਿਆਲਾ ਵਿਖੇ ਲੋਕ ਸਭਾ ਚੋਣਾਂ ਲਈ ਸਾਰੇ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਪਾਰਟੀ ਦੇ ਚਾਰ ਸੀਨੀਅਰ ਆਗੂਆਂ ਨੇ ਲੋਕ ਸਭਾ ਚੋਣਾਂ ਲੜਨ ਲਈ ਆਪਣੇ ਨਾਵਾਂ ਦਾ ਪ੍ਰਸਤਾਵ ਰੱਖਿਆ।

ਇਨ੍ਹਾਂ ਪ੍ਰਸਤਾਵਿਤ ਨਾਵਾਂ ਵਿੱਚੋਂ ਪ੍ਰਮੁੱਖ ਨਾਮ ਸਨ 1) ਸ਼੍ਰੀ. ਕੇ ਕੇ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, 2) ਐਡਵੋਕੇਟ ਸ਼੍ਰੀ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਕਾਨੂੰਨੀ ਸੈਨਾ, 3) ਸ਼੍ਰੀ ਸ਼ਮਾ ਕਾਂਤ ਪਾਂਡੇ ਪੰਜਾਬ ਮੀਤ ਪ੍ਰਧਾਨ ਅਤੇ ਜ਼ਿਲਾ ਇੰਚਾਰਜ ਪਟਿਆਲਾ, 4) ਸ਼੍ਰੀ ਦੀਪਕ ਵਸ਼ਿਸ਼ਟ।
ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ।

ਜ਼ਿਲ੍ਹਾ ਪੱਧਰੀ ਪਾਰਟੀ ਮੀਟਿੰਗ ਵਿੱਚ ਮਤਾ ਪਾਸ ਕਰਕੇ ਜਿਸ ਆਗੂ ਨੂੰ ਪਾਰਟੀ ਦਾ ਅਧਿਕਾਰਤ ਉਮੀਦਵਾਰ ਐਲਾਨਿਆ ਜਾਵੇਗਾ, ਉਸ ਨੂੰ ਪਾਰਟੀ ਦੇ ਸਾਰੇ ਆਗੂ ਆਪਣਾ ਸਮਰਥਨ ਦੇਣਗੇ। ਅਜਿਹਾ ਮਤਾ ਪ੍ਰਗਟ ਕੀਤਾ ਗਿਆ।

ਪਾਰਟੀ ਮੀਟਿੰਗ ਤੋਂ ਬਾਅਦ ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਨੇ ਐਲਾਨ ਕੀਤਾ ਕਿ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੇ ਨਾਲ-ਨਾਲ ਦੇਸ਼ ਦੇ 10 ਰਾਜਾਂ ਵਿੱਚ ਵੱਧ ਤੋਂ ਵੱਧ ਉਮੀਦਵਾਰ ਖੜ੍ਹੇ ਕਰਨ ਜਾ ਰਹੀ ਹੈ। ਪਾਰਟੀ ਆਗਾਮੀ ਲੋਕ ਸਭਾ ਚੋਣਾਂ ਆਪਣੇ ਏਜੰਡੇ ’ਤੇ ਲੜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਲਗਾਤਾਰ ਵਿਗੜਦਾ ਜਾ ਰਿਹਾ ਹੈ, ਹਰ ਪਾਸੇ ਗੁੰਡਾਗਰਦੀ ਦਾ ਰਾਜ ਹੈ ਅਤੇ ਹਸਪਤਾਲਾਂ ਦੇ ਐਮਰਜੈਂਸੀ ਵਾਰਡ ਵੀ ਸੁਰੱਖਿਅਤ ਨਹੀਂ ਹਨ। ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪੰਜਾਬ ਦੇ ਮੁੱਖ ਮੰਤਰੀ ਅਤੇ ਡੀਜੀਪੀ ਪੰਜਾਬ ਪੁਲਿਸ ਨੂੰ ਇਸ ਮਾਮਲੇ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਪਿਛਲੀਆਂ ਸੂਬਾ ਸਰਕਾਰਾਂ ਵਾਂਗ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਪੰਜਾਬ ਦੇ 45% ਹਿੰਦੂਆਂ ਦੇ ਜ਼ਖ਼ਮਾਂ ’ਤੇ ਮੱਲ੍ਹਮ ਨਹੀਂ ਲਗਾਈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ 35000 ਹਿੰਦੂ ਅੱਤਵਾਦ ਪੀੜਤਾਂ ਲਈ ਪ੍ਰਵਾਨ ਕੀਤੇ 781 ਕਰੋੜ ਰੁਪਏ ਦਾ ਪੈਕੇਜ ਦੇਣ ਲਈ ਕੋਈ ਉਪਰਾਲਾ ਨਹੀਂ ਕੀਤਾ।

# ਬਲਾਕ ਪ੍ਰਧਾਨ ਰਜਨੀਸ਼ ਰਾਜੂ ਨੇ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਦੇ ਦਿਸ਼ਾ ਨਿਰਦੇਸ਼ਾ ਤੇ ਮੰਡੀ ਦੇ ਫੜ ਦਾ ਕੰਮ ਕਰਵਾਇਆ ਸ਼ੁਰੂ



ਬਠਿੰਡਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਗੋਨੇਆਣਾ ਦੇ ਲਾਗਲੇ ਪਿੰਡ ਜੰਡਾਂਵਾਲਾ ਵਿਖੇ ਸਥਿੱਤ ਅਨਾਜ ਮੰਡੀ ਵਿੱਚ ਕਿਸਾਨ ਭਰਾਵਾਂ ਦੀ ਸਹੂਲਤ ਨੂੰ ਦੇਖਦੇ ਹੋਏ ਫ਼ੜ ਦਾ ਕੰਮ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਰਜਨੀਸ਼ ਕੁਮਾਰ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਨੇ ਆਪਣੇ ਨਾਲਦੇ ਸਾਥੀ ਜਸਵੀਰ ਸਿੰਘ ਜੀਦਾ ਬਲਾਕ ਪ੍ਰਧਾਨ ਨਾਲ ਮਿਲਕੇ ਸ਼ੁਰੂ ਕਰਵਾਇਆ , ਇਥੇ ਜਿਕਰਯੋਗ ਹੈ ਕਿ ਪੁਰਾਣੀਆਂ ਸਰਕਾਰਾਂ ਵੱਲੋਂ ਅਖੋ ਪਰੋਖੇ ਕਿਤੇ ਗਏ ਕੰਮਾਂ ਨੂੰ ਪੰਜਾਬ ਸਰਕਾਰ ਆਪ ਪਹਿਲਕਦਮੀ ਕਰਕੇ ਪੂਰੇ ਕਰਵਾ ਰਹੀ ਹੈ ਉਸੇ ਲੜੀ ਤਹਿਤ ਅੱਜ ਪਿੰਡ ਜੰਡਾਂਵਾਲਾ ਦੀ ਅਨਾਜ ਮੰਡੀ ਦੇ ਫੜ ਦਾ ਕੰਮ ਸ਼ੁਰੂ ਕਰਵਾਇਆ ਗਿਆ ਤਾਂ ਜੋ ਫਸਲ ਆਉਣ ਤੋਂ ਪਹਿਲਾਂ ਇਹ ਕੰਮ ਪੂਰਾ ਹੋ ਸਕੇ ਅਤੇ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੈ, ਰਜਨੀਸ਼ ਕੁਮਾਰ ਰਾਜੂ ਨੇ ਅੱਗੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕੇ ਪੰਜਾਬ ਸਰਕਾਰ ਹਰ ਵਰਗ ਨੂੰ ਅਪਣਾ ਸਮਜ ਕੇ ਕੰਮ ਕਰ ਰਹੀ ਹੈ ਕਿਸੇ ਵੀ ਵਰਗ ਨੂੰ ਅਣਗੌਲਿਆ ਨਹੀਂ ਜਾਵੇਗਾ , ਪਹਿਲੀਆਂ ਸਰਕਾਰਾਂ ਵਾਂਗ ਆਖ਼ਰੀ ਸਾਲ ਵਿਚ ਜਾਕੇ ਕੰਮ ਕਰਨ ਵਾਲੀ ਨੀਤੀ ਤੋ ਮਾਨ ਸਰਕਾਰ ਬਹੁਤ ਦੂਰ ਹੈ ਅਤੇ ਭਗਵੰਤ ਸਿੰਘ ਮਾਨ ਵਾਲੀ ਪੰਜ਼ਾਬ ਸਰਕਾਰ ਪਹਿਲੇ ਦਿਨ ਤੋ ਜਨਤਾ ਦੇ ਕੰਮ ਕਰਨ ਵਿਚ ਲੱਗੀ ਹੋਈ ਹੈ, ਇਸ ਮੌਕੇ ਓਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਜੇ. ਈ. ਰੁਪਿੰਦਰ ਸਿੰਘ, ਹਰਪ੍ਰੀਤ ਸਿੰਘ ਜੰਡਾਂਵਾਲਾ, ਹਰਜਿੰਦਰ ਸਿੰਘ ਸੋਸ਼ਲ ਮੀਡੀਆ ਇੰਚਾਰਜ, ਪਿੰਡ ਇੰਚਾਰਜ ਗੋਰਾ ਸਿੰਘ, , ਸ਼ੋਸ਼ਲ ਮੀਡੀਆ ਇੰਚਾਰਜ ਗੁਰਦਾਸ ਮੁੰਹਮਦ, ਲਖਵੀਰ ਸਿੰਘ ਜੰਡਾਂਵਾਲਾ,ਇੰਦਰਜੀਤ ਕਾਲੜਾ ਬਲਾਕ ਮੀਡੀਆ ਇੰਚਾਰਜ ਅਤੇ ਬਹੁਤ ਸਾਰੇ ਵਲੰਟੀਅਰ ਸਾਹਿਬਾਨ ਹਾਜ਼ਰ ਸਨ

# ਖਰਚਾ ਨਿਗਰਾਨ ਟੀਮਾਂ ਦੀ ਹੋਈ ਟਰੇਨਿੰਗ; ਐਸ.ਐਸ.ਟੀ ਅਤੇ ਐਫ.ਐਸ.ਟੀ ਟੀਮਾਂ ਨੂੰ ਦਿੱਤੀ ਟਰੇਨਿੰਗ



ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਚੋਣ ਖਰਚਾ ਨਿਗਰਾਨ ਟੀਮਾਂ ਦੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਟਰੇਨਿੰਗ ਕਰਵਾਈ ਗਈ। ਪੁੱਡਾ ਦੇ ਈ.ਓ. ਦੀਪਜੋਤ ਕੌਰ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਹਲਕਿਆਂ ਵਿੱਚ ਨਿਯੁਕਤ ਸਟੈਟਿਕ ਸਰਵੇਲੈਂਸ ਟੀਮਾਂ (ਐਸ.ਐਸ.ਟੀ) ਅਤੇ ਫਲਾਇੰਗ ਸਕੁਐਡ ਟੀਮਾਂ (ਐਫ.ਐਸ.ਟੀ) ਦੇ ਮੈਂਬਰਾਂ ਨੂੰ ਟਰੇਨਿੰਗ ਪ੍ਰਦਾਨ ਕੀਤੀ ਗਈ।

ਇਸ ਟਰੇਨਿੰਗ ਦਾ ਮਕਸਦ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਨਿਗਰਾਨ ਟੀਮਾਂ ਵੱਲੋਂ ਚੋਣਾਂ ਦੌਰਾਨ ਹੋਣ ਵਾਲੇ ਖਰਚੇ ਦੀ ਮੁਸਤੈਦ ਨਿਗਰਾਨੀ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦੇਣਾ ਸੀ।

ਟਰੇਨਿੰਗ ਦੌਰਾਨ ਪੁੱਡਾ ਦੇ ਈ.ਓ. ਦੀਪਜੋਤ ਕੌਰ ਨੇ ਹਾਜ਼ਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਗਾਮੀ ਲੋਕ ਸਭਾ ਚੋਣਾਂ ਮੌਕੇ ਸਮੁੱਚੀ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰੇਕ ਪਹਿਲੂ ’ਤੇ ਬਾਰੀਕੀ ਨਾਲ ਟਰੇਨਿੰਗ ਹਾਸਲ ਕਰਨ ਦੀ ਹਦਾਇਤ ਕੀਤੀ। ਟ੍ਰੇਨਿੰਗ ਉਪਰੰਤ ਟੀਮ ਮੈਂਬਰਾਂ ਦੀਆਂ ਸ਼ੰਕਾਵਾਂ ਨੂੰ ਦੂਰ ਕਰਨ ਲਈ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਇਸ

# ਐਂਟੀ ਕਰੱਪਸ਼ਨ ਬਿਊਰੋ ਵੱਲੋਂ ਮਰੀਜ਼ਾਂ ਨੂੰ ਭੋਜਨ ਦੇਣ ਦੀ ਮੁਹਿੰਮ ਨੂੰ ਲੋਕਾਂ ਦਾ ਵਿਸ਼ੇਸ਼ ਸਹਿਯੋਗ ਮਿਲਿਆ: ਖੇੜਾ



ਜਲਾਲਾਬਾਦ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜਲਾਲਾਬਾਦ - ਸਮਾਜ ਸੇਵੀ ਸੰਸਥਾ ਐਂਟੀ ਕੁਰੱਪਸ਼ਨ ਬਿਊਰੋ ਵੱਲੋਂ ਜਲਾਲਾਬਾਦ ਦੇ ਸਿਵਲ ਹਸਪਤਾਲ ’ਚ ਮਰੀਜ਼ਾਂ ਨੂੰ ਖਾਣਾ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਜਲਾਲਾਬਾਦ ਦੇ ਲੋਕਾਂ ਦਾ ਵਿਸ਼ੇਸ਼ ਸਹਿਯੋਗ ਮਿਲ ਰਿਹਾ ਹੈ ਅਤੇ ਲੋਕ ਇਸ ਮੁਹਿੰਮ ’ਚ ਅੱਗੇ ਆ ਕੇ ਮਰੀਜ਼ਾਂ ਦੀ ਸੇਵਾ ਕਰ ਰਹੇ ਹਨ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪੰਜਾਬ ਪ੍ਰਧਾਨ ਰਾਜੂ ਖੇੜਾ ਨੇ ਦੱਸਿਆ ਕਿ ਬੀਤੇ ਦਿਨੀਂ ਜਲਾਲਾਬਾਦ ਦੀ ਬਜਾਜ ਰੀਜੈਂਸੀ ਦੇ ਸੰਚਾਲਕ ਸਾਗਰ ਬਜਾਜ ਨੇ ਸੰਸਥਾ ਦੀ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸੰਸਥਾ ਦੇ ਅਹੁਦੇਦਾਰਾਂ ਨਾਲ ਮਿਲ ਕੇ ਮਰੀਜਾਂ ਨੂੰ ਆਪਣੇ ਹੱਥਾਂ ਨਾਲ ਲੰਗਰ ਛਕਾ ਕੇ ਸੇਵਾ ਕੀਤੀ। ਇਸ ਮੌਕੇ ਸਾਗਰ ਬਜਾਜ ਸਾਡੀ ਸੰਸਥਾ ਪੰਜਾਬ ਦੇ ਜਨਰਲ ਸਕੱਤਰ ਤਨਵੀਰ ਮਲਿਕ, ਪੰਜਾਬ ਸਕੱਤਰ ਰਮਿਤ ਚੁੱਘ, ਕ੍ਰਿਸ਼ਨ ਕੁਮਾਰ, ਗੋਬਿੰਦ ਕੁਮਾਰ, ਸਾਹਿਲ ਚੁੱਘ, ਅੰਕੁਸ਼ ਬੱਤਰਾ, ਕਰਨ ਮਦਾਨ, ਅਨੂਪ ਖੇੜਾ, ਅੰਸ਼ੁਲ ਚੁੱਘ, ਕਰਨ ਵਧਵਾ, ਗੋਰਾ ਪਿੰਡੀ, ਸੰਜੂ ਖੇੜਾ ਆਦਿ ਨੇ ਸਹਿਯੋਗ ਦਿੱਤਾ। ਰਾਜੂ ਖੇੜਾ ਨੇ ਕਿਹਾ ਕਿ ਸਾਡੀ ਸੰਸਥਾ ਵਿਸ਼ੇਸ਼ ਤੌਰ ’ਤੇ ਜਲਾਲਾਬਾਦ ਦੇ ਮੀਡੀਆ ਨੁਮਾਇੰਦਿਆਂ ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਆਪਣੇ ਨਿਰਸਵਾਰਥ ਸਹਿਯੋਗ ਨਾਲ ਸੰਸਥਾ ਦੀ ਇਸ ਮੁਹਿੰਮ ਨੂੰ ਸਫਲ ਬਣਾਉਣ ’ਚ ਅਹਿਮ ਯੋਗਦਾਨ ਪਾਇਆ ਹੈ ਅਤੇ ਮੀਡੀਆ ਵੱਲੋਂ ਫੈਲਾਈ ਜਾ ਰਹੀ ਜਾਗਰੂਕਤਾ ਸਦਕਾ ਹੁਣ ਹਸਪਤਾਲ ’ਚ ਦਾਖਲ ਮਰੀਜ਼ਾਂ ਨੂੰ ਡਾ. ਜਲਾਲਾਬਾਦ ਦੇ ਹਸਪਤਾਲ ਲੰਗਰ ਨਾਲ ਅੱਗੇ ਆ ਰਹੇ ਹਨ।

# ਦੋ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਤੇ ਕੱਚੇ ਸਫਾਈ ਸੇਵਕਾਂ ਨੇ ਸ਼ੁਰੂ ਕੀਤੀ ਹੜਤਾਲ; ਸ਼ਹਿਰ ’ਚ ਗੰਦਗੀ ਦੇ ਢੇਰ ਲੱਗਣੇ ਹੋਏ ਸ਼ੁਰੂ

ਜਲਾਲਾਬਾਦ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਦੋ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਤੋਂ ਨਰਾਜ ਸਫਾਈ ਸੇਵਕ ਪਿਛਲੇ ਦੋ ਦਿਨਾਂ ਤੋਂ ਹੜਤਾਲ ਤੇ ਬੈਠੇ ਹਨ । ਹੜਤਾਲ ਦੇ ਚੱਲਦਿਆਂ ਸ਼ਹਿਰ ਦੀ ਸਫਾਈ ਵਿਵਸਥਾ ਪ੍ਰਭਾਵਿਤ ਹੋਣ ਲੱਗੀ ਹੈ । ਨਗਰ ਕੌਂਸਲ ’ਚ ਹੜਤਾਲ ਤੇ ਬੈਠੇ ਸਫਾਈ ਕਾਮਿਆਂ ਨੇ ਰੋਸ ਵਿਖਾਵਾ ਕਰਦੇ ਦੱਸਿਆ ਕਿ ਦੋ ਮਹੀਨੇ ਦੀ ਤਨਖਾਹ ਨਹੀ ਮਿਲੀ ਹੈ ਜਿਸ ਕਾਰਨ ਇਸ ਮਹਿੰਗਾਈ ਦੇ ਦੌਰ ’ਚ ਉਹ ਆਪਣਾ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਅਸਮਰੱਥ ਹਨ ।ਨਗਰ ਕੌਂਸਲ ’ਚ ਉਨ੍ਹਾਂ ਦਾ ਪੀ.ਐਫ. ਜਮ੍ਹਾ ਨਹੀ ਹੋ ਰਿਹਾ ਹੈ ਜਦੋਂ



ਉਹ ਆਪਣੀ ਤਨਖਾਹ ਦੀ ਗੱਲ ਕਰਦੇ ਹਨ ਤਾ ਠੇਕੇਦਾਰ 12 ਦਿਨ ਦੇ ਪੈਸੇ ਕੱਟਣ ਦੀ ਗੱਲ ਆਖਦਾ ਹੈ । ਜੇਕਰ ਉਹ ਪੈਸੇ ਕਟਵਾਉਂਦੇ ਹਨ ਤਾ ਉਹ ਆਪਣਾ ਘਰ ਕਿੰਝ ਚਲਾਉਣਗੇ । ਤਨਖਾਹ ਦੀ ਮੰਗ ਨੂੰ ਲੈ ਕੇ ਜਦੋਂ ਉਹ ਕਾਰਜਸਾਧਕ ਅਧਿਕਾਰੀ ਕੋਲ ਗਏ ਤਾ ਉਨ੍ਹਾਂ ਨੇ ਯੂਨੀਅਨ ਨਾਲ ਬਦਸਲੂਕੀ ਕੀਤੀ ਜਿਸ ਕਾਰਨ ਉਹ ਹੜਤਾਲ ਤੇ ਜਾਣ ਲਈ ਮਜਬੂਰ ਹੋ ਗਏ ਹਨ । ਸਫਾਈ ਸੇਵਕਾਂ ਨੇ ਤਨਖਾਹ ਜਾਰੀ ਨਾ ਹੋਣ ਤੱਕ ਹੜਤਾਲ ਜਾਰੀ ਰੱਖਣ ਦੀ ਚੇਤਾਵਨੀ ਦਿੱਤੀ ।

ਇਸ ਬਾਰੇ ਜਦੋਂ ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਗੁਰਦਾਸ ਸਿੰਘ ਨਾਲ ਗੱਲਬਾਤ ਕੀਤੀ ਤਾ ਉਨ੍ਹਾਂ ਕਿਹਾ ਕਿ ਸਫਾਈ ਸੇਵਕ ਨੂੰ ਜਲਦੀ ਬਣਦੀ ਤਨਖਾਹ ਜਾਰੀ ਕੀਤੀ ਜਾਵੇਗੀ ਅਤੇ ਇਸ ਬਾਰੇ ਨਿਰਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ ਜਿਸ ਤੋਂ ਬਾਅਦ ਜਲਦੀ ਯੂਨੀਅਨ ਦੀ ਹੜਤਾਲ ਵੀ ਖਤਮ ਕਰਵਾਈ ਜਾਵੇਗੀ ।

# ਸਿਟੀ ਥਾਣੇ ਵਿੱਚ ਲਗਾਏ ਗਏ ਰਾਹਤ ਕੈਂਪ ਵਿੱਚ ਡੇਢ ਦਰਜਨ ਤੋਂ ਵੱਧ ਸ਼ਿਕਾਇਤਾਂ ਦਾ ਕੀਤਾ ਗਿਆ ਨਿਪਟਾਰਾ

ਜਲਾਲਾਬਾਦ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜਲਾਲਾਬਾਦ : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਦੇ ਸਟੇਸ਼ਨ ਤੋਂ ਅੱਜ ਪੁਲਿਸ ਸਟੇਸ਼ਨ ਤੋਂ ਬਕਾਇਆ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਲੋਕ ਅਦਾਲਤ ਦੀਆਂ ਲਾਈਨਾਂ ’ਤੇ ਇਕ ਵਿਸ਼ੇਸ਼ ਰਾਹਤ ਕੈਂਪ ਸ਼ੁਰੂ ਕੀਤਾ ਗਿਆ ਹੈ।



ਜਾਣਕਾਰੀ ਦਿੰਦਿਆਂ ਪੁਲਿਸ ਉਪ ਕਪਤਾਨ ਅੱਛਰੂ ਰਾਮ ਸ਼ਰਮਾ ਨੇ ਦੱਸਿਆ ਕਿ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਗੌਰਵ ਯਾਦਵ ਦੀਆਂ ਹਦਾਇਤਾਂ ’ਤੇ ਪੁਲਿਸ ਸਟੇਸ਼ਨ ’ਚ ਵਿਸ਼ੇਸ਼ ਰਾਹਤ ਕੈਂਪ ਲਗਾਇਆ ਗਿਆ ਹੈ। ਰਾਹਤ ਕੈਂਪ ਵਿੱਚ ਸਿਟੀ ਪੁਲੀਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਅੰਗਰੇਜ਼ ਕੁਮਾਰ ਨੇ ਸਟਾਫ਼ ਨਾਲ ਮਿਲ ਕੇ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਡੇਢ ਦਰਜਨ ਦੇ ਕਰੀਬ ਸ਼ਿਕਾਇਤਾਂ ਜੋ ਕਾਰਵਾਈ ਲਈ ਸੁਣਵਾਈ ਲਈ ਲਟਕ ਰਹੀਆਂ ਸਨ, ਦਾ ਨਿਪਟਾਰਾ ਕੀਤਾ। ਸ਼੍ਰੀ ਸ਼ਰਮਾ ਨੇ ਦੱਸਿਆ ਕਿ ਪੁਲਿਸ ਪ੍ਰਸ਼ਾਸ਼ਨ ਵਲੋਂ ਰਾਹਤ ਕੈਂਪ ਲਗਾਉਣ ਦਾ ਮਕਸਦ ਆਮ ਲੋਕਾਂ ਨੂੰ ਜਲਦੀ ਇਨਸਾਫ਼ ਦਿਵਾਉਣਾ ਅਤੇ ਪੁਲਿਸ ਸਟੇਸ਼ਨ ਵਿਚ ਹੋਣ ਵਾਲੇ ਛੋਟੇ-ਮੋਟੇ ਝਗੜਿਆਂ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੈ ਅਤੇ ਭਵਿੱਖ ਵਿਚ ਵੀ ਅਜਿਹੇ ਰਾਹਤ ਕੈਂਪ ਲਗਾ ਕੇ ਪਬਲਿਕ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ ਆਮ ਲੋਕਾਂ ਨੂੰ ਇਨ੍ਹਾਂ ਰਾਹਤ ਕੈਂਪਾਂ ਬਾਰੇ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਭਵਿੱਖ ਵਿੱਚ ਵੱਧ ਤੋਂ ਵੱਧ ਲੋਕ ਇਨ੍ਹਾਂ ਰਾਹਤ ਕੈਂਪਾਂ ਦਾ ਲਾਭ ਲੈ ਸਕਣ।

# ਅੱਠਵਾਂ ਮਾਲੇਰਕੋਟਲਾ ਕਬੱਡੀ ਕੱਪ ਸਫਲਤਾ ਪੂਰਬਕ ਹੋਇਆ ਸਮਾਪਤ ਡੀ.ਏ.ਵੀ. ਜਲੰਧਰ ਦੀ ਟੀਮ ਨੇ ਕੀਤਾ ਕਬਜਾ

ਮਲੇਰਕੋਟਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮਾਲੇਰਕੋਟਲਾ ਦੀ ਨਾਮਵਰ ਸਮਾਜਸੇਵੀ ਸੰਸਥਾ ਸ਼ਹੀਦ ਊਧਮ ਸਿੰਘ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ ਮਾਲੇਰਕੋਟਲਾ (ਰਜਿ) ਵੱਲੋਂ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮਕਸਦ ਨਾਲ ਤੇ ਖੇਡਾਂ ਵੱਲ ਪ੍ਰੇਰਤ ਕਰਨ ਲਈ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹੁੰਦਾ ਆ ਰਿਹਾ ਕਬੱਡੀ ਕੱਪ ਇਸ ਸਾਲ ਵੀ ਪੂਰਾ ਵਧੀਆ ਹੋ ਨਿਬੜਿਆ।

ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦਵਿੰਦਰ ਸਰਪੰਚ, ਰਾਜਾ ਕਨੇਡਾ ਤੇ ਕਾਲਾ ਚੀਮਾ ਕਨੇਡਾ ਨੇ ਦੱਸਿਆ ਕਿ ਜਾਕਿਰ ਹੁਸੈਨ ਸਟੇਡੀਅਮ ਵਿਖੇ ਭੁਪਿੰਦਰ ਸਿੰਘ ਮਾਲੇਰਕੋਟਲਾ,ਜੋਰਾ ਸਿੰਘ ਚੀਮਾ,ਹੈੱਡਮਾਸਟਰ ਜਰਨੈਲ ਸਿੰਘ ਮਿੱਠੇਵਾਲ ਅਤੇ ਅਵਤਾਰ ਸਿੰਘ ਮਿੱਠੇਵਾਲ ਨੂੰ ਸਮਰਪਿਤ ਹੋਏ ਇਸ ਟੂਰਨਾਮੈਂਟ ਵਿੱਚ ਜਿਥੇ ਕਬੱਡੀ ਜਗਤ ਦੇ ਸੁਪਰ ਸਟਾਰ ਖਿਡਾਰੀ ਪਹੁੰਚੇ ਉੱਥੇ ਅੱਠ ਕਲੱਬਾਂ ਦੇ ਮੈਚ ਵੀ ਪੂਰੇ ਫਸਵੇਂ ਹੋਏ। ਕਬੱਡੀ ਆਲ ਉਪਨ ਦੇ ਮੈਚਾਂ ਵਿੱਚ ਡੀ.ਏ.ਵੀ. ਜਲੰਧਰ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰ ਕੇ 150000 ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਦੂਜੇ ਸਥਾਨ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨੇ 100000 ਰੁਪਏ ਦਾ ਇਨਾਮ ਜਿੱਤਿਆ। ਇਸ ਟੂਰਨਾਮੈਂਟ ਦਾ ਬੈਸਟ ਰੇਡਰ ਅੰਮ੍ਰਿਤ ਮਾਧੋਪੁਰ ਰਿਹਾ ਤੇ ਪ੍ਰਤਾਪ ਕੰਡਿਆਣਾ ਬੈਸਟ ਜਾਫੀ ਰਿਹਾ ।ਦੋਵਾਂ ਖਿਡਾਰੀਆਂ ਨੂੰ ਨਵੇਂ ਬੁਲਟ ਮੋਟਰਸਾਇਕਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ 75 ਕਿਲੋਗ੍ਰਾਮ ਦੇ ਮੈਚਾਂ ਵਿੱਚ ਸੰਘਣ ਦੀ ਟੀਮ ਪਹਿਲੇ ਸਥਾਨ ਤੇ ਰਹੀ ਤੇ 21000 ਰੁਪਏ ਦਾ ਇਨਾਮ ਜਿੱਤਿਆ ਜਦਕਿ ਕੰਗਣਵਾਲ ਟੀਮ ਨੇ ਦੂਜੇ ਥਾਂ ਤੇ ਰਹਿ ਕੇ 15000 ਰੁਪਏ ਦਾ ਇਨਾਮ ਜਿੱਤਿਆ। ਦਰਸ਼ਕਾਂ ਨੇ ਫਸਵੇਂ ਮੈਚਾਂ ਦਾ ਪੂਰਾ ਅਨੰਦ ਮਾਣਿਆ । ਦਰਸ਼ਕਾਂ ਲਈ ਸੁਸਾਇਟੀ ਵੱਲੋਂ ਬਹੁਤ ਵਧੀਆ ਬੈਠਣ ਦਾ ਪ੍ਰਬੰਧ ਕੀਤਾ ਗਿਆ। ਪੂਰੇ ਅਨੁਸ਼ਾਸ਼ਨ ਵਿੱਚ ਹੋਏ ਇਸ ਕੱਪ ਦੀ ਚਰਚਾ ਹੋ ਰਹੀ ਹੈ। ਮੈਂਬਰ



ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਇਸ ਟੂਰਨਾਂਮੈਂਟ ਦੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਉਨ੍ਹਾਂ ਸੰਬੋਧਨ ਕਰਦਿਆਂ ਸ਼ਹੀਦ ਊਧਮ ਸਿੰਘ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ ਮਾਲੇਰਕੋਟਲਾ (ਰਜਿ) ਦੇ ਮੈਬਰਾਂ ਦੀ ਤਾਰੀਫ ਕੀਤੀ ਤੇ ਵਧੀਆ ਖੇਡਾਂ ਕਰਾਉਣ ਲਈ ਵਧਾਈ ਦਿੱਤੀ। ਉਨ੍ਹਾਂ ਸੁਸਾਇਟੀ ਲਈ 51000 ਰੁਪਏ ਨਕਦ ਦਿੱਤੇ। ਉਨ੍ਹਾਂ ਨਾਲ ਦੋਹਤੇ ਸ. ਗੋਬਿੰਦ ਸਿੰਘ ਸੰਧੂ ਨੇ ਵੀ ਸਮੂਲੀਅਤ ਕੀਤੀ।

ਹਲਕਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਅਤੇ ਉੱਘੇ ਸਮਾਜ ਸੇਵੀ ਲੱਖਾ ਸਿੰਘ ਸਿਧਾਣਾ ਵਿਸ਼ੇਸ ਮਹਿਮਾਨ ਵਜੋਂ ਸ਼ਾਮਿਲ ਹੋਏ। ਲੱਖਾ ਸਿੰਘ ਸਿਧਾਣਾ ਨੇ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਨ, ਖੇਡਾਂ ਨਾਲ ਜੁੜਨ ਅਤੇ ਪੰਜਾਬੀ ਮਾਂ ਬੋਲੀ ਨੂੰ ਸਾਂਭਣ ਦੀ ਅਪੀਲ ਕੀਤੀ। ਮੈਚਾਂ ਉਪਰੰਤ ਨਾਮਵਰ ਕਲਾਕਾਰ ਗਗਨ ਕੋਕਰੀ, ਹਰਮਨ ਬੈਨੀਪਾਲ, ਪ੍ਰਭ ਭੂਲਰ, ਮਹਿਤਾਬ ਵਿਰਕ ਤੇ ਜਫਰ ਰਹੀੜਾ ਤੇ ਨੇ ਵੀ ਆਪਣੀ ਹਾਜ਼ਰੀ ਲੁਆਈ ।

# ਮੀਂਹ ਤੇ ਤੇਜ਼ ਹਵਾਵਾਂ ਕਾਰਨ ਫਸਲਾਂ ਦਾ ਨੁਕਸਾਨ



ਸ਼ਾਹਬਾਦ ਮਾਰਕੰਡਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਖੇਤਰ ਵਿੱਚ ਦੇਰ ਸ਼ਾਮ ਪਏ ਮੀਂਹ ਤੇ ਚੱਲੀਆਂ ਹਵਾਵਾਂ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ ਤੇ ਕਣਕ ਖੇਤਾਂ ਵਿੱਚ ਵਿਛ ਗਈ ਹੈ। ਕਿਸਾਨ ਸਤਬੀਰ ਰਾਮਪੁਰਾ, ਬਬੂ ਭਗਵਾਨਪੁਰ, ਬਾਬਾ ਗੁਰਚਰਨ ਸਿੰਘ, ਤਰਸੇਮ ਸੰਘੌਰ ਆਦਿ ਕਿਸਾਨਾਂ ਦਾ ਕਹਿਣਾ ਹੈ ਕਿ ਮੀਂਹ ਕਾਰਨ ਕਣਕ ਦੀ ਫਸਲ ਜ਼ਮੀਨ 'ਤੇ ਵਿਛਣ ਕਾਰਨ ਬਰਬਾਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਦੋਹਰੀ ਮਾਰ ਪੈ ਰਹੀ ਹੈ। ਪਹਿਲਾਂ ਆਲੂ ਤੇ ਸਰ੍ਹੋਂ ਦੀ ਫਸਲ ਅੱਧੇ ਪੌਣੇ ਭਾਅ ਵਿਕ ਰਹੀ ਸੀ, ਹੁਣ ਮੀਂਹ ਨਾਲ ਕਣਕ ਦੀ ਫ਼ਸਲ ਵੀ ਨੁਕਸਾਨੀ ਗਈ ਹੈ। ਇਸ ਦੌਰਾਨ ਕਿਸਾਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਣਕ ਵਿਚ ਦਾਣਾ ਪੈ ਰਿਹਾ ਸੀ ਤੇ ਅਗਲੇ ਮਹੀਨੇ ਫ਼ਸਲ ਵੱਢੀ ਜਾਣੀ ਸੀ। ਉਨ੍ਹਾਂ ਕਿਹਾ ਕਿ ਫ਼ਸਲ ਡਿੱਗਣ ਕਾਰਨ ਹੁਣ ਦਾਣਾ ਮਾਜੂ ਹੋ ਜਾਵੇਗਾ ਤੇ ਉਨ੍ਹਾਂ ਨੂੰ ਫ਼ਸਲ ਵੇਚਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਜਾਣਕਾਰੀ ਅਨੁਸਾਰ ਬੇਮੌਸਮੇ ਮੀਂਹ ਕਾਰਨ ਸਰ੍ਹੋਂ, ਆਲੂ ਦੇ ਨਾਲ ਨਾਲ ਸਬਜ਼ੀਆਂ ਵੀ ਨੁਕਸਾਨੀਆਂ ਗਈਆਂ ਹਨ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਫਸਲਾਂ ਦੀ ਗਿਰਦਾਵਰੀ ਕਰਵਾ ਕਿਸਾਨਾਂ ਨੂੰ ਨੁਕਸਾਨ ਦੇ ਹਿਸਾਬ ਨਾਲ ਮੁਆਵਜ਼ਾ ਦੇਵੇ। ਉਨ੍ਹਾਂ ਕਿਹਾ ਕਿ ਜੇਕਰ ਇਸ ਔਖੀ ਘੜੀ ਵਿੱਚ ਕਿਸਾਨਾਂ ਦੀ ਬਾਂਹ ਫੜਦੀ ਹੈ ਤਾਂ ਉਨ੍ਹਾਂ ਨੂੰ ਕੁਝ ਰਾਹਤ ਮਿਲੇਗੀ।

# ਪਿੰਡ ਕੰਵਾਰੀ ਦੇ ਸਰਪੰਚ ਦੀ ਗੋਲੀਆਂ ਮਾਰ ਕੇ ਹੱਤਿਆ

ਟੋਹਾਣਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਪਿੰਡ ਕੰਵਾਰੀ ਦੇ ਸਰਪੰਚ ਸੰਜੇ ਦੂਹਨ ਦੀ ਦੇਰ ਰਾਤ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਸਰਪੰਚ ਸੰਜੇ ਦੂਹਨ ਹਰਿਆਣਾ ਸਰਪੰਚ ਐਸੋਸੀਏਸ਼ਨ ਹਿਸਾਰ ਦੇ ਜ਼ਿਲ੍ਹਾ ਪ੍ਰਧਾਨ ਸਨ। ਜਾਣਕਾਰੀ ਅਨੁਸਾਰ ਉਹ ਕੱਲ੍ਹ ਭੈਣੀ ਅਮੀਰਪੁਰ (ਨਾਰਨੌਂਦ) ਵਿੱਚ ਆਪਣੇ ਮਿੱਤਰ ਦੇ ਪੁੱਤਰ ਦੇ ਵਿਆਹ ਸਮਾਗਮ ਵਿੱਚ ਗਏ ਸਨ। ਸਮਾਗਮ ਵਿੱਚੋਂ ਵਾਪਸੀ 'ਤੇ ਉਹ ਆਪਣੇ ਇਕ ਸਾਥੀ ਨਾਲ ਰਾਤ ਨੌਂ ਵਜੇ ਦੇ ਕਰੀਬ ਪਿੰਡ ਕੰਵਾਰੀ ਸਥਿਤ ਆਪਣੇ ਘਰ ਪੁੱਜੇ। ਇਸ ਦੌਰਾਨ ਪਹਿਲਾਂ ਤੋਂ ਹੀ ਉਸ ਦੀ ਕਾਰ ਦਾ ਇੰਤਜ਼ਾਰ ਕਰ ਰਹੇ ਹਮਲਾਵਰਾਂ ਨੇ ਸੰਜੇ ਦੂਹਨ 'ਤੇ ਹਮਲਾ ਕਰ ਦਿੱਤਾ ਤੇ ਨੇੜੇ ਤੋਂ 6 ਗੋਲੀਆਂ ਚਲਾ ਕੇ ਫ਼ਰਾਰ ਹੋ ਗਏ। ਜ਼ਖ਼ਮੀ ਹਾਲਤ ਵਿੱਚ ਸਰਪੰਚ ਨੂੰ ਹਿਸਾਰ ਦੇ ਨਿੱਜੀ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਰਤੀਆ ਵਿੱਚ ਭਾਜਪਾ ਦੇ ਦਫ਼ਤਰ ਦਾ ਉਦਘਾਟਨ

ਰਤੀਆ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਵੀਡੀਓ ਕਾਨਫਰੰਸ ਰਾਹੀਂ ਰਤੀਆ ਕੰਬੋਜ ਧਰਮਸ਼ਾਲਾ ਬੁਢਲਾਡਾ ਰੋਡ 'ਤੇ ਭਾਜਪਾ ਦਫ਼ਤਰ ਦਾ ਉਦਘਾਟਨ ਕੀਤਾ। ਇਸ ਮੌਕੇ ਵਿਧਾਇਕ ਲਛਮਣ ਨਾਪਾ ਨੇ ਕਿਹਾ ਕਿ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਪਰਿਵਾਰ ਦਾ ਹਰ ਮੈਂਬਰ 400 ਦਾ ਅੰਕੜਾ ਪਾਰ ਕਰਨ ਲਈ ਵਚਨਬੱਧ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਗਰੋਹਾ, ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਵਿੰਦਰ ਬਲਿਆਲਾ, ਨਾਪਾ ਦੇ ਵਾਈਸ ਚੇਅਰਮੈਨ ਜੋਗਿੰਦਰ ਮੰਦਾ ਤੇ ਸ਼ਹਿਰੀ ਮੰਡਲ ਪ੍ਰਧਾਨ ਸੁਖਵਿੰਦਰ ਗੋਇਲ ਆਦਿ ਹਾਜ਼ਰ ਸਨ।

# ਚੋਣਾਂ ਦੀਆਂ ਤਿਆਰੀਆਂ ਬਾਰੇ ਵਰਕਸ਼ਾਪ

ਫਰੀਦਾਬਾਦ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਡੀਸੀ ਕਮ ਜ਼ਿਲ੍ਹਾ ਚੋਣ ਅਫ਼ਸਰ ਵਿਕਰਮ ਸਿੰਘ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਖ਼ਬਰਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇਗੀ। ਉਮੀਦਵਾਰਾਂ ਨੂੰ ਚੋਣ ਜਾਂ ਵੋਟਿੰਗ ਦੇ ਪਹਿਲੇ ਦਿਨ ਤੋਂ ਇਸ਼ਤਿਹਾਰ ਛਾਪਣ ਦੀ ਇਜਾਜ਼ਤ ਲੈਣੀ ਚਾਹੀਦੀ ਹੈ। ਡੀਸੀ ਨੇ ਸਿਖਲਾਈ ਵਰਕਸ਼ਾਪ ਵਿੱਚ ਮੀਡੀਆ ਮੌਨੀਟਰਿੰਗ ਮੈਨੇਜਮੈਂਟ ਕਮੇਟੀ ਦੀਆਂ ਜ਼ਿੰਮੇਵਾਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਉਹ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚੋਣਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੈਕਟਰ 12 ਦੇ ਕਨਵੈਨਸ਼ਨ ਹਾਲ ਵਿੱਚ ਚੋਣ ਵਿਭਾਗ ਵੱਲੋਂ ਲਗਾਈ ਗਈ ਸਿਖਲਾਈ ਵਰਕਸ਼ਾਪ ਦੀ ਪ੍ਰਧਾਨਗੀ ਕਰ ਰਹੇ ਹਨ। ਸਿਖਲਾਈ ਵਰਕਸ਼ਾਪ ਵਿੱਚ ਚੋਣਾਂ ਦੌਰਾਨ ਮੀਡੀਆ ਪ੍ਰਬੰਧਨ ਸਬੰਧੀ ਚੋਣ ਕਮਿਸ਼ਨ ਦੇ ਨਿਯਮਾਂ ਬਾਰੇ ਦੱਸਿਆ ਗਿਆ। ਉਨ੍ਹਾਂ ਕਿਹਾ ਕਿ 18ਵੀਆਂ ਲੋਕ ਸਭਾ ਚੋਣਾਂ ਦੌਰਾਨ ਖਬਰਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇਗੀ।

# ਫਤਿਹਾਬਾਦ-ਹਾਂਸਪੁਰ ਸੜਕ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ




ਰਤੀਆ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਲਛਮਣ ਨਾਪਾ ਨੇ ਫਤਿਹਾਬਾਦ-ਹਾਂਸਪੁਰ ਸੜਕ ਨੂੰ ਚੌੜਾ ? ?ਕਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਅੱਜ ਉਨ੍ਹਾਂ ਲੋਕ ਨਿਰਮਾਣ (ਇਮਾਰਤ ਅਤੇ ਸੜਕਾਂ) ਵਿਭਾਗ ਫਤਿਹਾਬਾਦ ਵੱਲੋਂ ਕਰਵਾਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਵਿਧਾਇਕ ਨੇ ਕਿਹਾ ਕਿ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਸਹੂਲਤਾਂ ਦੇਣ ਲਈ ਲਗਾਤਾਰ ਯਤਨਸ਼ੀਲ ਹੈ। ਸੂਬਾ ਸਰਕਾਰ ਨੇ ਈ-ਲਾਇਬ੍ਰੇਰੀ, ਜਿਮ, ਪਾਰਕ, ? ?ਫਿਰਨੀ ਕੈਮਰਾ ਅਤੇ ਲਾਈਟ, ਕਮਿਊਨਿਟੀ ਸੈਂਟਰ, ਸੜਕਾਂ ਸਮੇਤ ਕਈ ਵਿਕਾਸ ਸੇਵਾਵਾਂ ਸ਼ੁਰੂ ਕੀਤੀਆਂ ਹਨ। ਵਿਧਾਇਕ ਲਛਮਣ ਨਾਪਾ ਨੇ ਦੱਸਿਆ ਕਿ ਫਤਿਹਾਬਾਦ-ਹਾਂਸਪੁਰ ਸੜਕ ਨੂੰ ਚੌੜਾ ਅਤੇ ਮਜ਼ਬੂਤ ? ?ਕਰਨ ਲਈ 19.86 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਦੌਰਾਨ ਉਨ੍ਹਾਂ ਨੇ ਹਾਜ਼ਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕੇਂਦਰ ਅਤੇ ਰਾਜ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ। ਵਿਕਾਸ ਕਾਰਜਾਂ ਵਿੱਚ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ। ਵਿਧਾਇਕ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਵਿੱਚ ਸੂਬਾ ਤਰੱਕੀ ਕਰ ਰਿਹਾ ਹੈ।ਇਸ ਦੌਰਾਨ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਕੇ.ਸੀ ਕੰਬੋਜ, ਮੰਡਲ ਪ੍ਰਧਾਨ ਨਿਰਮਲ ਸਿੰਘ, ਐੱਸ.ਡੀ.ਓ ਸੰਦੀਪ ਸਚਦੇਵਾ ਸਮੇਤ ਹੋਰ ਅਧਿਕਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਹਨੂਮਾਨ ਅਖਾੜਾ ਕਮੇਟੀ ਨੇ ਦੰਗਲ ਕਰਵਾਇਆ

ਯਮੁਨਾਨਗਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਨੂਮਾਨ ਅਖਾੜਾ ਕਮੇਟੀ ਜਗਾਧਰੀ ਵੱਲੋਂ ਗਊਸ਼ਾਲਾ ਗਰਾਊਂਡ ਜਗਾਧਰੀ ਵਿੱਚ ਦੰਗਲ ਕਰਵਾਇਆ ਗਿਆ। ਦੰਗਲ ਵਿੱਚ ਹਰਿਆਣਾ ਦੇ ਸਕੂਲ ਸਿੱਖਿਆ ਮੰਤਰੀ ਕੰਵਰਪਾਲ ਗੁੱਜਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵੱਖ-ਵੱਖ ਰਾਜਾਂ ਤੋਂ ਆਏ ਪਹਿਲਵਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਹੌਸਲਾ- ਅਫਜ਼ਾਈ ਕੀਤੀ। ਉਨ੍ਹਾਂ ਦੱਸਿਆ ਕਿ ਕੁਸ਼ਤੀ ਇੱਕ ਖੇਡ ਹੀ ਨਹੀਂ ਸਗੋਂ ਮਨੋਰੰਜਨ ਦਾ ਸਾਧਨ ਵੀ ਹੈ, ਜਿਸ ਨੂੰ ਲੋਕ ਰੀਝ ਨਾਲ ਦੇਖਦੇ ਹਨ। ਉਨ੍ਹਾਂ ਇਹ ਦੰਗਲ ਕਰਵਾਉਣ ਲਈ ਕਮੇਟੀ ਨੂੰ 2 ਲੱਖ 51 ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ। ਸਕੂਲ ਸਿੱਖਿਆ ਮੰਤਰੀ ਕੰਵਰਪਾਲ ਨੇ ਦੰਗਲ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਭਾਰਤੀ ਖੇਡਾਂ ਵਿੱਚ ਦੰਗਲ ਇੱਕ ਮਹੱਤਵਪੂਰਨ ਖੇਡ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਸਮਿਆਂ ਵਿੱਚ ਸਰੀਰ ਨੂੰ ਤਰੋ-ਤਾਜ਼ਾ ਰੱਖਣ ਅਤੇ ਮਨੋਰੰਜਨ ਲਈ ਸਾਂਝੀਆਂ ਖੇਡਾਂ, ਮੇਲੇ ਅਤੇ ਕੁਸ਼ਤੀ ਦੇ ਮੈਚ ਕਰਵਾਏ ਜਾਂਦੇ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਆਪਣੀਆਂ ਖੇਡ ਨੀਤੀਆਂ ਕਾਰਨ ਅਜਿਹੇ ਖਿਡਾਰੀਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਨਾ ਸਿਰਫ ਰਾਸ਼ਟਰਮੰਡਲ ਸਗੋਂ ਏਸ਼ਿਆਈ ਖੇਡਾਂ ਅਤੇ ਓਲੰਪਿਕ ਵਰਗੇ ਮਹਾਕੁੰਭ ਵਿੱਚ ਵੀ ਸੂਬੇ ਦੀ ਪਛਾਣ ਬਣਾਈ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿੱਚ 232 ਮਿੰਨੀ ਸਟੇਡੀਅਮ ਅਤੇ 21 ਜ਼ਿਲ੍ਹਾ ਖੇਡ ਕੰਪਲੈਕਸ ਅਤੇ ਦੋ ਰਾਜ ਪੱਧਰੀ ਖੇਡ ਕੰਪਲੈਕਸ ਹਨ। ਇਸ ਮੌਕੇ ਭਾਜਪਾ ਜਗਾਧਰੀ ਮੰਡਲ ਦੇ ਪ੍ਰਧਾਨ ਵਿਪੁਲ ਗਰਗ, ਸੀਨੀਅਰ ਭਾਜਪਾ ਆਗੂ ਵਰੁਣ ਬੱਤਰਾ, ਚੇਅਰਮੈਨ ਹਵਾਸਿੰਘ, ਰਮੇਸ਼ ਕਸ਼ਯਪ, ਤਿਲਕਰਾਜ ਧੀਮਾਨ, ਹਨੂਮਾਨ ਅਖਾੜਾ ਕਮੇਟੀ ਤੋਂ ਪਹਿਲਵਾਨ ਕੁਲਦੀਪ ਸਿੰਘ ਰੌਕੀ, ਪਹਿਲਵਾਨ ਕਿਸ਼ੋਰ ਕੁਮਾਰ, ਪਹਿਲਵਾਨ ਗੋਪਾਲ, ਪਹਿਲਵਾਨ ਚੁੰਨੀ ਲਾਲ, ਪਹਿਲਵਾਨ ਮਾਨ, ਪਹਿਲਵਾਨ ਚੰਦਰਮੋਹਨ, ਪਹਿਲਵਾਨ ਗੋਗਾ, ਪਹਿਲਵਾਨ ਅਨਿਕੇਤ, ਪਹਿਲਵਾਨ ਭੀਮ ਸਿੰਘ, ਪਹਿਲਵਾਨ ਪੰਡਿਤ ਅਤੇ ਦੇਵ ਹਾਜ਼ਰ ਸਨ।

# ਪੰਚਕੂਲਾ ਵਿੱਚ ਸਰਸ ਮੇਲਾ ਸ਼ੁਰੂ; ਪੰਚਾਇਤ ਮੰਤਰੀ ਨੇ ਕੀਤਾ ਉਦਘਾਟਨ

ਪੰਚਕੂਲਾ,8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਦਵਿੰਦਰ ਸਿੰਘ ਬਬਲੀ ਨੇ ਅੱਜ ਪੰਚਕੂਲਾ ਵਿੱਚ ਸ਼ੁਰੂ ਹੋਏ ਸਰਸ ਮੇਲੇ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਅਜਿਹੇ ਮੇਲੇ ਘਰੇਲੂ ਅਤੇ ਲਘੂ ਉਦਯੋਗਾਂ ਲਈ ਸਾਰਥਕ ਹੁੰਦੇ ਹਨ ਅਤੇ ਸ਼ਿਲਪਕਾਰਾਂ ਨੂੰ ਆਪਣੀ ਕਲਾ ਵਿਖਾਉਣ ਅਤੇ ਵੇਚਣ ਦਾ ਮੌਕਾ ਮਿਲਦਾ ਹੈ।

ਉਨ੍ਹਾਂ ਕਿਹਾ ਸਰਸ ਮੇਲਾ ਭਾਰਤ ਦੇ ਹਰੇਕ ਸੂਬੇ ਵਿੱਚ ਲੱਗਦਾ ਹੈ। ਇਸ ਮੇਲੇ ਨੂੰ ਵੱਖ-ਵੱਖ ਸੂਬਿਆਂ ਤੋਂ ਇਲਾਵਾ ਕੇਂਦਰ ਸਰਕਾਰ ਦਾ ਸਹਿਯੋਗ ਵੀ ਮਿਲਦਾ ਹੈ। ਇਸ ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੇ ਸਟਾਲ ਲਗਾਏ ਜਾਂਦੇ ਹਨ ਤਾਂ ਕਿ ਪਿੰਡਾਂ ਦੀਆਂ ਮਹਿਲਾਵਾਂ ਆਪਣੇ ਸਟਾਲ ਲਗਾ ਦੇ ਸਵੈ-ਰੁਜ਼ਗਾਰ ਹੋ ਸਕਣ। ਇਹ ਮੇਲਾ ਪੰਚਕੂਲਾ ਦੇ ਸੈਕਟਰ-5 ਦੇ ਪਰੇਡ ਗਰਾਊਂਡ ਵਿੱਚ ਲੱਗਿਆ ਹੈ ਅਤੇ ਜਿਹੜਾ ਅਗਲੇ ਦੋ ਹਫ਼ਤੇ ਤੱਕ ਜਾਰੀ ਰਹੇਗਾ। ਇਸ ਸਰਸ ਮੇਲੇ ਵਿੱਚ 150 ਦੇ ਕਰੀਬ ਸ਼ਿਲਪਕਾਰਾਂ ਦੇ ਸਟਾਲ ਹਨ।

ਹਰਿਆਣਾ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਅੱਜ ਉਦਘਾਟਨੀ ਸਮਾਗਮ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਸਿਲਪਕਾਰਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਦੌਰਾ ਕੀਤਾ। ਸਰਸ ਮੇਲੇ ਵਿੱਚ ਰੋਜ਼ਾਨਾ ਸ਼ਾਮ ਨੂੰ ਸੱਭਿਆਚਾਰਕ ਪ੍ਰੋਗਰਾਮ ਕੀਤੇ ਜਾਣਗੇ। ਜਿਸ ਵਿੱਚ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕ ਨਾਚ ਪੇਸ਼ ਕੀਤੇ ਜਾਣਗੇ ਅਤੇ ਹਿੰਦੀ ਪੰਜਾਬੀ ਦੇ ਗਾਇਕ ਸ਼ਾਮਲ ਹੋਣਗੇ। ਮੇਲੇ ਦੇ ਅਖੀਰੀ ਦਿਨ ਸ਼ਿਲਪਕਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਵਿਦਿਆਰਥਣਾਂ ਦੇ ਪੋਸਟਰ ਬਣਾਉਣ ਦੇ ਮੁਕਾਬਲੇ

ਸ਼ਾਹਬਾਦ ਮਾਰਕੰਡਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਰੀਆ ਕੰਨਿਆ ਕਾਲਜ ਦੀਆਂ ਵਿਦਿਆਰਥਣਾਂ ਨੇ ਕੌਮੀ ਵਿਗਿਆਨ ਦਿਵਸ ਮੌਕੇ ਐੱਸਏਜੈਨਪੀਜੀ ਕਾਲਜ ਅੰਬਾਲਾ ਸ਼ਹਿਰ ਵਿੱਚ ਸਾਇੰਸ ਫਾਰਮ ਵਲੋਂ ਕਰਵਾਏ ਵਿਗਿਆਨਕ-2024 ਸਾਇੰਸ ਫੈਸਟ ਮੁਕਾਬਲੇ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਕਾਲਜ ਪ੍ਰੋਫੈਸਰ ਸਵਾਤੀ ਅੰਨੀ ਦੀ ਅਗਵਾਈ ਵਿਚ ਕਾਲਜ ਦੀਆਂ ਸੱਤ ਵਿਦਿਆਰਥਣਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ।
ਪੀਪੀਟੀ ਵਿਚ ਬੀਸੀਏ ਤੀਜੇ ਸਾਲ ਦੀ ਵਿਦਿਆਰਥਣ ਸਤਿੰਦਰ ਨੇ ਦੂਜਾ ਸਥਾਨ ਹਾਸਲ ਕੀਤਾ ਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਬੀਸੀਏ ਪਹਿਲਾ ਸਾਲ ਦੀ ਵਿਦਿਆਰਥਣ ਤੰਮਨਾ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਆਰਤੀ ਤ੍ਰੇਹਨ ਨੇ ਉਨ੍ਹਾਂ ਦਾ ਕਾਲਜ ਪੁੱਜਣ 'ਤੇ ਸਵਾਗਤ ਕਰਦਿਆਂ ਇਸ ਉਪਲਭਦੀ 'ਤੇ ਵਧਾਈਆਂ ਦਿੱਤੀਆਂ।

# ਬਾਬੈਨ ਵਿੱਚ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ

ਸ਼ਾਹਬਾਦ ਮਾਰਕੰਡਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਟੀਕਾਕਰਨ ਦਿਵਸ ਮੌਕੇ ਕਮਿਊਨਿਟੀ ਸੈਂਟਰ ਬਾਬੈਨ ਵਿਚ ਤਿੰਨ ਰੋਜ਼ਾ 'ਪਲਸ ਪੋਲੀਓ ਮੁਹਿੰਮ' ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦਾ ਉਦਘਾਟਨ ਸਰਪੰਚ ਸੰਜੀਵ ਸਿੰਗਲਾ ਉਰਫ ਗੋਲਡੀ ਨੇ ਕੀਤਾ ਤੇ ਪ੍ਰੋਗਰਾਮ ਦੀ ਪ੍ਰਧਾਨਗੀ ਓਮ ਪ੍ਰਕਾਸ਼ ਸੈਣੀ ਨੇ ਕੀਤੀ। ਸੈਂਟਰ ਦੇ ਡਾਕਟਰ ਰਿਸ਼ੀ ਸੈਣੀ ਦੀ ਦੇਖ-ਰੇਖ ਵਿੱਚ 5 ਸਾਲ ਤੱਕ ਦੇ 3115 ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਪਿਲਾਈ ਜਾਵੇਗੀ।

ਇਸ ਲਈ ਹਲਕੇ ਵਿਚ 30 ਬੂਥ ਬਣਾਏ ਗਏ ਹਨ ਤੇ 90 ਕਰਮਚਾਰੀ ਡਿਊਟੀ 'ਤੇ ਤਾਇਨਾਤ ਹਨ। ਡਾ. ਰਿਸ਼ੀ ਸੈਣੀ ਨੇ ਬੱਚਿਆਂ ਦੇ ਮਾਪਿਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਨੂੰ ਗੰਭੀਰਤਾ ਨਾਲ ਲੈਣ ਤੇ ਆਪਣੇ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਪਿਲਾਉਣ ਤੇ ਮੁਹਿੰਮ ਵਿਚ ਸਿਹਤ ਕਾਮਿਆਂ ਨੂੰ ਸਹਿਯੋਗ ਦੇਣ।

# ਆਦਮਪੁਰ 'ਚ 6.45 ਕਰੋੜ ਦੇ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ



ਜਲੰਧਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਆਦਮਪੁਰ ਸ਼ਹਿਰ ਵਿੱਚ 6.45 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਵਾਲੇ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ 14 ਕਿਲੋਮੀਟਰ ਲੰਬੀ ਸੀਵਰੇਜ ਲਾਈਨ ਨਾਲ ਸ਼ਹਿਰ ਦੇ ਲੋਕਾਂ ਦੀਆਂ ਸੀਵਰੇਜ ਸਬੰਧੀ ਵੱਡੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਰਾਹਤ ਮਿਲੇਗੀ।

ਇਸ ਮੌਕੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਇਲਾਕੇ ਵਿੱਚ ਸੀਵਰੇਜ ਕਵਰੇਜ 60 ਤੋਂ ਵਧ ਕੇ 90 ਫੀਸਦੀ ਹੋ ਜਾਵੇਗੀ ਅਤੇ 2940 ਘਰਾਂ ਦੇ 14,000 ਤੋਂ ਵੱਧ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਵੱਲੋਂ ਲੋੜੀਂਦੇ ਫੰਡ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਇਸ ਕੰਮ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਲਗਾਤਾਰ ਰੱਖੇ ਜਾ ਰਹੇ ਹਨ ਅਤੇ ਜੋ ਕੰਮ ਮੁਕੰਮਲ ਹੋ ਚੁੱਕੇ ਹਨ, ਉਨ੍ਹਾਂ ਨੂੰ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਸੁਸ਼ੀਲ ਰਿੰਕੂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਸਮੇਤ ਹਰ ਖੇਤਰ ਦਾ ਲਗਾਤਾਰ ਵਿਕਾਸ ਕਰ ਰਹੀ ਹੈ। ਲੋਕਾਂ ਨੂੰ ਘਰ ਬੈਠੇ ਹੀ ਸਰਕਾਰੀ ਸੇਵਾਵਾਂ ਦਾ ਲਾਭ ਪਹੁੰਚਾਉਣ ਲਈ 'ਆਪ ਦੀ ਸਰਕਾਰ, ਆਪ ਦੇ ਦੁਆਰ' ਸਕੀਮ ਵੀ ਸ਼ੁਰੂ ਕੀਤੀ ਗਈ ਹੈ, ਜਿਸ ਦਾ ਸੂਬੇ ਭਰ ਦੇ ਵੱਡੀ ਗਿਣਤੀ ਲੋਕ ਲਾਭ ਉਠਾ ਰਹੇ ਹਨ। ਇਸ ਮੌਕੇ ਆਦਮਪੁਰ ਹਲਕਾ ਇੰਚਾਰਜ ਜੀਤ ਲਾਲ ਭੱਟੀ, ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼ ਐਸਈ ਗੁਰਵਿੰਦਰ ਪਾਲ ਸਿੰਘ, ਐਕਸੀਅਨ ਜਤਿਨ ਵਾਸੂਦੇਵ, ਜੇਈ ਕੁਲਜੀਤ ਬੈਂਸ, ਅਕਾਸ਼ਦੀਪ, ਕੌਂਸਲਰ ਸੁਰਿੰਦਰ ਕੁਮਾਰ, ਅਮਰੀਕ ਸਿੰਘ, ਵਿੱਕੀ ਬੱਦਨ ਤੇ ਬਿੰਦਾ ਗਰੇਵਾਲ ਵੀ ਮੌਜੂਦ ਸਨ।

# ਗੁਰੂ ਨਾਨਕ ਖਾਲਸਾ ਕਾਲਜ ਵਿੱਚ ਸਿਹਤ ਜਾਂਚ ਕੈਂਪ

ਯਮੁਨਾਨਗਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜਮਨਾ ਆਟੋ ਇੰਡਸਟਰੀਜ਼ ਦੇ ਸਹਿਯੋਗ ਨਾਲ ਗੁਰੂ ਨਾਨਕ ਖਾਲਸਾ ਕਾਲਜ ਵਿੱਚ ਮਹਿਲਾ ਸੈੱਲ ਵੱਲੋਂ ਇੱਕ ਰੋਜ਼ਾ ਸਿਹਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡੀਏਵੀ ਡੈਂਟਲ ਕਾਲਜ ਤੋਂ ਡਾ. ਆਈਕੇ ਪੰਡਿਤ ਦੀ ਦੇਖ-ਰੇਖ ਹੇਠ ਡਾ. ਅਨਮੋਲ ਅਤੇ ਉਨ੍ਹਾਂ ਦੀ ਟੀਮ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਫੈਮਿਲੀ ਪਲਾਨਿੰਗ ਐਸੋਸੀਏਸ਼ਨ ਆਫ਼ ਇੰਡੀਆ ਤੋਂ ਡਾ. ਆਰਤੀ ਨੈਨ ਅਤੇ ਉਨ੍ਹਾਂ ਦੀ ਟੀਮ ਨੇ ਹੀਮੋਗਲੋਬਿਨ ਟੈਸਟ ਕੀਤੇ। ਸਿਹਤ ਜਾਂਚ ਕਰਵਾਉਣ ਵਾਲਿਆਂ ਵਿੱਚ 150 ਵਿਦਿਆਰਥੀਆਂ ਅਤੇ 35 ਸਟਾਫ਼ ਮੈਂਬਰ ਸ਼ਾਮਲ ਸਨ। ਪ੍ਰੋਗਰਾਮ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ, ਵਾਈਸ ਪ੍ਰਿੰਸੀਪਲ ਡਾ. ਕਮਲਪ੍ਰੀਤ ਕੌਰ, ਵਿਮੈੱਨ ਸੈੱਲ ਦੀ ਪ੍ਰਧਾਨ ਡਾ. ਪ੍ਰਤਿਮਾ ਸ਼ਰਮਾ, ਡਾ. ਕੈਥਰੀਨ ਮਸੀਹ , ਡਾ. ਪਾਇਲ ਲਾਂਬਾ ਅਤੇ ਹੋਰ ਸੀਨੀਅਰ ਮੈਂਬਰਾਂ ਨੇ ਕੀਤਾ।

# ਐੱਸਡੀਐੱਮ ਵੱਲੋਂ ਸਿਆਸੀ ਆਗੂਆਂ ਨਾਲ ਮੀਟਿੰਗ

ਨਰਾਇਣਗੜ੍ਹ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਐੱਸਡੀਐੱਮ ਯਸ਼ ਜਲੂਕਾ ਨੇ ਨਾਰਾਇਣਗੜ੍ਹ-3 ਵਿਧਾਨ ਸਭਾ ਹਲਕਾ ਅਧੀਨ ਆਉਂਦੀਆਂ ਲੋਕ ਸਭਾ ਚੋਣਾਂ ਸਬੰਧੀ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਚੋਣ ਕਮਿਸ਼ਨ ਵੱਲੋਂ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕੇ ਵਿੱਚ ਕੁੱਲ 211 ਪੋਲਿੰਗ ਸਟੇਸ਼ਨ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਹਰੇਕ ਪੋਲਿੰਗ ਸਟੇਸ਼ਨ 'ਤੇ ਬੂਥ ਲੈਵਲ ਏਜੰਟ (ਬੀ.ਐਲ.ਏ.) ਦੀ ਸੂਚੀ ਜਲਦੀ ਤੋਂ ਜਲਦੀ ਐੱਸਡੀਐੱਮ ਦਫ਼ਤਰ ਨੂੰ ਮੁਹੱਈਆ ਕਰਵਾਉਣ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਲਈ ਹਰ ਪੋਲਿੰਗ ਸਟੇਸ਼ਨ 'ਤੇ ਬੀ.ਐਲ.ਏ. ਨਿਯੁਕਤ ਕੀਤਾ ਜਾਣਾ ਲਾਜ਼ਮੀ ਹੈ।

# ਬੇਸਹਾਰਾ ਪਸ਼ੂਆਂ ਦੀਆਂ ਟਰਾਲੀਆਂ ਭਰ ਕੇ ਡੀਸੀ ਦਫ਼ਤਰ ਪੁੱਜੇ ਕਿਸਾਨ



ਸੰਗਰੂਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਨੇੜਲੇ ਪਿੰਡ ਚੰਗਾਲ ਦੇ ਕਿਸਾਨ ਬੇਸਹਾਰਾ ਪਸ਼ੂਆਂ ਦੀਆਂ ਟਰਾਲੀਆਂ ਭਰ ਕੇ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਛੱਡਣ ਲਈ ਪੁੱਜ ਗਏ ਪਰ ਡਿਊਟੀ 'ਤੇ ਤਾਇਨਾਤ ਪੁਲੀਸ ਮੁਲਾਜ਼ਮਾਂ ਵੱਲੋਂ ਡੀ.ਸੀ. ਕੰਪਲੈਕਸ ਦਾ ਮੁੱਖ ਗੇਟ ਬੰਦ ਕਰ ਕੇ ਕਿਸਾਨਾਂ ਨੂੰ ਬਾਹਰ ਹੀ ਰੋਕ ਦਿੱਤਾ। ਕਿਸਾਨਾਂ ਵੱਲੋਂ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ 'ਤੇ ਰੋਸ ਜਤਾਇਆ ਕਿ ਭਾਵੇਂ ਬੇਸਹਾਰਾ ਪਸ਼ੂਆਂ ਦੀ ਸੇਵਾ ਸੰਭਾਲ ਲਈ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਵੱਡੀ ਤਾਦਾਦ 'ਚ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਬੇਸਹਾਰਾ ਪਸ਼ੂ ਲੋਕਾਂ ਲਈ ਮੁਸੀਬਤ ਬਣੇ ਹੋਏ ਹਨ।ਬਾਅਦ ਦੁਪਹਿਰ ਪਿੰਡ ਚੰਗਾਲ ਦੇ ਕਿਸਾਨ ਭਾਕਿਯੂ ਏਕਤਾ ਉਗਰਾਹਾਂ ਦੀ ਪਿੰਡ ਇਕਾਈ ਦੀ ਅਗਵਾਈ ਹੇਠ ਕਰੀਬ ਡੇਢ ਦਰਜਨ ਬੇਸਹਾਰਾ ਪਸ਼ੂਆਂ ਨੂੰ ਟਰਾਲੀਆਂ ਵਿੱਚ ਭਰ ਕੇ ਡਿਪਟੀ ਕਮਿਸ਼ਨਰ ਦਫ਼ਤਰ ਛੱਡਣ ਲਈ ਪੁੱਜ ਗਏ। ਸੂਚਨਾ ਮਿਲਦਿਆਂ ਹੀ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ। ਮੌਕੇ 'ਤੇ ਤਹਿਸੀਲਦਾਰ ਸੁਰਿੰਦਰ ਪਾਲ ਅਤੇ ਥਾਣਾ ਸਿਟੀ ਪੁਲੀਸ ਪੁੱਜ ਗਈ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ।ਅਧਿਕਾਰੀਆਂ ਨੇ ਕਿਸਾਨਾਂ ਨੂੰ ਕਿਹਾ ਕਿ ਇਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾ ਝਨੇੜੀ ਛੱਡਿਆ ਜਾਵੇ ਪਰ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨਾਲ ਕੋਈ ਅਧਿਕਾਰੀ/ਕਰਮਚਾਰੀ ਭੇਜਿਆ ਜਾਵੇ ਤਾਂ ਹੀ ਉਹ ਝਨੇੜੀ ਜਾਣਗੇ। ਇਸ ਮਗਰੋਂ ਭਾਕਿਯੂ ਏਕਤਾ ਉਗਰਾਹਾਂ ਪਿੰਡ ਇਕਾਈ ਚੰਗਾਲ ਦੇ ਪ੍ਰਧਾਨ ਬਹਾਦਰ ਸਿੰਘ ਨੇ ਕਿਹਾ ਕਿ ਕਰੀਬ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਉਹ ਇਨ੍ਹਾਂ ਬੇਸਹਾਰਾ ਗਊਆਂ ਨੂੰ ਇਕੱਠੀਆਂ ਕਰਕੇ ਸਾਂਭ ਸੰਭਾਲ ਕਰ ਰਹੇ ਸੀ ਪਰੰਤੂ ਹੁਣ ਉਹ ਸੰਭਾਲ ਕਰਨ ਤੋਂ ਅਸਮਰੱਥ ਹਨ ਜਿਸ ਕਾਰਨ ਹੀ ਡੀ.ਸੀ. ਦਫ਼ਤਰ ਛੱਡਣ ਵਾਸਤੇ ਆਏ ਹਨ।ਉਨ੍ਹਾਂ ਕਿਹਾ ਕਿ ਬੇਸਹਾਰਾ ਪਸ਼ੂਆਂ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਕਿਸਾਨ ਰਾਤਾਂ ਨੂੰ ਜਾਗ ਕੇ ਆਪਣੀਆਂ ਫਸਲਾਂ ਦੀ ਰਾਖੀ ਕਰਦੇ ਹਨ। ਇਸ ਤੋਂ ਇਲਾਵਾ ਬੇਸਹਾਰਾ ਪਸ਼ੂ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ ਜਿਨ੍ਹਾਂ ਵਿਚ ਲੋਕਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਝੱਲਣਾ ਪੈਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਪ੍ਰਸ਼ਾਸ਼ਨ ਗੰਭੀਰ ਸਮੱਸਿਆ ਦੇ ਹੱਲ ਵੱਲ ਤੁਰੰਤ ਧਿਆਨ ਦੇਵੇ ।

# ਨਮੋ ਐਪ ਰਾਹੀਂ ਕਰੋੜਾਂ ਨੌਜਵਾਨ ਮੋਦੀ ਪਰਿਵਾਰ ਦਾ ਹਿੱਸਾ ਬਣ ਰਹੇ ਹਨ - ਡਾ. ਅਮਿਤ ਕਾਂਸਲ

ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰੋੜਾਂ ਭਾਰਤੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਵਿਸ਼ਵ ਪੱਧਰ ਦੇ ਨੇਤਾ ਹਨ।ਉਨ੍ਹਾਂ ਨੇ ਭਾਰਤੀਆਂ ਦੀਆਂ ਆਸਾਂ ਨੂੰ ਨਵੀਂ ਉਡਾਰੀ ਦਿੱਤੀ ਹੈ।ਉਨ੍ਹਾਂ ਦੀ ਅਗਵਾਈ ਵਿਚ ਚੋ ਤਰਫਾ ਦੇਸ਼ ਵਿਚ ਸੁੱਖ, ਸ਼ਾਂਤੀ, ਵਿਕਾਸ, ਸੁਰੱਖਿਆ ਅਤੇ ਜਨ ਕਲਿਆਣ ਦੀ ਹਵਾ ਵਗ ਰਹੀ ਹੈ। ਕਲਿਆਣਕਾਰੀ ਦੀ ਲਹਿਰ ਚੱਲ ਰਹੀ ਹੈ ਅਤੇ ਭਾਰਤ ਰਾਮ ਰਾਜ ਅਤੇ ਵਿਸ਼ਵ ਗੁਰੂ ਬਣਨ ਵੱਲ ਵੱਧ ਰਿਹਾ ਹੈ।ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤ ਵਿਸ਼ਵ ਦੀ ਗਿਆਰਵੀਂ ਅਰਥਵਿਵਸਥਾ ਤੋਂ ਪੰਜਵੀਂ ਅਰਥਵਿਵਸਥਾ ਬਣ ਗਿਆ ਹੈ 2024 ਵਿੱਚ ਤੀਜੀ ਵਾਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਸਰਕਾਰ ਬਣਨ ਜਾ ਰਹੀ ਹੈ ਅਤੇ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣਨ ਦੀ ਕਗਾਰ 'ਤੇ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ: ਅਮਿਤ ਕਾਂਸਲ, ਸੁਤੰਤਰ ਡਾਇਰੈਕਟਰ, ਨੈਸ਼ਨਲ ਹਾਈਡ੍ਰੋ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ, ਬਿਜਲੀ ਮੰਤਰਾਲਾ, ਭਾਰਤ ਸਰਕਾਰ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕੀਤਾ ।

ਡਾ: ਅਮਿਤ ਕਾਂਸਲ ਨੇ ਕਿਹਾ ਕਿ 140 ਕਰੋੜ ਦੇਸ਼ ਵਾਸੀਆਂ ਦਾ ਪਰਿਵਾਰ ਮੋਦੀ ਜੀ ਦਾ ਪਰਿਵਾਰ ਹੈ।ਉਹ ਭਾਰਤ ਦੇ ਹਰ ਵਿਅਕਤੀ ਦੀ ਚਿੰਤਾ ਕਰਦੇ ਹਨ।ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੇ ਗਏ ਹਰ ਪ੍ਰੋਗਰਾਮ ਦਾ ਲਾਭ ਦੇਸ਼ ਵਾਸੀਆਂ ਨੂੰ ਮਿਲ ਰਿਹਾ ਹੈ।ਭਾਰਤ ਵਿੱਚ ਡਿਜੀਟਲ ਕ੍ਰਾਂਤੀ ਦੇ ਕਾਰਨ ਨਮੋ ਐਪ ਰਾਹੀਂ ਲੱਖਾਂ ਨੌਜਵਾਨ ਹਰ ਦਿਨ ਮੋਦੀ ਪਰਿਵਾਰ ਦਾ ਹਿੱਸਾ ਬਣ ਰਹੇ ਹਨ ਅਤੇ ਵਿਕਸਿਤ ਭਾਰਤ ਦੇ ਦੂਤ ਬਣ ਕੇ ਨਾ ਸਿਰਫ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਲਾਭ ਖੁਦ ਲੈ ਰਹੇ ਹਨ ਸਗੋਂ ਮੋਦੀ ਪਰਿਵਾਰ ਦੇ ਮੈਂਬਰ ਹੋਣ ਦੀ ਦੀ ਜ਼ਿੰਮੇਵਾਰੀ ਨੂੰ ਵੀ ਪੂਰਾ ਕਰਦੇ ਕੋਈ ਉਹਨਾਂ ਦੁਆਰਾ ਕੀਤੇ ਕਾਰਜਾਂ ਨੂੰ ਹਰ ਘਰ ਪਹੁੰਚ ਰਹੇ ਹਨ।

ਡਾ: ਕਾਂਸਲ ਨੇ ਕਿਹਾ ਕਿ ਮੋਦੀ ਜੀ ਦੀ ਅਗਵਾਈ ਵਿੱਚ ਭਾਰਤ ਵਿੱਚ ਸੱਭਿਆਚਾਰਕ ਰਾਸ਼ਟਰਵਾਦ ਦਾ ਉਭਾਰ ਹੋਇਆ ਹੈ।ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਭਾਰਤੀ ਅਖਵਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ।ਮੋਦੀ ਸਰਕਾਰ ਵੱਲੋਂ ਨੌਜਵਾਨਾਂ, ਔਰਤਾਂ, ਗਰੀਬਾਂ ਲਈ ਕਈ ਲੋਕ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਸਾਰੀਆਂ ਸਕੀਮਾਂ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਨਮੋ ਐਪ ਰਾਹੀਂ ਉਪਲਬਧ ਹੈ।

ਡਾ: ਕਾਂਸਲ ਨੇ ਸਾਰੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਨਮੋ ਐਪ ਰਾਹੀਂ ਵਿਕਾਸ ਭਾਰਤ ਦੇ ਦੂਤ ਬਣਨ ਅਤੇ ਇਨ੍ਹਾਂ ਸਕੀਮਾਂ ਨੂੰ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚਾਉਣ ਲਈ ਕੰਮ ਕਰਨ ਅਤੇ ਅੰਮ੍ਰਿਤਕਾਲ ਦੇ ਇਸ ਪਵਿੱਤਰ ਸਮੇਂ ਵਿੱਚ ਰਾਸ਼ਟਰ ਨਿਰਮਾਣ ਆਪਣਾ ਸਰਬੋਤਮ ਯੋਗਦਾਨ ਦੇਣ। ਡਾ: ਕਾਂਸਲ ਨੇ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਮੋਦੀ ਪਰਿਵਾਰ ਦਾ ਹਿੱਸਾ ਬਣ ਕੇ ਦੇਸ਼ ਦੀ ਸੇਵਾ ਵਿਚ ਲੱਗੇ ਹੋਏ ਹਨ ਅਤੇ ਇਹ ਪਰਿਵਾਰ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ।

# ਇਨੈਲੋ ਨੇਤਾ ਰਾਠੀ ਹੱਤਿਆ ਕਾਂਡ 'ਚ ਦੋ ਮੁਲਜ਼ਮ ਗੋਆ ਤੋਂ ਗ੍ਰਿਫ਼ਤਾਰ

ਚੰਡੀਗੜ੍ਹ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਆਗੂ ਨਫੇ ਸਿੰਘ ਰਾਠੀ ਦੇ ਕਤਲ ਕੇਸ ਵਿੱਚ ਗੋਆ ਤੋਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਨੈਲੋ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਰਾਠੀ ਅਤੇ ਪਾਰਟੀ ਵਰਕਰ ਜੈਕਿਸ਼ਨ ਦੀ 25 ਫਰਵਰੀ ਨੂੰ ਝੱਜਰ ਦੇ ਬਹਾਦਰਗੜ੍ਹ 'ਚ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾ ਕੇ ਹੱਤਿਆ ਕਰ ਦਿੱਤੀ। ਆਸ਼ੀਸ਼ ਅਤੇ ਸੌਰਭ ਨੂੰ ਹਰਿਆਣਾ ਪੁਲੀਸ ਦੀ ਸਪੈਸ਼ਲ ਟਾਸਕ ਫੋਰਸ, ਜ਼ਿਲ੍ਹਾ ਪੁਲੀਸ ਅਤੇ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਸਾਂਝੇ ਅਪਰੇਸ਼ਨ ਦੌਰਾਨ ਉੱਤਰੀ ਗੋਆ ਦੇ ਹੋਟਲ ਤੋਂ ਗ੍ਰਿਫਤਾਰ ਕੀਤਾ ਹੈ। ਇਹ ਦੋਵੇਂ ਇਥੇ ਠਹਿਰੇ ਹੋਏ ਸਨ।

# ਦੇਹਰਾਦੂਨ ਤੋਂ ਅੰਮ੍ਰਿਤਸਰ ਲਈ 6 ਤੋਂ ਸ਼ੁਰੂ ਹੋਵੇਗੀ ਉਡਾਣ

ਦੇਹਰਾਦੂਨ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰ ਸਰਕਾਰ ਨੇ ਦੇਹਰਾਦੂਨ ਤੋਂ ਦੇਸ਼ ਦੇ ਤਿੰਨ ਵੱਡੇ ਸ਼ਹਿਰਾਂ ਉੱਤਰ ਪ੍ਰਦੇਸ਼ ਦੇ ਅਯੁੱਧਿਆ, ਵਾਰਾਨਸੀ ਅਤੇ ਪੰਜਾਬ ਦੇ ਅੰਮ੍ਰਿਤਸਰ ਲਈ ਉਡਾਣ ਸੰਚਾਲਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅੱਜ ਕਿਹਾ ਕਿ ਤਿੰਨੋਂ ਸੇਵਾਵਾਂ 6 ਮਾਰਚ ਤੋਂ ਸ਼ੁਰੂ ਕੀਤੀਆਂ ਜਾਣਗੀਆਂ। ਮੁੱਖ ਮੰਤਰੀ ਧਾਮੀ ਨੇ ਤਿੰਨੋਂ ਸੇਵਾਵਾਂ ਦੀ ਮਨਜ਼ੂਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਦਫ਼ਤਰ ਦੇ ਅਨੁਸਾਰ ਉਦਘਾਟਨ ਵਾਲੇ ਦਿਨ ਇੱਕ ਜਹਾਜ਼ ਦੇਹਰਾਦੂਨ ਤੋਂ ਅਯੁੱਧਿਆ ਲਈ ਸਵੇਰੇ 9.40 ਵਜੇ ਉਡਾਣ ਭਰੇਗਾ ਅਤੇ ਸਵੇਰੇ 11.30 ਵਜੇ ਅਯੁੱਧਿਆ ਪਹੁੰਚੇਗਾ। ਉਸੇ ਦਿਨ ਇੱਕ ਜਹਾਜ਼ ਅਯੁੱਧਿਆ ਤੋਂ ਬਾਅਦ ਦੁਪਹਿਰ 12.15 'ਤੇ ਉਡਾਣ ਭਰੇਗਾ ਅਤੇ ਬਾਅਦ ਦੁਪਹਿਰ 1.55 'ਤੇ ਦੇਹਰਾਦੂਨ ਪਹੁੰਚੇਗਾ। ਇਕ ਹੋਰ ਫਲਾਈਟ ਅੰਮ੍ਰਿਤਸਰ ਤੋਂ ਬਾਅਦ ਦੁਪਹਿਰ 1.10 ਵਜੇ ਦੇਹਰਾਦੂਨ ਪਹੁੰਚੇਗੀ। ਇਸੇ ਤਰ੍ਹਾਂ ਦੇਹਰਾਦੂਨ ਤੋਂ ਫਲਾਈਟ ਬਾਅਦ ਦੁਪਹਿਰ 1.35 'ਤੇ ਅੰਮ੍ਰਿਤਸਰ ਲਈ ਉਡਾਣ ਭਰੇਗੀ ਅਤੇ ਬਾਅਦ ਦੁਪਹਿਰ 2.45 'ਤੇ ਅੰਮ੍ਰਿਤਸਰ ਪਹੁੰਚੇਗੀ। ਪੰਤਨਗਰ ਦੇ ਰਸਤੇ ਵਾਰਾਨਸੀ ਲਈ ਹਵਾਈ ਸੇਵਾ ਵੀ 6 ਮਾਰਚ ਤੋਂ ਸ਼ੁਰੂ ਹੋ ਰਹੀ ਹੈ।

# ਸੰਗਰੂਰ 'ਚ ਤਿੰਨ ਮਹਿਲਾ ਅਧਿਆਪਕਾਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੀਆਂ

ਸੰਗਰੂਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਸਥਾਨਕ ਵਿਜੀਲੈਂਸ ਦਫ਼ਤਰ ਨੇੜੇ ਅੱਜ ਸਵੇਰੇ ਕੱਚੇ ਅਧਿਆਪਕ ਯੂਨੀਅਨ ਪੰਜਾਬ ਨਾਲ ਸਬੰਧਤ ਤਿੰਨ ਮਹਿਲਾ ਅਧਿਆਪਕਾਂ ਸਰਕਾਰ ਤੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਈਆਂ ਜਦਕਿ ਯੂਨੀਅਨ ਦੇ ਬਾਕੀ ਮੈਂਬਰਾਂ ਨੇ ਟੈਂਕੀ ਦੇ ਹੇਠਾਂ ਆਪਣਾ ਧਰਨਾ ਆਰੰਭ ਦਿੱਤਾ। ਉਕਤ ਅਧਿਆਪਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਤੋਂ ਰੈਗੂਲਰ ਕੀਤੀਆਂ ਜਾਣ। ਯੂਨੀਅਨ ਵੱਲੋਂ ਅੱਜ ਦਿਨ ਵੇਲੇ ਟੈਂਕੀ ਤੋਂ ਲਾਲ ਬੱਤੀ ਚੌਕ ਤੱਕ ਰੋਸ ਮਾਰਚ ਕਰਦਿਆਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਤੜਕੇ ਕਰੀਬ 4 ਵਜੇ ਕੱਚੇ ਅਧਿਆਪਕ ਯੂਨੀਅਨ ਨਾਲ ਸਬੰਧਤ ਤਿੰਨ ਮਹਿਲਾ ਅਧਿਆਪਕਾਂ ਸੁਖਜੀਤ ਕੌਰ ਮਾਨਸਾ, ਗੁਰਜੀਤ ਕੌਰ ਲੁਧਿਆਣਾ ਤੇ ਮਨਜੀਤ ਕੌਰ ਮਾਨਸਾ ਸਥਾਨਕ ਬੱਸ ਸਟੈਂਡ ਰੋਡ 'ਤੇ ਵਿਜੀਲੈਂਸ ਦਫ਼ਤਰ ਨੇੜੇ ਸਥਿਤ ਕਰੀਬ 80-90 ਫੁੱਟ ਉੱਚੀ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਈਆਂ। ਯੂਨੀਅਨ ਦੇ ਸੂਬਾ ਪ੍ਰਧਾਨ ਜਸਪਾਲ ਸਿੰਘ ਨੇ ਕਿਹਾ ਕਿ ਅਗਸਤ 2023 ਵਿੱਚ ਸੇਵਾ ਦੇ ਦਸ ਸਾਲ ਪੂਰੇ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਨਹੀਂ ਕੀਤੀਆਂ ਜਾ ਰਹੀਆਂ ਜਦਕਿ ਇਸ ਤੋਂ ਪਹਿਲਾਂ ਵੀ ਉਹ ਰੈਗੂਲਰ ਹੋਣ ਦੀ ਮੰਗ ਤਹਿਤ ਕਈ ਵਾਰ ਮੰਤਰੀਆਂ ਨੂੰ ਮਿਲ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਵੱਡੀ ਗਿਣਤੀ ਕੱਚੇ ਅਧਿਆਪਕਾਂ ਨੂੰ ਸਰਵਿਸ ਵਿੱਚ ਦਸ ਸਾਲ ਪੂਰੇ ਹੋਣ ਮਗਰੋਂ ਰੈਗੂਲਰ ਨਿਯੁਕਤੀ ਪੱਤਰ ਜਾਰੀ ਕੀਤੇ ਹਨ ਪਰ 130 ਕੱਚੇ ਅਧਿਆਪਕ ਹਾਲੇ ਤੱਕ ਰੈਗੂਲਰ ਨਹੀਂ ਕੀਤੇ ਗਏ, ਜਿਸ ਕਾਰਨ ਉਹ ਛੇ ਹਜ਼ਾਰ ਰੁਪਏ ਮਹੀਨਾ ਤਨਖ਼ਾਹ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਉਨ੍ਹਾਂ ਦੱਸਿਆ ਕਿ ਸੱਤ ਮਹੀਨੇ ਬੀਤਣ ਦੇ ਬਾਵਜੂਦ ਹਾਲੇ ਤੱਕ ਉਨ੍ਹਾਂ ਸਬੰਧੀ ਸਰਕਾਰ ਨੇ ਕੋਈ ਫ਼ੈਸਲਾ ਨਹੀਂ ਲਿਆ ਹੈ।

ਇਸ ਸਬੰਧੀ ਸਿੱਖਿਆ ਵਿਭਾਗ ਨੇ ਉਨ੍ਹਾਂ ਦਾ ਡੇਟਾ ਵੀ ਤਸਦੀਕ ਕਰ ਲਿਆ ਹੈ ਪਰ ਨਿਯੁਕਤੀ ਪੱਤਰ ਜਾਰੀ ਨਹੀਂ ਕੀਤੇ ਜਾ ਰਹੇ ਹਨ। ਆਗੂਆਂ ਨੇ ਮੰਗ ਕੀਤੀ ਕਿ ਤੁਰੰਤ ਉਨ੍ਹਾਂ ਨੂੰ ਰੈਗੂਲਰ ਕਰਨ ਦੇ ਆਰਡਰ ਜਾਰੀ ਕੀਤੇ ਜਾਣ ਤਾਂ ਜੋ ਉਹ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਚਲਾਉਣ ਦੇ ਕਾਬਿਲ ਬਣ ਸਕਣ।

ਆਗੂਆਂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਹਾਲੇ ਵੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਕਰਦੀ ਤਾਂ ਉਨ੍ਹਾਂ ਵੱਲੋਂ ਵਿੱਢਿਆ ਗਿਆ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਆਗੂ ਸਿਮਰਜੀਤ ਸਿੰਘ, ਕੁਲਵਿੰਦਰ ਸਿੰਘ, ਅਮਨਦੀਪ ਕੌਰ ਬਠਿੰਡਾ, ਗੌਰਵ ਜਲਾਲਾਬਾਦ ਤੇ ਹੋਰ ਅਧਿਆਪਕ ਮੌਜੂਦ ਸਨ।

• ਡਾ. ਨਰੇਸ਼ ਕੁਮਾਰ ਗੁਲਾਟੀ
97811-26255

ਸਫ਼ੈਦੇ ਦੇ ਪੱਤਿਆ ਦਾ ਤੇਲ ਗਠੀਆ, ਜ਼ੁਕਾਮ, ਗਲੇ ਦੀਆਂ ਬਿਮਾਰੀਆਂ, ਅਲਸਰ, ਬੁਖ਼ਾਰ ਆਦਿ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਦਵਾਈਆਂ 'ਚ ਵਰਤਿਆ ਜਾਂਦਾ ਹੈ...

ਜਾਣੋ-ਪਛਾਣੋ ਰੁੱਖ

# ਕੁਦਰਤ ਦਾ ਨਾਯਾਬ ਗਹਿਣਾ ਸਫ਼ੈਦਾ





ਉੱਚਾ ਲੰਮਾ ਤੇ ਸਾਰਾ ਸਾਲ ਹਰਾ ਰਹਿਣ ਵਾਲਾ ਸਫ਼ੈਦੇ ਦਾ ਰੁੱਖ ਸ੍ਰਿਸ਼ਟੀ ਦਾ ਚਮਕਦਾ ਨਗ ਤੇ ਆਸਟ੍ਰੇਲੀਆ ਦਾ ਜੰਮਪਲ ਮੰਨਿਆ ਜਾਂਦਾ ਹੈ। ਸੜਕਾਂ ਦੇ ਕਿਨਾਰੇ, ਖੇਤਾਂ ਦੇ ਬੰਨਿਆਂ, ਖੂਹਾਂ 'ਤੇ ਹੁਲਾਰੇ ਖਾਂਦੇ ਇਸ ਬੂਟੇ ਨੂੰ ਭਾਵੇਂ ਫਲ ਨਹੀਂ ਪੈਂਦੇ ਪਰ ਇਸ ਦੇ ਫੁੱਲ ਤੇ ਮਹਿਕ ਕਈਆਂ ਦਾ ਮਨ ਟੁੰਬ ਲੈਂਦੀ ਹੈ। ਵਣ ਖੇਤੀ ਵਿਚ ਇਸ ਬੂਟੇ ਨੂੰ ਸ਼ਾਮਲ ਕਰਨ ਨਾਲ ਸਫ਼ੈਦੇ ਦੇ ਰੁੱਖ ਕਿਸਾਨਾਂ ਲਈ ਚੰਗੀ ਆਮਦਨ ਦਾ ਜ਼ਰੀਆ ਵੀ ਬਣ ਰਿਹਾ ਹੈ।

## ਵਿਸ਼ੇਸ਼ ਵਰਣਨ

ਸਫ਼ੈਦੇ ਦਾ ਰੁੱਖ ਆਪਣੀ ਦਿੱਖ, ਕੱਦ ਕਾਠ ਅਤੇ ਤੇਜ਼ੀ ਨਾਲ ਵਧਣ ਦੀ ਸਮਰਥਾ ਕਾਰਨ ਵਰਦਾਨ ਸਬਤ ਹੋ ਰਿਹਾ ਹੈ। ਸਫ਼ੈਦੇ ਦਾ ਰੁੱਖ 3-4 ਸਾਲ ਵਿਚ ਚੰਗਾ ਕੱਦ-ਕਾਠ ਹਾਸਲ ਕਰ ਲੈਂਦਾ ਹੈ। ਇਸ ਵਪਾਰਕ ਵਣ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸਫ਼ੈਦੇ ਦੇ ਕਲੋਨ ਵੀ ਵਿਕਸਿਤ ਕੀਤੇ ਜਾ ਚੁੱਕੇ ਹਨ। ਇਹ ਕਲੋਨ ਚੰਗੇ ਸਿਹਤਮੰਦ ਬੂਟਿਆਂ ਤੋਂ ਤਿਆਰ ਕੀਤੇ ਜਾਂਦੇ ਹਨ ਤੇ ਕਲੋਨ ਰਾਹੀਂ ਲਗਾਏ ਗਏ ਸਫ਼ੈਦੇ ਦੇ ਬੂਟੇ ਜਿੱਥੇ ਹੋਰ ਤੇਜ਼ੀ ਨਾਲ ਵੱਡੇ ਹੁੰਦੇ ਹਨ ਉੱਥੇ ਇਨ੍ਹਾਂ ਦੀ ਲੱਕੜ ਇਕਸਾਰ ਸਿੱਧੀ ਵਧਦੀ ਹੈ ਤੇ ਕੁਦਰਤੀ ਛੰਗਾਈ ਕਾਰਨ ਮੁੱਖ ਤਣਾ ਸਿੱਧਾ ਤੇ ਦਿਲ ਖਿੱਚਵਾਂ ਹੁੰਦਾ ਹੈ ਤੇ ਮੰਡੀ ਵਿਚ ਅਜਿਹੀ ਲੱਕੜ ਦੀ ਕਾਫ਼ੀ ਮੰਗ ਰਹਿੰਦੀ ਹੈ।

## ਗੁਣ

ਸਫ਼ੈਦਾ ਲੰਮੇ ਕੱਦ ਤੇ ਜਲਦੀ ਵਧਣ ਕਾਰਨ ਹਰਮਨ ਪਿਆਰਾ ਦਰੱਖ਼ਤ ਹੈ। ਇਸ ਤੋਂ ਕਈ ਦਵਾਈਆਂ ਬਣਦੀਆਂ ਹਨ। ਇਹ ਦਵਾਈਆਂ ਕਈ ਬਿਮਾਰੀਆਂ ਦੇ ਮਾਰੂ ਪ੍ਰਭਾਵ ਤੋਂ ਇਨਸਾਨ ਦੀ ਰਖਵਾਲੀ ਕਰਦੀਆਂ ਹਨ। ਸਫ਼ੈਦੇ ਦੇ ਪੱਤਿਆ ਦਾ ਤੇਲ ਬਹੁਤ ਸ਼ਕਤੀਸ਼ਾਲੀ ਐਂਟੀਸੈਪਟਿਕ ਹੈ। ਇਸ ਦਾ ਤੇਲ ਗਠੀਆ ਜਾਂ ਅਰਥਰਾਈਟਸ, ਜ਼ੁਕਾਮ , ਗਲੇ ਦੀਆਂ ਬਿਮਾਰੀਆਂ, ਅਲਸਰ ਅਤੇ ਬੁਖ਼ਾਰ ਆਦਿ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਦਵਾਈਆਂ 'ਚ ਵਰਤਿਆ ਜਾਂਦਾ ਹੈ। ਮੁੱਖ ਤੌਰ 'ਤੇ ਸਫ਼ੈਦੇ ਦੇ ਤੇਲ ਦੀ ਵਰਤੋਂ ਤਿੰਨ ਤਰ੍ਹਾਂ, ਦਵਾਈਆਂ, ਸਨਅਤੀ ਵਰਤੋਂ ਅਤੇ ਖ਼ੁਸ਼ਬੂ ਲਈ ਕੀਤੀ ਜਾਂਦਾ ਹੈ।

### ਨਾਂ

ਸਫ਼ੈਦੇ ਦਾ ਮੂਲ ਸਥਾਨ ਆਸਟ੍ਰੇਲੀਆ ਮੰਨਿਆ ਜਾਂਦਾ ਹੈ। ਪੌਦਾ ਵਿਗਿਆਨੀ ਡੇਵਿਡ ਨੈਲਸਨ ਨੇ ਸੰਨ 1777 ਵਿਚ ਇਸ ਦੀ ਖੋਜ ਕੀਤੀ ਸੀ। ਫਰਾਂਸੀਸੀ ਪੌਦਾ ਵਿਗਿਆਨੀ ਚਾਰਲਸ ਲੂਈਸ ਨੇ ਇਸ ਨੇਸ ਨੂੰ 'ਯੂਕਲਿਪਟਸ' ਨਾਂ ਦਿੱਤਾ। ਇਸ ਰੁੱਖ ਦਾ ਛਿਲਕਾ ਸਫ਼ੈਦ ਰੰਗ ਦਾ ਹੋਣ ਕਾਰਨ ਇਸ ਹਿੰਦੀ ਅਤੇ ਪੰਜਾਬੀ ਵਿਚ 'ਸਫ਼ੈਦਾ' ਆਖਿਆ ਜਾਂਦਾ ਹੈ।

## ਵਰਤੋਂ

ਆਮ ਆਦਮੀ ਦੀ ਸੌਖੀ ਪਹੁੰਚ ਵਿਚ ਆਉਂਦੀ ਇਸ ਦੀ ਲੱਕੜ ਨੂੰ ਚੁਗਾਠਾਂ ਤੇ ਫਰਨੀਚਰ ਲਈ ਵਰਤਿਆ ਜਾਂਦਾ ਹੈ। ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਸਫ਼ੈਦੇ ਦਾ ਰੁੱਖ ਖ਼ਾਸ ਮਹੱਤਤਾ ਰੱਖਦਾ ਹੈ। ਸ਼ਹਿਦ ਦੀਆਂ ਮੱਖੀਆਂ ਲਈ ਸਾਰਾ ਸਾਲ ਫੁੱਲ-ਫੁਲਾਕਾ ਮੁਹੱਈਆ ਕਰਵਾਉਣ 'ਚ ਕੋਈ ਰੁੱਖ ਸਫ਼ੈਦੇ ਦਾ ਸਾਨੀ ਨਹੀਂ। ਆਮ ਧਾਰਨਾ ਹੈ ਕਿ ਸ਼ਹਿਦ ਦੀਆਂ ਮੱਖੀਆਂ ਰਾਹੀਂ ਸਫ਼ੈਦੇ ਦੇ ਫੁੱਲਾਂ ਤੋਂ ਇਕੱਠਾ ਕੀਤਾ ਹੋਇਆ ਸ਼ਹਿਦ ਘੱਟ ਜੰਮਦਾ ਹੈ।

## ਖੇਤੀ

ਸਫ਼ੈਦੇ ਦੇ ਪੌਦੇ ਦਾ ਵਾਧਾ ਬੀਜ ਜਾਂ ਕਟਿੰਗਜ਼ ਰਾਹੀਂ ਹੋ ਸਕਦਾ ਹੈ। ਕਰੀਬ 2.5 ਮੀਟਰ ਡੂੰਘਾਈ ਤਕ ਜਾ ਸਕਣ ਵਾਲੀਆਂ ਇਸ ਦੀਆਂ ਜੜ੍ਹਾਂ ਨੂੰ ਬਰਸਾਤੀ ਪਾਣੀ ਜਾਂ ਸਿੰਚਾਈ ਸਹੂਲਤਾਂ ਰਾਹੀਂ ਸਿੰਜਿਆ ਜਾ ਸਕਦਾ ਹੈ। ਸੋਕੇ ਵਰਗੇ ਹਾਲਾਤ ਵਿਚ ਸਫ਼ੈਦੇ ਦੇ ਬੂਟੇ ਸਹਿਜੇ ਹੀ ਪ੍ਰਵਾਨ ਚੜ੍ਹ ਸਕਦੇ ਹਨ ਕਿਉਂਕਿ ਇਹ ਪ੍ਰਤੀਕੂਲ ਹਾਲਾਤ ਦਾ ਵੀ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਦੀ ਸਮਰਥਾ ਰੱਖਦਾ ਹੈ। ਆਮ ਹਾਲਤ ਵਿਚ ਸਫ਼ੈਦੇ ਦਾ ਰੁੱਖ 10-60 ਮੀਟਰ ਲੰਮਾ ਹੋ ਸਕਦਾ ਹੈ। 2×2 ਮੀਟਰ ਦੇ ਫ਼ਾਸਲੇ 'ਤੇ ਇਕ ਏਕੜ ਰਕਬੇ 'ਚ ਕਰੀਬ 1200 ਬੂਟੇ ਲਗਾਏ ਜਾ ਸਕਦੇ ਹਨ। ਸਫ਼ੈਦਾ ਲਗਾਉਣ ਲਈ 25-35 ਸੈਂਟੀਗ੍ਰੇਡ ਤਾਪਮਾਨ ਸਹੀ ਮੰਨਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਫ਼ੈਦੇ ਕਲੋਨ ਦੀਆਂ ਕਿਸਮਾਂ ਨੂੰ ਵਣ ਖੇਤੀ ਦੇ ਤੌਰ 'ਤੇ ਉਗਾਉਣ ਲਈ ਕਰੀਬ 500 ਕਲਮਾਂ ਪ੍ਰਤੀ ਏਕੜ ਬੀਜਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਇਸ ਨੂੰ ਖੂਹਾਂ, ਖੇਤਾਂ ਦੇ ਬੰਨਿਆਂ, ਪਿੰਡਾਂ ਦੀਆਂ ਫਿਰਨੀਆਂ, ਸਾਂਝੀਆਂ ਥਾਵਾਂ 'ਤੇ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ। ਖ਼ੁਸ਼ਬੂ ਅਤੇ ਦਵਾਈਆਂ ਵਿਚ ਕੰਮ ਆ ਸਕਣ ਵਾਲਾ ਇਸ ਪੌਦੇ ਦਾ ਤੇਲ, ਮੱਧੂ ਮੱਖੀਆਂ ਲਈ ਫੁੱਲ ਫੁਲਾਕੇ ਤੋਂ ਇਲਾਵਾ ਇਹ ਪਲਾਈ ਵੁੱਡ, ਫਰਨੀਚਰ ਤੇ ਕਈ ਹੋਰ ਕਾਰਜਾਂ ਲਈ ਵੱਡੇ ਪੱਧਰ 'ਤੇ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਸਫ਼ੈਦੇ ਦੇ ਬੂਟੇ ਜੰਗਲਾਤ ਵਿਭਾਗ ਰਾਹੀਂ ਜੰਗਲਾਂ ਅਧੀਨ ਰਕਬਾ ਵਧਾਉਣ ਦੀਆਂ ਸਕੀਮਾਂ ਤਹਿਤ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। •

---

• ਡਾ. ਲਖਵੀਰ ਕੌਰ ਧਾਲੀਵਾਲ,
ਡਾ. ਸੁਖਜੀਤ ਕੌਰ

# ਪੱਛਮੀ ਚੱਕਰਵਾਤਾਂ ਦਾ ਹਾੜ੍ਹੀ ਦੀਆਂ ਫ਼ਸਲਾਂ 'ਤੇ ਪ੍ਰਭਾਵ





ਪੱਛਮੀ ਚੱਕਰਵਾਤ ਨੂੰ 'ਵੈਸਟਰਨ ਡਿਸਟਰਬੈਂਸਿਜ਼' ਵੀ ਆਖਦੇ ਹਨ। ਇਹ ਉੱਤਰ-ਪਛਮੀ ਭਾਰਤ ਵਿਚ ਸਰਦ ਰੁੱਤ 'ਚ ਬਾਰਿਸ਼ ਦਾ ਕਾਰਨ ਬਣਦੇ ਹਨ। ਪੱਛਮੀ ਚਕਰਵਾਤ ਇਕ 'ਐਕਸਟਰਾ ਟ੍ਰਾਪੀਕਲ ਤੂਫ਼ਾਨ' ਹੁੰਦਾ ਹੈ। ਇਨ੍ਹਾਂ ਨੂੰ ਪੱਛਮ ਤੋਂ ਉਤਰ ਵੱਲ ਨੂੰ ਚੱਲਣ ਵਾਲੀਆਂ ਹਵਾਵਾਂ ਚਲਾਉਂਦੀਆਂ ਹਨ। ਆਮ ਤੌਰ 'ਤੇ ਪੱਛਮੀ ਚਕਰਵਾਤ 'ਮੈਡੀਟੇਰੀਅਨ ਸਾਗਰ', 'ਬਲੈਕ ਸਾਗਰ' ਤੇ 'ਕੈਪਸੀਅਨ ਸਾਗਰ' 'ਚੋਂ ਉੱਠਦੇ ਹਨ ਤੇ 'ਐਟਲਾਂਟਿਕ ਸਾਗਰ' ਤੋਂ ਨਮੀ ਲੈ ਕੇ ਪੂਰਬ ਵੱਲ ਵਧਦੇ ਹਨ ਤੇ ਭਾਰਤੀ ਉੱਪ-ਮਹਾਂਦੀਪ ਦੇ ਪਹਾੜੀ ਖੇਤਰਾਂ 'ਚ ਬਰਫ਼ਬਾਰੀ ਲਿਆਉਂਦੇ ਹਨ। ਉੱਤਰ-ਪੱਛਮੀ ਭਾਰਤ 'ਚ ਹਾੜ੍ਹੀ ਦੇ ਸੀਜ਼ਨ 'ਚ ਮੌਸਮੀ ਤਬਦੀਲੀਆਂ ਪੱਛਮੀ ਚੱਕਰਵਾਤਾਂ ਕਰਕੇ ਹੀ ਹੁੰਦੀਆਂ ਹਨ।

ਹਾੜ੍ਹੀ ਦੀਆਂ ਫ਼ਸਲਾਂ, ਖ਼ਾਸ ਕਰਕੇ ਕਣਕ ਲਈ ਪੱਛਮੀ ਚੱਕਰਵਾਤ ਮਹੱਤਵਪੂਰਨ ਹੈ। ਫ਼ਸਲਾਂ ਦਾ ਵਾਧਾ ਤੇ ਪੈਦਾਵਾਰ ਮੌਸਮੀ ਤੱਤ, ਜਿਵੇਂ ਹਵਾ ਦਾ ਤਾਪਮਾਨ, ਹਵਾ 'ਚ ਨਮੀ, ਸੂਰਜੀ ਰੌਸ਼ਨੀ, ਹਵਾ ਤੇ ਬਾਰਿਸ਼ ਆਦਿ ਕਾਰਨ ਪ੍ਰਭਾਵਿਤ ਹੁੰਦਾ ਹੈ। ਇਹ ਸਾਰੇ ਮੌਸਮੀ ਤੱਤ ਪੱਛਮੀ ਚਕਰਵਾਤ ਨਾਲ ਪ੍ਰਭਾਵਿਤ ਹੁੰਦੇ ਹਨ।

### ਪ੍ਰਾਇਮਰੀ ਤੇ ਸੈਕੰਡਰੀ ਪੱਛਮੀ ਚੱਕਰਵਾਤ

ਮੌਨਸੂਨ ਤੋਂ ਬਾਅਦ (ਅਕਤੂਬਰ-ਨਵੰਬਰ) ਅਤੇ ਸਰਦ ਮੌਸਮ ਵਿਚ (ਦਸੰਬਰ-ਜਨਵਰੀ) 'ਚ ਮੱਧ ਅਕਸ਼ਾਂਸ਼ ਵੈਸਟਰਲੀਜ਼ (ਮਿਡ ਲੈਟੀਟਿਊਡ ਵੈਸਟਰਲੀਜ਼), ਖੰਡੀ ਖੇਤਰਾਂ ਵੱਲ ਰੁਖ਼ ਕਰ ਲੈਂਦੀਆਂ ਹਨ, ਜਿਨ੍ਹਾਂ ਵਿਚ ਘੱਟ ਦਬਾਅ ਵਾਲੇ ਸਿਸਟਮ ਹੁੰਦੇ ਹਨ। ਘੱਟ ਦਬਾਅ ਵਾਲੇ ਇਹ ਸਿਸਟਮ ਪੂਰਬ ਵੱਲ ਵਧਦੇ-ਵਧਦੇ ਮੌਸਮ 'ਚ ਤਬਦੀਲੀ ਲਿਆਉਂਦੇ ਹਨ। ਸ਼ੁਰੂ 'ਚ ਜਿਹੜੇ ਪੱਛਮੀ ਚੱਕਰਵਾਤ ਕਸ਼ਮੀਰ ਨੂੰ ਪ੍ਰਭਾਵਿਤ ਕਰਦੇ ਸਨ, ਉਨ੍ਹਾਂ ਨੂੰ 'ਪ੍ਰਾਇਮਰੀ ਪੱਛਮੀ ਚੱਕਰਵਾਤ' ਕਹਿੰਦੇ ਸਨ ਤੇ ਜਿਹੜੇ ਚੱਕਰਵਾਤ ਦੱਖਣ ਦੇ 30 ਡਿਗਰੀ ਉੱਤਰ 'ਤੇ ਪੈਦਾ ਹੁੰਦੇ ਸਨ, ਉਨ੍ਹਾਂ ਨੂੰ 'ਸੈਕੰਡਰੀ ਪੱਛਮੀ ਚੱਕਰਵਾਤ' ਆਖਦੇ ਸਨ। ਅੱਜ ਕੱਲ੍ਹ ਪ੍ਰਾਇਮਰੀ ਚੱਕਰਵਾਤ ਨੂੰ 'ਮੁੱਖ ਪੱਛਮੀ ਚਕਰਵਾਤ' ਤੇ ਸੈਕੰਡਰੀ ਪਛਮੀ ਚਕਰਵਾਤ ਨੂੰ 'ਇਨਡਿਊਸਡ ਲੋ' (ਘੱਟ ਦਬਾਅ ਵਾਲੇ ਖੇਤਰ) ਕਿਹਾ ਜਾਂਦਾ ਹੈ। ਮੁੱਖ ਪੱਛਮੀ ਚੱਕਰਵਾਤ ਕਾਰਨ 30 ਡਿਗਰੀ ਉਤਰ ਅਕਸ਼ਾਂਸ਼ (ਲੈਟੀਚਿਊਡ) ਹੀ ਬਾਰਿਸ਼ ਦੀ ਬੈਲਟ ਹੁੰਦੀ ਹੈ। ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਬਾਰਿਸ਼ ਘੱਟ ਦਬਾਅ ਵਾਲੇ ਖੇਤਰ (ਇਨਡਿਊਸਡ ਲੋ) ਕਰਕੇ ਹੁੰਦੀ ਹੈ, ਜਿਸ ਨੂੰ 'ਦੂਸਰੀ ਬਾਰਿਸ਼ ਬੈਲਟ' ਕਿਹਾ ਜਾਂਦਾ ਹੈ। ਘੱਟ ਦਬਾਅ ਰਾਜਸਥਾਨ ਦੇ ਉੱਪਰ ਦੱਖਣ ਵੱਲ ਨੂੰ ਵਧ ਜਾਂਦਾ ਹੈ ਤੇ ਇਹ ਮੱਧ ਪ੍ਰਦੇਸ਼ 'ਚ ਵੀ ਬਾਰਿਸ਼ ਦਾ ਕਾਰਨ ਬਣਦੇ ਹਨ, ਜਿਸ ਨੂੰ 'ਤੀਸਰੀ ਬਾਰਿਸ਼ ਦੀ ਬੈਲਟ' ਆਖਦੇ ਹਨ। ਕਈ ਵਾਰ ਉੱਤਰ-ਪੱਛਮ ਭਾਰਤ 'ਤੇ ਬਾਰਿਸ਼ ਹੁੰਦੀ ਹੈ ਤੇ ਇਸ ਤੋਂ ਕਈ ਦਿਨਾਂ ਬਾਅਦ ਅਸਮ ਵਿਚ ਵੀ ਬਾਰਿਸ਼ ਹੋ ਜਾਂਦੀ ਹੈ। ਪੱਛਮੀ ਚੱਕਰਵਾਤ ਉੱਤਰ-ਪੱਛਮ ਭਾਰਤ 'ਚ ਸਾਰਾ ਸਾਲ ਘੁੰਮਦੇ ਰਹਿੰਦੇ ਹਨ ਪ੍ਰੰਤੂ ਅਕਤੂਬਰ ਤੋਂ ਅਪ੍ਰੈਲ ਦਰਮਿਆਨ ਇਹ ਜ਼ਿਆਦਾ ਗਤੀਸ਼ੀਲ ਹੁੰਦੇ ਹਨ। ਕਿਸੇ ਜਗ੍ਹਾ ਤੋਂ ਜਦ ਪੱਛਮੀ ਚੱਕਰਵਾਤ ਲੰਘਦੇ ਹਨ ਤਾਂ ਤਾਪਮਾਨ 'ਚ ਗਿਰਾਵਟ ਤੇ ਧੁੰਦ ਪੈਣ ਲਗਦੀ ਹੈ ਤੇ ਹੌਲੀ-ਹੌਲੀ ਠੰਢ ਦਾ ਅਸਰ ਦੱਖਣੀ ਹਿੱਸਿਆਂ ਵੱਲ ਵਧਣਾ ਸ਼ੁਰੂ ਹੋ ਜਾਂਦਾ ਹੈ।

### ਮੌਨਸੂਨ 'ਤੇ ਪ੍ਰਭਾਵ

ਗਰਮੀਆਂ ਦੌਰਾਨ ਇਹ ਚੱਕਰਵਾਤ ਕਾਫ਼ੀ ਘਟ ਜਾਂਦੇ ਹਨ। ਪੱਛਮੀ ਚੱਕਰਵਾਤਾਂ ਦੇ ਉਲਟ ਦੱਖਣ-ਪੱਛਮੀ ਮੌਨਸੂਨ ਆਮ ਤੌਰ ਤੇ ਉੱਤਰੀ ਹਿਮਾਲਿਆ ਵਿਚ ਪੂਰਬ ਤੋਂ ਪੱਛਮ ਵੱਲ ਵਧਦਾ ਹੈ, ਜੋ ਉੱਤਰੀ ਭਾਰਤ ਵਿਚ ਪੂਰਬ ਵੱਲ ਪੱਛਮ ਦੀ ਤਰਤੀਬ ਨਾਲ ਅਗੇ ਵਧਦੇ ਹਨ। ਇਸ ਨਾਲ ਹਵਾ ਦੇ ਠੰਢੇ ਪਾਣੀ ਨਾਲ ਭਰੇ ਦਬਾਅ 'ਚ ਵਾਧਾ ਹੁੰਦਾ ਹੈ, ਇਹ ਉੱਤਰ-ਪੱਛਮੀ ਭਾਰਤ ਦੇ ਕੁਝ ਹਿੱਸਿਆਂ 'ਚ ਮੌਨਸੂਨ ਦੇ ਸਰਗਰਮ ਹੋਣ 'ਚ ਮਦਦ ਕਰਦੇ ਹਨ। ਪੱਛਮੀ ਚੱਕਰਵਾਤਾਂ ਨਾਲ ਮੌਨਸੂਨ ਦੀ ਗੜਬੜ ਕਈ ਵਾਰ ਸੰਘਣੇ ਬਦਲਾਂ ਤੇ ਭਾਰੀ ਮੀਂਹ ਕਰਕੇ ਹੋ ਸਕਦੀ ਹੈ।

### ਨੁਕਸਾਨ

2013 'ਚ ਉੱਤਰੀ ਭਾਰਤ ਵਿਚ 3 ਦਿਨਾਂ 'ਚ 5000 ਤੋਂ ਵਧ ਮੌਤਾਂ ਦਾ ਕਾਰਨ ਇਹੋ ਜਿਹੀ ਗੜਬੜੀ ਹੀ ਸੀ। ਸਭ ਤੋਂ ਤੇਜ਼ ਪੱਛਮੀ ਚੱਕਰਵਾਤ ਆਮ ਤੌਰ 'ਤੇ ਪਾਕਿਸਤਾਨ ਦੇ ਉੱਤਰੀ ਹਿੱਸਿਆਂ 'ਚ ਹੁੰਦੇ ਹਨ, ਜਿੱਥੇ ਸਰਦੀਆਂ 'ਚ ਕਈ ਵਾਰ ਹੜ੍ਹ ਆ ਜਾਂਦੇ ਹਨ। ਆਮ ਤੌਰ 'ਤੇ ਪੱਛਮੀ ਚੱਕਰਵਾਤ ਨਮੀਂ ਲਿਆਉਂਦੇ ਹਨ, ਜਿਹੜੀ ਕਿ ਬੱਦਲ ਬਣਨ 'ਚ ਮਦਦ ਕਰਦੀ ਹੈ।

### ਮਾੜੇ ਪ੍ਰਭਾਵ

ਹਾੜ੍ਹੀ ਦੀਆਂ ਫ਼ਸਲਾਂ ਦਾ ਉਤਪਾਦਨ ਪੱਛਮੀ ਚੱਕਰਵਾਤ ਦੇ ਨਾ ਆਉਣ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਸੇਂਜੂ ਹਾਲਤ ਵਿਚ ਉਗਾਈਆਂ ਫ਼ਸਲਾਂ ਵੀ ਇਸ ਦੇ ਪ੍ਰਭਾਵ ਹੇਠ ਆ ਜਾਂਦੀਆ ਹਨ। ਕਣਕ ਦੀ ਫ਼ਸਲ ਦਾ ਪ੍ਰਜਣਨ ਪੜਾਅ ਪੰਜਾਬ ਵਿਚ ਫ਼ਰਵਰੀ-ਮਾਰਚ ਦੇ ਮਹੀਨੇ ਹੁੰਦਾ ਹੈ। ਇਸ ਦੌਰਾਨ ਸਧਾਰਨ ਨਾਲੋਂ ਵਧੇਰੇ ਤਾਪਮਾਨ ਕਣਕ ਦੇ ਝਾੜ ਨੂੰ ਘਟਾ ਦਿੰਦਾ ਹੈ। ਇਸ ਪੜਾਅ ਦੌਰਾਨ ਨਮੀ ਦੀ ਘਾਟ ਦਾ ਵੀ ਕਣਕ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਬਾਰਿਸ਼ ਤੋਂ ਇਲਾਵਾ ਸੇਜੂ ਤੇ ਬਰਾਨੀ ਹਾਲਾਤਾਂ 'ਚ ਬੀਜੀ ਗਈ ਕਣਕ ਦੇ ਝਾੜ ਉੱਪਰ ਤਾਪਮਾਨ ਦਾ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ।

ਅਕਤੂਬਰ ਤੋਂ ਮਾਰਚ ਵਿਚ ਪੱਛਮੀ ਚੱਕਰਵਾਤਾਂ ਦਾ ਆਉਣਾ ਸੁਭਾਵਿਕ ਹੈ ਪਰ ਜਦੋਂ ਇਹ ਚੱਕਰਵਾਤ ਅਪ੍ਰੈਲ-ਮਈ ਵਿਚ ਆਉਂਦੇ ਹਨ ਤਾਂ ਇਹ ਵਰਤਾਰਾ ਸਾਧਾਰਨ ਨਹੀਂ ਹੁੰਦਾ। 2018 ਵਿਚ ਮਈ ਮਹੀਨੇ ਤਿੰਨ ਪੱਛਮੀ ਚਕਰਵਾਤਾਂ ਕਾਰਨ ਧੂੜ ਭਰੇ ਤੂਫ਼ਾਨ ਆਏ, ਜਿਹੜਾ ਕਿ ਮੌਸਮ ਦਾ ਅਸਾਧਾਰਨ ਵਰਤਾਰਾ ਸੀ। ਇਸ ਨਾਲ ਯੂਪੀ ਤੇ ਰਾਜਸਥਾਨ ਵਿਚ 150 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਇਸ ਸਾਲ ਫਰਵਰੀ ਮਹੀਨੇ ਦੌਰਾਨ ਪੱਛਮੀ ਚੱਕਰਵਾਤਾਂ ਦੀ ਗਿਣਤੀ 6-7 ਸੀ, ਜੋ ਸਧਾਰਨ ਨਾਲੋਂ ਜ਼ਿਆਦਾ ਸੀ।

### ਚੱਕਰਵਾਤ ਤੋਂ ਪਹਿਲੇ ਅਨੁਕੂਲ ਹਾਲਾਤ

ਘੱਟ ਤੋਂ ਘੱਟ ਤਾਪਮਾਨ ਦਾ ਵਧਣਾ, ਤ੍ਰੇਲ ਦੇ ਦਰਜੇ ਵਿਚ ਵਾਧਾ, ਉੱਚੇ ਬੱਦਲਾਂ ਦਾ ਬਣਨਾ, ਹਵਾ ਵਿਚ ਨਮੀ ਦਾ ਵਧਣਾ, ਹਵਾ ਦੇ ਦਬਾਅ ਦਾ ਘਟਣਾ, ਹਵਾ ਦੀ ਦਿਸ਼ਾ ਦਾ ਉਤਰ-ਪੱਛਮੀ ਤੋਂ ਦੱਖਣ-ਪੱਛਮੀ ਹੋਣਾ।

### ਚੱਕਰਵਾਤ ਲਈ ਉਲਟ ਹਾਲਾਤ

ਬੰਗਾਲ ਦੀ ਖਾੜੀ ਜਾਂ ਅਰਬ ਸਾਗਰ ਉੱਪਰ ਘੱਟ ਦਬਾਅ ਦਾ ਸਿਸਟਮ ਬਣਨਾ, ਮੱਧ ਏਸ਼ੀਆ ਤੇ ਦੱਖਣ ਵੱਲ ਨੂੰ ਵੱਧ ਦਬਾਅ ਦਾ ਸਿਸਟਮ।

### ਤੀਬਰਤਾ

ਆਮ ਤੌਰ 'ਤੇ ਸਰਦੀ ਦੇ ਮੌਸਮ ਵਿਚ 3 ਤੋਂ 6 ਪੱਛਮੀ ਚੱਕਰਵਾਤ ਹਰ ਮਹੀਨੇ ਆਉਂਦੇ ਹਨ। ਇਨ੍ਹਾਂ ਵਿੱਚੋਂ 50 ਫ਼ੀਸਦੀ ਪੱਛਮੀ ਚੱਕਰਵਾਤ ਦੱਖਣ ਦੇ ਉੱਤਰੀ ਭਾਗਾਂ ਨੂੰ ਪ੍ਰਭਾਵਿਤ ਨਹੀਂ ਕਰਦੇ। ਦਸੰਬਰ ਤੋਂ ਅਪ੍ਰੈਲ ਮਹੀਨਿਆਂ ਵਿਚ ਇਨ੍ਹਾਂ ਦੀ ਤੀਬਰਤਾ ਜ਼ਿਆਦਾ ਹੁੰਦੀ ਹੈ। ਮਈ-ਜੂਨ 'ਚ ਇਹ ਘਟ ਜਾਂਦੇ ਹਨ। ਪੱਛਮੀ ਚੱਕਰਵਾਤਾਂ ਦੀ ਗਿਣਤੀ ਹਰ ਮਹੀਨੇ ਜਾਂ ਹਰ ਸਾਲ ਘਟਦੀ-ਵਧਦੀ ਰਹਿੰਦੀ ਹੈ।

### ਪੱਛਮੀ ਚੱਕਰਵਾਤਾਂ ਦਾ ਜੀਵਨ ਕਾਲ

ਪੱਛਮੀ ਚੱਕਰਵਾਤਾਂ ਦਾ ਜੀਵਨ ਕਾਲ 2-4 ਦਿਨ ਹੁੰਦਾ ਹੈ। ਕਈ ਵਾਰ ਇਹ ਉੱਤਰੀ ਭਾਰਤ 'ਚ ਲਗਾਤਾਰ 10 ਦਿਨ ਬਦਲਵਾਈ ਬਣਾਈ ਰੱਖਦੇ ਹਨ। ਜੇ ਨਵਾਂ ਪੱਛਮੀ ਚਕਰਵਾਤ ਪੱਛਮ ਵੱਲੋਂ ਆਵੇ ਤੇ ਪਹਿਲੇ ਚੱਕਰਵਾਤ ਦਾ ਇਨਡਿਊਸਡ ਲੋ ਉੱਤਰ-ਪੱਛਮ 'ਤੇ ਹੋਵੇ ਤਾਂ 20 ਡਿਗਰੀ ਉੱਤਰ 'ਤੇ ਇਕ ਟਰਫ ਲਾਈਨ ਬਣ ਜਾਂਦੀ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ 'ਚ ਬਾਰਿਸ਼ ਦਾ ਕਾਰਨ ਬਣਦੀ ਹੈ।

### ਚੰਗੇ ਪ੍ਰਭਾਵ

ਸਰਦੀਆਂ ਦੇ ਮੀਂਹ ਖ਼ਾਸ ਕਰਕੇ ਹਾੜ੍ਹੀ ਦੀਆਂ ਫ਼ਸਲਾਂ-ਕਣਕ, ਜੌਂ, ਰਾਈ, ਸਰ੍ਹੋਂ, ਤਿਲ, ਮਟਰ ਆਦਿ ਲਈ ਮਹੱਤਵਪੂਰਨ ਹੁੰਦੇ ਹਨ। ਇਨ੍ਹਾਂ 'ਚੋ ਸਰਦੀਆਂ ਦੌਰਾਨ ਪੈਣ ਵਾਲਾ ਮੀਂਹ ਕਣਕ ਦੀ ਫ਼ਸਲ ਲਈ ਸ਼ੁਰੂਆਤੀ ਦੌਰ 'ਚ ਲਾਭਦਾਇਕ ਹੁੰਦਾ ਹੈ। ਫ਼ਸਲਾਂ ਦੀ ਉਤਪਾਦਕਤਾ ਵਧਦੀ ਹੈ। ਬਦਲਾਂ ਵਾਲਾ ਮੌਸਮ ਤੇ ਮੀਂਹ ਰਾਤ ਦੇ ਤਾਪਮਾਨ 'ਚ ਵਾਧਾ ਕਰਦੇ ਹਨ ਜਿਸ ਕਾਰਨ ਫ਼ਸਲਾਂ ਦਾ ਕੋਰ੍ਹੇ ਤੋਂ ਬਚਾਅ ਹੁੰਦਾ ਹੈ। ਢੁੱਕਵੇਂ ਸਮੇਂ ਹੋਈ ਬਾਰਿਸ਼ ਕਣਕ ਲਈ ਵਰਦਾਨ ਸਿੱਧ ਹੁੰਦੀ ਹੈ।

ਜਿਹੜੇ ਖੇਤਰਾਂ 'ਚ ਸਿੰਚਾਈ ਦੇ ਸਾਧਨ ਨਹੀਂ ਹਨ, ਉੱਥੇ ਪੱਛਮੀ ਚੱਕਰਵਾਤਾਂ ਦੁਆਰਾ ਅਕਤੂਬਰ-ਨਵੰਬਰ 'ਚ ਹੋਈ ਬਾਰਿਸ਼ ਕਣਕ ਲਈ ਲਾਭਦਾਇਕ ਹੁੰਦੀ ਹੈ। ਬਾਰਿਸ਼ ਦੀ ਮਾਤਰਾ ਪੱਛਮੀ ਚੱਕਰਵਾਤ ਦੀ ਤੀਬਰਤਾ ਤੇ ਮਿਆਦ ਉੱਪਰ ਨਿਰਭਰ ਕਰਦੀ ਹੈ। ਪੱਛਮੀ ਚਕਰਵਾਤ ਕਣਕ ਦੀ ਫ਼ਸਲ ਦੇ ਵੱਖ-ਵੱਖ ਪੜਾਵਾਂ ਲਈ ਲੋੜੀਦੀ ਨਮੀ ਵੀ ਪ੍ਰਦਾਨ ਕਰਦਾ ਹੈ।

### ਕਣਕ ਲਈ ਅਹਿਮ ਚੱਕਰਵਾਤ

ਭਾਰਤੀ ਮੌਸਮ ਵਿਗਿਆਨ ਵਿਭਾਗ ਅਨੁਸਾਰ ਪੰਜਾਬ ਵਿਚ ਪੱਛਮੀ ਚੱਕਰਵਾਤਾਂ ਦੀ ਗਿਣਤੀ ਜਨਵਰੀ-ਮਾਰਚ ਦੇ ਮੁਕਾਬਲੇ ਫਰਵਰੀ ਵਿਚ ਜ਼ਿਆਦਾ ਵਧ ਗਈ ਹੈ। 2015 ਵਿਚ ਸਭ ਤੋਂ ਵੱਧ ਪੱਛਮੀ ਚੱਕਰਵਾਤ (35) ਜਨਵਰੀ ਤੋਂ ਮਾਰਚ ਦੇ ਮਹੀਨਿਆਂ 'ਚ ਆਏ। ਫਰਵਰੀ-ਮਾਰਚ ਦੌਰਾਨ ਵਧ ਰਹੀ ਪੱਛਮੀ ਚਕਰਵਾਤਾਂ ਦੀ ਤੀਬਰਤਾ ਕਣਕ ਦੇ ਝਾੜ ਉੱਪਰ ਗਹਿਰਾ ਅਸਰ ਪਾਉਂਦੀ ਹੈ। ਤਾਪਮਾਨ 'ਚ ਹੋਈਆਂ ਤਬਦੀਲੀਆਂ ਦਾ ਫ਼ਸਲ ਦੇ ਵਿਕਾਸ ਉੱਪਰ ਕਾਫ਼ੀ ਪ੍ਰਭਾਵ ਪੈਂਦਾ ਹੈ। 2015 ਵਿਚ ਫਰਵਰੀ-ਮਾਰਚ ਦੌਰਾਨ ਪੱਛਮੀ ਚੱਕਰਵਾਤਾਂ ਦੀ ਗਿਣਤੀ 24 (ਲੋੜ ਤੋਂ ਵੱਧ) ਹੋਣ ਕਾਰਨ ਕਣਕ ਦੇ ਉਤਪਾਦਨ 'ਚ ਗਿਰਾਵਟ ਆਈ। ਇਸ ਸਾਲ ਫਰਵਰੀ ਵਿਚ ਪੱਛਮੀ ਚਕਰਵਾਤਾਂ ਦੀ ਗਿਣਤੀ ਸਧਾਰਨ ਨਾਲੋਂ ਵੱਧ (6-7) ਹੋਣ ਕਾਰਨ ਕਈ ਥਾਵਾਂ 'ਤੇ ਭਾਰੀ ਗੜ੍ਹੇ ਪਏ, ਜਿਸ ਕਾਰਨ ਫ਼ਸਲਾਂ/ਸਬਜ਼ੀਆਂ ਦਾ ਕਾਫ਼ੀ ਨੁਕਸਾਨ ਹੋਇਆ ਹੈ। ਫਰਵਰੀ ਤੇ ਮਾਰਚ ਦੌਰਾਨ ਆਏ ਪੱਛਮੀ ਚੱਕਰਵਾਤ ਕਣਕ ਦੀ ਫ਼ਸਲ ਲਈ ਮਹੱਤਵਪੂਰਨ ਹੁੰਦੇ ਹਨ। •

---

ਡਾ. ਕਾਂਸਲ ਨੇ ਕਈ ਨੌਜਵਾਨਾਂ ਨੂੰ ਪਸ਼ੂਆਂ ਦਾ ਇਲਾਜ ਕਰਨ ਦੇ ਗੁਰ ਸਿਖਾਏ, ਜਿਸ ਕਾਰਨ ਅੱਜ ਇਹ ਨੌਜਵਾਨ ਰੋਜ਼ੀ-ਰੋਟੀ ਕਮਾਉਣ ਦੇ ਕਾਬਲ ਹੋਏ ਹਨ...

# ਕਿੱਤੇ ਨੂੰ ਸਮਰਪਿਤ ਵੈਟਰਨਰੀ ਅਫਸਰ ਡਾ. ਰਜਿੰਦਰਪਾਲ ਕਾਂਸਲ

• ਹਰਜੀਤ ਸਿੰਘ ਜੋਗਾ
94178-30981



ਕੁਝ ਇਨਸਾਨ ਅਜਿਹੇ ਹੁੰਦੇ ਹਨ, ਜੋ ਆਪਣੀ ਕਾਰਜ ਸ਼ੈਲੀ ਤੇ ਮਿਲਾਪੜੇ ਸੁਭਾਅ ਕਾਰਨ ਚੇਤਿਆਂ 'ਚ ਵਸ ਜਾਂਦੇ ਹਨ। ਅਜਿਹੇ ਲੋਕ ਜਿੱਥੇ ਆਪਣੇ ਕਿੱਤੇ ਨਾਲ ਇਨਸਾਫ਼ ਕਰਦੇ ਹਨ, ਉੱਥੇ ਲੋੜਵੰਦਾਂ ਲਈ ਮਸੀਹਾ ਹੋ ਨਿਬੜਦੇ ਹਨ। ਅਜਿਹੇ ਲੋਕਾਂ ਵਿੱਚੋਂ ਇਕ ਹਨ ਵੈਟਰਨਰੀ ਡਾਕਟਰ ਰਜਿੰਦਰਪਾਲ ਕਾਂਸਲ।

### ਗਰੀਬਾਂ ਦਾ ਹਮਦਰਦ

ਪਿੰਡ ਜੋਗਾ ਜ਼ਿਲ੍ਹਾ ਮਾਨਸਾ ਦੀ ਪਸ਼ੂ ਡਿਸਪੈਂਸਰੀ ਵਿਚ ਜੂਨ 1988 'ਚ ਪਿੰਡ ਘੁੜਾਮ ਜ਼ਿਲ੍ਹਾ ਪਟਿਆਲਾ ਤੋਂ ਬਦਲ ਕੇ ਆਏ ਡਾ. ਕਾਂਸਲ ਨੇ ਆਪਣੀਆਂ ਸੇਵਾਵਾਂ ਸ਼ੁਰੂ ਕੀਤਆਂ ਤੇ ਲਗਾਤਾਰ 24 ਸਾਲ ਤੋਂ ਇਸ ਪਿੰਡ 'ਚ ਸੇਵਾਵਾਂ ਨਿਭਾ ਰਹੇ ਹਨ। ਇਸ ਅਰਸੇ ਦੌਰਾਨ ਉਨ੍ਹਾਂ ਨੇ ਲੋਕ-ਮਨਾਂ 'ਚ ਅਜਿਹੀ ਥਾਂ ਬਣਾਈ ਕਿ ਜੁਲਾਈ 2012 ਵਿਚ ਪਿੰਡ ਜੋਗਾ ਤੋਂ ਬਦਲੀ ਹੋਣ ਉਪਰੰਤ ਵੀ ਉਹ ਇਥੋਂ ਦੇ ਲੋਕਾਂ ਦੇ ਦੁੱਖ-ਸੁੱਖ 'ਚ ਸ਼ਰੀਕ ਹੁੰਦੇ ਹਨ। ਉਹ ਆਪਣੇ ਕਿੱਤੇ ਪ੍ਰਤੀ ਇੰਨੇ ਸਮਰਪਿਤ ਹਨ ਕਿ ਜੇ ਪਿੰਡ ਵਿਚ ਕਿਸੇ ਦਾ ਪਸ਼ੂ ਬਿਮਾਰ ਹੁੰਦਾ ਤਾਂ ਉਨ੍ਹਾਂ ਨੇ ਕਦੇ ਦਿਨ-ਰਾਤ ਦੀ ਪਰਵਾਹ ਨਹੀਂ ਕੀਤੀ। ਆਪਣੇ ਬੱਚੇ ਹੱਥ ਵੀ ਜੇ ਕੋਈ ਪਸ਼ੂ ਦੇ ਬਿਮਾਰ ਹੋਣ ਬਾਰੇ ਸੁਨੇਹਾ ਭੇਜੇ ਤਾਂ ਉਹ ਖਿੜੇ ਮੱਥੇ ਪ੍ਰਵਾਨ ਕਰਦੇ ਤੇ ਬੱਚੇ ਨੂੰ ਸਕੂਟਰ ਦੇ ਪਿੱਛੇ ਬਿਠਾ ਕੇ ਤੁਰੰਤ ਉਸ ਘਰ ਜਾ ਪਹੁੰਚਦੇ। ਜੇ ਕੋਈ ਗ਼ਰੀਬ ਵਿਅਕਤੀ ਆਪਣੇ ਬਿਮਾਰ ਪਸ਼ੂ ਦਾ ਇਲਾਜ ਕਰਵਾਉਣ ਤੋਂ ਅਸਮਰੱਥ ਹੁੰਦਾ ਤਾਂ ਉਸ ਦੇ ਪਸ਼ੂ ਦਾ ਮੁਫ਼ਤ ਇਲਾਜ ਕਰਨਾ ਉਹ ਆਪਣਾ ਧਰਮ ਸਮਝਦੇ। ਇਸ ਪਿੰਡ 'ਚ ਆਪਣੀ 24 ਸਾਲ ਦੀ ਸੇਵਾ ਦੌਰਾਨ ਉਨ੍ਹਾਂ ਨੇ ਕਦੇ ਇਹ ਬਹਾਨਾ ਨਹੀਂ ਸੀ ਬਣਾਇਆ ਕਿ ਅੱਜ ਐਤਵਾਰ ਹੈ ਜਾਂ ਸਰਕਾਰੀ ਛੁੱਟੀ ਹੈ।

### ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ

ਡਾ. ਕਾਂਸਲ ਨੇ ਪਿੰਡ ਦੇ ਕਈ ਨੌਜਵਾਨਾਂ ਨੂੰ ਉਸਤਾਦ ਬਣ ਕੇ ਸੇਧ ਦਿੱਤੀ ਤੇ ਉਨ੍ਹਾਂ ਪਸ਼ੂਆਂ ਦਾ ਇਲਾਜ ਕਰਨ ਦੇ ਗੁਰ ਸਿਖਾਏ, ਜਿਸ ਕਾਰਨ ਅੱਜ ਇਹ ਨੌਜਵਾਨ ਰੋਜ਼ੀ-ਰੋਟੀ ਕਮਾਉਣ ਦੇ ਕਾਬਲ ਹੋਏ ਹਨ। ਉਨ੍ਹਾਂ ਕੋਲੋਂ ਸਰਟੀਫਿਕੇਟਾਂ ਦੀਆਂ ਕਾਪੀਆਂ ਤਸਦੀਕ ਕਰਵਾਉਣ ਆਉਣ ਵਾਲੇ ਵਾਸਤੇ ਤਾਂ ਉਹ ਫ਼ਰਿਸ਼ਤੇ ਵਾਂਗ ਹੁੰਦੇ ਸਨ। ਡਾ. ਰਜਿੰਦਰਪਾਲ ਨੇ ਇਸ ਲੋਕ ਹਿੱਤਾਂ ਨਾਲ ਜੁੜੇ ਕਿਸੇ ਵੀ ਕੰਮ ਤੋਂ ਕਦੇ ਕਿਸੇ ਨੂੰ ਨਾਂਹ ਨਹੀਂ ਸੀ ਕੀਤੀ ਤੇ ਕੰਮ ਵੀ ਉਨ੍ਹਾਂ ਕੋਲ ਪਹੁੰਚਦੇ ਸਾਰ ਹੀ ਹੋ ਜਾਂਦਾ ਸੀ। ਮੇਰੇ ਪਿੰਡ ਵਿਚ ਕਿੰਨੇ ਹੀ ਅਫਸਰ ਸੇਵਾਵਾਂ ਨਿਭਾਅ ਕੇ ਗਏ ਹਨ ਪਰ ਡਾ ਰਜਿੰਦਰਪਾਲ ਕਾਂਸਲ ਪਹਿਲੇ ਅਜਿਹੇ ਵਿਅਕਤੀ ਹਨ, ਜਿਨ੍ਹਾਂ ਦੀਆਂ ਸੇਵਾਵਾਂ 'ਤੇ ਪਿੰਡ ਵਾਸੀ ਮਾਣ ਕਰਦੇ ਹਨ। ਭਾਵੇਂ ਪਿੰਡ ਵਾਸੀ ਨਹੀਂ ਸਨ ਚਾਹੁੰਦੇ ਕਿ ਡਾ. ਕਾਂਸਲ ਦੀ ਇਥੋਂ ਬਦਲੀ ਹੋਵੇ ਪਰ ਜੁਲਾਈ 2012 ਵਿਚ ਜਦ ਉਨ੍ਹਾਂ ਦੀ ਬਦਲੀ ਦੇ ਆਰਡਰ ਹੋਏ ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਦੀ ਬਦਲੀ ਰੁਕਵਾਉਣ ਲਈ ਅਨੇਕਾਂ ਯਤਨਾਂ ਕੀਤੇ ਤੇ ਮਹਿਕਮੇ ਨੂੰ ਅਪੀਲਾਂ ਕੀਤੀਆਂ।

### ਲੋਕਾਂ ਤੋਂ ਮਿਲਿਆ ਅਥਾਹ ਪਿਆਰ

ਪਿੰਡ ਜੋਗਾ ਤੋਂ ਬਦਲੀ ਹੋਣ ਉਪਰੰਤ ਉਹ ਅੱਜ ਵੀ ਪਿੰਡ ਦੇ ਲੋਕਾਂ ਵੱਲੋਂ ਕਰਵਾਏ ਜਾਂਦੇ ਪਰਿਵਾਰਕ ਤੇ ਸਮਾਜਕ ਸਮਾਗਮਾਂ 'ਚ ਸ਼ਾਮਲ ਹੋਣ ਲਈ ਜ਼ਰੂਰ ਆਉਂਦੇ ਹਨ। ਪਿੰਡ ਦੇ ਲੋਕ ਅਜੇ ਵੀ ਉਨ੍ਹਾਂ ਨਾਲ ਪਹਿਲਾਂ ਵਾਂਗ ਦੁੱਖ-ਸੁੱਖ ਦੀ ਸਾਂਝ ਰੱਖਦੇ ਆ ਰਹੇ ਹਨ। ਡਾ. ਰਜਿੰਦਰਪਾਲ ਵੀ ਇਸ ਪਿੰਡ 'ਚ ਨਿਭਾਈ 24 ਸਾਲ ਦੀ ਆਪਣੀ ਸੇਵਾ ਨੂੰ ਜ਼ਿੰਦਗੀ ਦਾ ਸੁਨਹਿਰਾ ਸਮਾਂ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਢਾਈ ਦਹਾਕਿਆਂ ਦੇ ਇਸ ਸਮੇਂ ਦੌਰਾਨ ਪਿੰਡ ਤੇ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਜੋ ਪਿਆਰ ਅਤੇ ਸਤਿਕਾਰ ਦਿੱਤਾ ਹੈ, ਉਹ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹੈ।

ਅੱਜ ਕੱਲ੍ਹ ਡਾ. ਕਾਂਸਲ ਸੀਨੀਅਰ ਵੈਟਰਨਰੀ ਅਫਸਰ ਕਮ ਸਹਾਇਕ ਡਾਇਰੈਕਟਰ ਬਰਨਾਲਾ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਪਿੰਡ ਵਾਸੀਆਂ ਦੀ ਕਾਮਨਾ ਹੈ ਕਿ ਉਹ ਇਸੇ ਤਰ੍ਹਾਂ ਨਿਰਸਵਾਰਥ ਭਾਵ ਨਾਲ ਸੇਵਾਵਾਂ ਨਿਭਾਉਂਦੇ ਰਹਿਣ। ਆਮੀਨ। •

---

ਖੇਤੀ ਅਰਥ-ਸ਼ਾਸਤਰੀਆਂ ਅਨੁਸਾਰ ਕਿਸਾਨ ਔਰਤਾਂ, ਖੇਤੀਬਾੜੀ ਦੇ ਵਿਕਾਸ ਤੇ ਖ਼ੁਸ਼ਹਾਲੀ ਦਾ ਅਨਿਖੜਵਾਂ ਅੰਗ ਹੋਣ ਕਾਰਨ, ਖੇਤੀਬਾੜੀ ਖੇਤਰ ਵਿਚ 80 ਫ਼ੀਸਦੀ ਤੋਂ ਵੱਧ ਹਿੱਸਾ ਪਾਉਂਦੀਆਂ ਹਨ...

# ਮਹਿਲਾਵਾਂ ਦੀ ਖੇਤੀ ਵਿਕਾਸ 'ਚ ਭੂਮਿਕਾ



• ਡਾ. ਅਮਰੀਕ ਸਿੰਘ
94630-71919

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਨੇ ਕੇਂਦਰੀ ਅੰਨ ਭੰਡਾਰ ਵਿਚ ਬਾਕੀ ਸੂਬਿਆਂ ਦੇ ਮੁਕਾਬਲੇ ਵਾਹੀਯੋਗ ਰਕਬਾ ਘੱਟ ਹੋਣ ਦੇ ਬਾਵਜੂਦ ਵਧੇਰੇ ਯੋਗਦਾਨ ਪਾਇਆ ਹੈ। ਕੁਝ ਸਮੇਂ ਤੋਂ ਪੰਜਾਬ ਦੇ ਮੁਕਾਬਲੇ ਦੂਜੇ ਸੂਬਿਆਂ ਵਿਚ ਤੇਜ਼ੀ ਨਾਲ ਵਧ ਰਹੀ ਖੇਤੀ ਪੈਦਾਵਾਰ ਨਾਲ ਕਣਕ ਅਤੇ ਝੋਨੇ 'ਤੇ ਨਿਰਭਰ ਪੰਜਾਬ ਦੀ ਖੇਤੀ ਆਰਥਿਕਤਾ ਲਈ ਹੋਰ ਵੀ ਗੰਭੀਰ ਸੰਕਟ ਸਾਹਮਣੇ ਆਉਣ ਦਾ ਖ਼ਦਸ਼ਾ ਹੈ।

ਮੱਧ ਪ੍ਰਦੇਸ਼, ਬਿਹਾਰ, ਝਾਰਖੰਡ, ਤ੍ਰਿਪੁਰਾ, ਪੱਛਮੀ ਬੰਗਾਲ ਆਦਿ ਸੂਬਿਆਂ ਦੀ ਕੌਮੀ ਅੰਨ ਭੰਡਾਰ ਵਿਚ ਹਿੱਸੇਦਾਰੀ ਵਧਣ ਦੀ ਸੰਭਾਵਨਾ ਹੈ। ਇਸ ਨਾਲ ਭਵਿੱਖ ਵਿਚ ਪੰਜਾਬ ਦੀ ਕਣਕ ਅਤੇ ਝੋਨਾ ਆਧਾਰਿਤ ਖੇਤੀ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਖੇਤੀ ਆਮਦਨ ਘਟਣ ਦੀ ਸੰਭਾਵਨਾ ਹੈ। ਖੇਤੀ ਆਮਦਨ ਵਿਚ ਵਾਧਾ ਕਰਨ ਲਈ ਖ਼ਾਸ ਕਰਕੇ ਛੋਟੀ ਕਿਰਸਾਨੀ ਨੂੰ ਖੇਤੀ ਸਹਾਇਕ ਧੰਦੇ, ਡੇਅਰੀ ਫਾਰਮਿੰਗ, ਖੁੰਭਾਂ ਦੀ ਕਾਸ਼ਤ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਸਬਜੀਆਂ ਦੀ ਕਾਸ਼ਤ, ਫਲਾਂ ਦੀ ਪੈਦਾਵਾਰ, ਮੁਰਗੀ ਫਾਰਮਿੰਗ, ਖੁਦ ਮੰਡੀਕਰਨ ਆਦਿ ਨੂੰ ਅਪਨਾਉਣ ਦੀ ਲੋੜ ਹੈ। ਇਸ ਕੰਮ ਵਿਚ ਕਿਸਾਨ ਔਰਤਾਂ ਅਹਿਮ ਯੋਗਦਾਨ ਪਾ ਸਕਦੀਆਂ ਹਨ।

### ਖੇਤੀ ਖੇਤਰ 'ਚ 80 ਫ਼ੀਸਦੀ ਯੋਗਦਾਨ

ਖੇਤੀ ਅਰਥ-ਸ਼ਾਸ਼ਤਰੀਆਂ ਅਨੁਸਾਰ ਕਿਸਾਨ ਔਰਤਾਂ, ਖੇਤੀਬਾੜੀ ਦੇ ਵਿਕਾਸ ਤੇ ਖ਼ੁਸ਼ਹਾਲੀ ਦਾ ਅਨਿਖੜਵਾਂ ਅੰਗ ਹੋਣ ਕਾਰਨ, ਖੇਤੀਬਾੜੀ ਖੇਤਰ ਵਿਚ 80 ਫ਼ੀਸਦੀ ਤੋਂ ਵੱਧ ਹਿੱਸਾ ਪਾਉਂਦੀਆ ਹਨ। ਕਿਸੇ ਵੀ ਦੇਸ਼ ਦੀ ਖ਼ੁਸ਼ਹਾਲੀ ਤੇ ਵਿਕਾਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਦੇਸ਼ ਜਾਂ ਸੂਬੇ ਦੀਆਂ ਔਰਤਾਂ ਦਾ ਸਮਾਜਿਕ ਰੁਤਬਾ ਕੀ ਹੈ ਅਤੇ ਉਨ੍ਹਾਂ ਨੂੰ ਸਮਾਜ ਵਿਚ ਬਰਾਬਰੀ ਦਾ ਹੱਕ ਕਿੰਨਾ ਕੁ ਹਾਸਲ ਹੈ। ਵਸੋਂ ਦੇ ਪੱਖ ਤੋਂ ਭਾਰਤ ਅੰਦਰ ਔਰਤਾਂ ਦੀ ਗਿਣਤੀ ਲਗਪਗ ਅੱਧੀ ਹੈ ਪਰ ਔਰਤਾਂ ਦੀ ਭੂਮਿਕਾ ਨੂੰ ਖੇਤੀ ਵਿਕਾਸ ਕਾਰਜਾਂ ਵਿਚ ਹਮੇਸ਼ਾ ਅਣਗੌਲਿਆ ਗਿਆ ਹੈ। ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਕਰ ਕੇ ਭਾਰਤ ਸਰਕਾਰ ਨੇ ਔਰਤਾਂ ਦੀ ਸਥਾਨਕ ਪ੍ਰਸ਼ਾਸ਼ਨ ਵਿਚ ਭਾਗੀਦਾਰੀ ਵਧਾਈ ਹੈ ਅਤੇ ਪੰਚਾਇਤ ਪੱਧਰ ਤੇ ਔਰਤਾਂ ਲਈ 50 ਫ਼ੀਸਦੀ ਰਾਖਵਾਂਕਰਨ ਦਿੱਤਾ ਹੈ। ਪਿੰਡਾਂ ਵਿਚ ਸਰਪੰਚ ਤੇ ਪੰਚ ਔਰਤਾਂ ਕੇਵਲ ਨਾਮ-ਧਰੀਕ ਬਣ ਕੇ ਰਹਿ ਜਾਂਦੀਆਂ ਹਨ ਜਦਕਿ ਉਨ੍ਹਾਂ ਦੇ ਰਿਸ਼ਤੇਦਾਰ, ਜਿਵੇਂ ਪਤੀ, ਭਰਾ ਜਾਂ ਪਿਤਾ ਦੁਆਰਾ ਉਨ੍ਹਾਂ ਦੇ ਰੁਤਬੇ ਤੇ ਸ਼ਕਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਪਿੰਡਾਂ ਨੂੰ ਸਹੀ ਅਰਥਾਂ ਵਿਚ ਵਿਕਾਸ ਅਤੇ ਖ਼ੁਸ਼ਹਾਲੀ ਵੱਲ ਤੋਰਨਾ ਹੈ ਤਾਂ ਪਿੰਡਾਂ ਦੀ ਵਿਕਾਸ ਯੋਜਨਾਬੰਦੀ 'ਚ ਮਹਿਲਾਵਾਂ ਦੀ ਸ਼ਮੂਲੀਅਤ ਕੇਵਲ ਨਾਂ ਦੀ ਨਾ ਹੋਵੇ ਸਗੋਂ ਖੇਤੀਬਾੜੀ ਤੇ ਹੋਰ ਸਬੰਧਤ ਕੰਮਾਂ ਵਿਚ ਉਨ੍ਹਾਂ ਵੱਲੋਂ ਵਟਾਏ ਗਏ ਹੱਥਾਂ ਦੀ ਕਦਰ ਕਰਨੀ ਪਵੇਗੀ।

### ਸਮੁੱਚੇ ਕੰਮਾਂ 'ਚ ਔਰਤਾਂ ਦਾ 30 ਫ਼ੀਸਦੀ ਯੋਗਦਾਨ

ਖੇਤੀ ਵਿਭਿੰਨਤਾ, ਵਾਤਾਵਰਣ ਦੀ ਸਾਂਭ ਸੰਭਾਲ, ਘਰੇਲੂ ਜ਼ਿੰਮੇਵਾਰੀਆਂ ਆਦਿ ਨੂੰ ਨਿਭਾਉਣ ਵਿਚ ਕਿਸਾਨ ਔਰਤਾਂ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਭਵਿੱਖ ਵਿਚ ਵੀ ਰਹੇਗਾ ਪਰ ਔਰਤਾਂ ਵੱਲੋਂ ਖੇਤੀਬਾੜੀ ਕੰਮਾਂ ਵਿਚ ਪਾਏ ਜਾਂਦੇ ਯੋਗਦਾਨ ਨੂੰ ਹਮੇਸ਼ਾ ਅਣਡਿੱਠ ਕਰ ਦਿੱਤਾ ਜਾਂਦਾ ਹੈ। ਇਕ ਖੋਜ ਅਨੁਸਾਰ ਦੁਨੀਆ ਦੇ ਸਮੁੱਚੇ ਕੰਮਕਾਜ ਵਿਚ ਔਰਤਾਂ 30 ਫ਼ੀਸਦੀ ਹਿੱਸਾ ਪਾਉਂਦੀਆਂ ਹਨ ਤੇ ਕੁੱਲ ਆਮਦਨ ਦੀ 10 ਫ਼ੀਸਦੀ ਕਿਰਤ ਪ੍ਰਾਪਤ ਕਰਦੀਆਂ ਹਨ ਜਦਕਿ ਵਿਸ਼ਵ ਭਰ ਵਿਚ ਕੁੱਲ ਜਾਇਦਾਦ ਦੇ ਸਿਰਫ਼ ਇਕ ਫੀਸਦੀ ਹਿੱਸੇ ਦੀਆਂ ਔਰਤਾਂ ਮਾਲਿਕ ਹਨ। ਭਾਰਤ ਵਿਚ ਪਿੰਡਾਂ 'ਚ ਵਧੇਰੇ ਕਰਕੇ ਔਰਤਾਂ ਨੂੰ ਅਣਸਿੱਖਿਅਤ ਹੋਣ ਕਾਰਨ ਮਰਦਾਂ ਦੇ ਮੁਕਾਬਲੇ ਉਜਰਤ ਵੀ ਘੱਟ ਮਿਲਦੀ ਹੈ, ਜਿਸ ਕਾਰਨ ਔਰਤਾਂ ਦਾ ਆਰਥਿਕ ਸ਼ੋਸ਼ਣ ਜ਼ਿਆਦਾ ਹੁੰਦਾ ਹੈ।

### ਘਰੇਲੂ ਕੰਮਾਂ 'ਚ ਭੂਮਿਕਾ

ਪੁਰਾਣੇ ਸਮੇਂ ਵਿਚ ਪਿੰਡਾਂ 'ਚ ਕਿਸਾਨ ਔਰਤਾਂ, ਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੇਤੀ ਦੇ ਹਰ ਕੰਮ ਵਿਚ ਹੱਥ ਵੰਡਾਉਂਦੀਆਂ ਸਨ। ਪਸ਼ੂਆਂ ਦੀ ਸਾਂਭ ਸੰਭਾਲ ਦਾ ਸਾਰਾ ਕੰਮ ਔਰਤਾਂ ਕਰਦੀਆਂ ਸਨ, ਜਿਵੇਂ ਦੁੱਧ ਚੋਣਾ, ਦੁੱਧ ਦੀ ਸਾਂਭ ਸੰਭਾਲ ਆਦਿ। ਪਿੰਡਾਂ ਵਿਚ ਫ਼ਸਲਾਂ ਦੇ ਬੀਜ ਤੇ ਘਰੇਲੂ ਵਰਤੋਂ ਲਈ ਦਾਣਿਆਂ ਦੀ ਸਾਂਭ ਸੰਭਾਲ ਦਾ ਕੰਮ ਵੀ ਔਰਤਾਂ ਹੀ ਕਰਦੀਆਂ ਸਨ। ਘਰੇਲੂ ਵਰਤੋਂ ਲਈ ਕਣਕ ਤੋਂ ਆਟਾ ਬਣਾਉਣ ਲਈ ਚੱਕੀ ਚਲਾਉਣਾ, ਪਸ਼ੂਆਂ ਲਈ ਚਾਰਾ ਕੱਟ ਕੇ ਲਿਆਉਣਾ, ਦੁੱਧ ਰਿੜਕਣਾ, ਬੱਚਿਆਂ ਦੀ ਸਾਂਭ ਸੰਭਾਲ ਦਾ ਕੰਮ ਔਰਤਾਂ ਹੀ ਕਰਦੀਆਂ ਸਨ ਪਰ ਜਦੋਂ ਪੈਸੇ ਦੀ ਸਾਂਭ ਸੰਭਾਲ ਦੀ ਵਾਰੀ ਆਉਂਦੀ ਹੈ ਤਾਂ ਔਰਤਾਂ ਨੂੰ ਪਿੱਛੇ ਪਾ ਦਿੱਤਾ ਜਾਂਦਾ ਹੈ। ਸਮੇਂ ਦੇ ਨਾਲ ਨਵੀਨਤਮ ਤਕਨੀਕਾਂ ਆਉਣ ਕਾਰਨ ਪਿੰਡਾਂ ਵਿਚ ਘਰਾਂ ਦਾ ਮਾਹੌਲ ਵੀ ਬਦਲ ਗਿਆ ਹੈ। ਹੁਣ ਬਹੁਤੇ ਕਿਸਾਨ ਫ਼ਸਲਾਂ ਦੇ ਬੀਜ ਦੀ ਸਾਂਭ ਸੰਭਾਲ ਕਰਨ ਨੂੰ ਬੋਝ ਸਮਝਣ ਲੱਗ ਪਏ ਹਨ ਕਿਉਂਕਿ ਕੰਮ ਕਰਨ ਦੀ ਦਿਲਚਸਪੀ ਨਹੀਂ ਰਹੀ। ਬਹੁਤੇ ਨੌਜਵਾਨ ਕਿਸਾਨ ਪੜ੍ਹ-ਲਿਖ ਜਾਣ ਕਾਰਨ ਇਨ੍ਹਾਂ ਕੰਮਾਂ ਵਿਚ ਧਿਆਨ ਨਹੀਂ ਦਿੰਦੇ, ਉਹ ਮਾਪਿਆਂ ਨੂੰ ਆਖਦੇ ਹਨ ਕਿ ਘਰ ਵਿਚ ਅਗਲੀ ਫ਼ਸਲ ਲਈ ਬੀਜ ਰੱਖਣ ਦਾ ਕੀ ਫ਼ਾਇਦਾ ਜਦਕਿ ਵਧੀਆਂ ਬੀਜ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਬਾਜ਼ਾਰ 'ਚੋਂ ਖ਼ਰੀਦਿਆ ਜਾ ਸਕਦਾ ਹੈ। ਇਸ ਪ੍ਰਵਿਰਤੀ ਨਾਲ ਕਈ ਕਿਸਾਨ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਬਾਜ਼ਾਰੋਂ ਖ਼ਰੀਦੇ ਬੀਜਾਂ ਵਿਚ ਮਿਲਾਵਟ ਆ ਜਾਂਦੀ ਹੈ ਜਿਸ ਦਾ ਪਤਾ ਫ਼ਸਲ ਦੀਆਂ ਪੁੰਗਰਾਂ ਨਿਕਲਣ ਸਮੇਂ ਹੀ ਲਗਦਾ ਹੈ। ਉਸ ਵੇਲੇ ਪਛਤਾਵੇ ਤੋਂ ਬਗੈਰ ਕੁਝ ਪੱਲੇ ਨਹੀਂ ਪੈਂਦਾ। ਕਈ ਵਾਰ ਦੇਖਿਆ ਗਿਆ ਹੈ ਕਿ ਬਾਜ਼ਾਰ ਤੋਂ ਬੀਜ ਖ਼ਰੀਦ ਕੇ ਬੀਜੀ ਗਈ ਫ਼ਸਲ ਵਿਚ ਕਈ ਤਰ੍ਹਾਂ ਦੇ [illegible] ਨਿਕਲ ਆਉਂਦੇ ਹਨ। ਜੋ ਦੋਗਲੀਆਂ ਕਿਸਮਾਂ ਤੋਂ ਇਲਾਵਾ ਬਾਕੀ ਫ਼ਸਲਾਂ ਦੇ ਬੀਜ ਹਰ ਕਿਸਾਨ ਆਪਣੀ ਜ਼ਰੂਰਤ ਅਨੁਸਾਰ ਆਪ ਤਿਆਰ ਕਰੇ ਤੇ ਉਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਔਰਤਾਂ ਨੂੰ ਦਿੱਤੀ ਜਾਵੇ ਤਾਂ ਬਿਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ ਕਿਉਂਕਿ ਔਰਤਾਂ ਵਿਚ ਕਿਸੇ ਵੀ ਵਸਤੂ ਦੀ ਸਹੀ ਤਰੀਕੇ ਨਾਲ ਸੰਭਾਲ ਕਰਨ ਦੀ ਮੁਹਾਰਤ ਪੁਰਸ਼ਾਂ ਦੇ ਨਾਲੋਂ ਜ਼ਿਆਦਾ ਹੁੰਦੀ ਹੈ।

[illegible] ਦੀਆਂ ਔਰਤਾਂ ਵਿਚ ਘਰੇਲੂ















### ਖੇਤੀ ਸਹਾਇਕ ਧੰਦੇ

ਖੇਤੀ ਸਹਾਇਕ ਧੰਦਿਆਂ ਦੀ ਗੱਲ ਕਰੀਏ ਤਾਂ ਇਸ ਖੇਤਰ ਵਿਚ ਵੀ ਔਰਤਾਂ ਕਿਸੇ ਪੱਖੋਂ ਪਿੱਛੇ ਨਹੀਂ ਹਨ। ਸ਼ਹਿਦ ਦੀਆਂ ਮੱਖੀਆਂ, ਡੇਅਰੀ ਫਾਰਮਿੰਗ, ਮੁਰਗੀ ਪਾਲਣ, ਖੁੰਭਾਂ ਦੀ ਕਾਸ਼ਤ, ਫਲਾਂ ਤੇ ਸਬਜ਼ੀਆਂ ਤੋਂ ਅਚਾਰ, ਚਟਣੀਆਂ, ਮੁਰੱਬੇ, ਸੁਕੈਸ਼ ਆਦਿ ਬਣਾ ਕੇ ਵੇਚਣਾ ਆਦਿ ਅਜਿਹੇ ਖੇਤੀ ਸਹਾਇਕ ਧੰਦੇ ਹਨ, ਜਿਸ ਨੂੰ ਕਿਸਾਨ ਔਰਤਾਂ ਕਾਮਯਾਬੀ ਨਾਲ ਚਲਾ ਰਹੀਆਂ ਹਨ। ਘਰੇਲੂ ਬਗੀਚੀ ਵਿਚ ਆਪਣੀ ਘਰੇਲੂ ਜ਼ਰੂਰਤ ਲਈ ਸਬਜ਼ੀਆ, ਫਲਾਂ ਤੇ ਦਾਲਾਂ ਪੈਦਾ ਕਰ ਕੇ ਘਰੇਲੂ ਖ਼ਰਚਿਆਂ 'ਚ ਕਟੌਤੀ ਕੀਤੀ ਜਾ ਸਕਦੀ ਹੈ ਕਿਉਂਕਿ ਔਰਤਾਂ ਘਰ ਵਿਚ ਪੈਦਾ ਕੀਤੀਆਂ ਸਬਜ਼ੀਆਂ, ਫਲਾਂ ਤੇ ਦਾਲਾਂ ਦੀ ਅਹਿਮੀਅਤ ਨੂੰ ਸੌਖਿਆਂ ਸਮਝ ਸਕਦੀਆਂ ਹਨ। ਇਸ ਮਕਸਦ ਲਈ ਔਰਤਾਂ ਨੂੰ ਵਧੇਰੇ ਸਿੱਖਿਅਤ ਕਰਨ ਦੀ ਜ਼ਰੂਰਤ ਹੈ, ਜਿਸ ਵਿਚ ਜ਼ਿਲ੍ਹਿਆਂ 'ਚ ਸਥਾਪਿਤ ਕ੍ਰਿਸ਼ੀ ਵਿਗਿਆਨ ਕੇਂਦਰ ਅਹਿਮ ਭੂਮਿਕਾ ਨਿਭਾ ਸਕਦੇ ਹਨ। ਸਬਜ਼ੀਆਂ ਤੇ ਫਲਾ ਤੋਂ ਅਚਾਰ, ਚਟਣੀਆਂ ਮੁਰੱਬੇ, ਜੂਸ ਆਦਿ ਤਿਆਰ ਕਰ ਕੇ ਪਦਾਰਥਾਂ ਨੂੰ ਗਾਹਕਾਂ ਤਕ ਪਹੁੰਚਾ ਕੇ ਵਧੇਰੇ ਆਮਦਨ ਲੈ ਸਕਦੀਆਂ ਹਨ। ਪੰਜਾਬ ਦੇ ਕਈ ਪਿੰਡਾਂ ਵਿਚ ਔਰਤਾਂ ਵੱਲੋਂ 'ਸਵੈ ਸਹਾਇਤਾ ਸਮੂਹ' ਬਣਾ ਕੇ ਇਨ੍ਹਾਂ ਕੰਮਾਂ ਨੂੰ ਕਾਮਯਾਬੀ ਨਾਲ ਚਲਾਇਆ ਜਾ ਰਿਹਾ ਹੈ।

### ਸਮਾਜਿਕ ਬੁਰਾਈਆਂ ਖ਼ਿਲਾਫ਼ ਯੋਗਦਾਨ

ਕਿਸਾਨ ਔਰਤਾਂ ਸਮਾਜਿਕ ਬੁਰਾਈਆਂ, ਕੰਨਿਆਂ ਭਰੂਣ ਹੱਤਿਆ, ਨਸ਼ਾਖੋਰੀ, ਦਾਜ ਪ੍ਰਥਾ ਆਦਿ ਦੇ ਖ਼ਾਤਮੇ ਲਈ ਵੀ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਔਰਤਾਂ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ 'ਚ ਵੀ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਲਈ ਔਰਤਾਂ ਨੂੰ ਕੋਈ ਖ਼ਾਸ ਸਮਾਂ ਕੱਢਣ ਦੀ ਜ਼ਰੂਰਤ ਨਹੀਂ ਬਲਕਿ ਉਹ ਆਪਣੀਆਂ ਰੋਜ਼ਾਨਾਂ ਆਦਤਾਂ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਕੇ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ 'ਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਵਾਤਾਵਰਨ ਨੂੰ ਗੰਧਲਾ ਕਰਨ ਦੇ ਮੁੱਖ ਕਾਰਨਾਂ ਵਿਚ ਘਰੇਲੂ ਕੂੜਾ ਕਰਕਟ, ਘਰ ਵਿਚ ਪੈਦਾ ਹੋਣ ਵਾਲਾ ਧੂੰਆਂ ਤੇ ਗੰਦਾ ਪਾਣੀ ਅਦਿ ਮੁੱਖ ਹਨ। ਘਰੇਲੂ ਕੂੜਾ ਦੋ ਤਰ੍ਹਾਂ ਦਾ ਹੁੰਦਾ ਹੈ-ਇਕ ਉਹ ਜੋ ਆਪਣੇ ਆਪ ਗਲ ਜਾਂਦਾ ਹੈ, ਜਿਵੇਂ ਸਬਜ਼ੀਆਂ, ਫਲਾਂ ਆਦਿ ਦੇ ਛਿਲਕੇ ਤੇ ਬਚਿਆ ਖਾਣਾ। ਦੂਸਰਾ ਉਹ ਜੋ ਗਲਦਾ ਸੜਦਾ ਨਹੀਂ, ਜਿਵੇਂ ਪਲਾਸਟਿਕ ਲਿਫ਼ਾਫ਼ੇ, ਬੋਤਲਾਂ ਆਦਿ। ਇਸ ਦੋਹਾਂ ਤਰ੍ਹਾਂ ਦੇ ਕੂੜੇ ਨੂੰ ਵੱਖ-ਵੱਖ ਰੱਖਣਾ ਚਾਹੀਦਾ ਹੈ। ਪਿੰਡਾਂ ਵਿਚ ਪਸ਼ੂਆਂ ਦਾ ਗੋਹਾ ਆਮ ਤੌਰ 'ਤੇ ਖੁੱਲ੍ਹੇ ਵਿਚ ਢੇਰੀ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਬਦਬੂ, ਮੱਖੀਆਂ-ਮੱਛਰ ਆਦਿ ਪੈਦਾ ਹੋਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਪਰ ਜੇ ਕਿਸਾਨ ਔਰਤਾਂ ਥੋੜ੍ਹੀ ਜਿਹੀ ਵਿਉਂਤਬੰਦੀ ਕਰ ਕੇ ਗੋਬਰ ਗੈਸ ਪਲਾਂਟ ਲਗਵਾ ਲੈਣ ਤਾਂ ਇਸ ਨਾਲ ਜਿਥੇ ਵਾਤਾਵਰਨ ਸਾਫ਼ ਰਹੇਗਾ ਉੱਥੇ ਗੈਸ ਤੇ ਮਿਆਰੀ ਦੇਸੀ ਖਾਦ ਵੀ ਪ੍ਰਾਪਤ ਹੋਵੇਗੀ। ਇਸ ਦੇਸੀ ਖਾਦ ਦੀ ਵਰਤੋਂ ਕਰ ਕੇ ਮਿਆਰੀ ਸਬਜ਼ੀਆਂ, ਕਣਕ, ਬਾਸਮਤੀ, ਦਾਲਾਂ ਆਦਿ ਪੈਦਾ ਕੀਤੀਆਂ ਜਾ ਸਕਦੀਆਂ ਹਨ। ਖੇਤੀਬਾੜੀ ਅਤੇ ਹੋਰ ਕੰਮਾਂ ਵਿਚ ਮਹਿਲਾਵਾਂ ਦੀ ਭੂਮਿਕਾ ਨੂੰ ਮੁੱਖ ਰੱਖਦਿਆਂ ਸਾਨੂੰ ਇਸ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ ਕਿ ਜੇ ਜ਼ਿੰਦਗੀ ਦੇ ਦੋਵੇਂ ਪਹੀਏ ਜੇਕਰ ਬਰਾਬਰ ਚੱਲਣਗੇ ਤਦ ਹੀ ਅਸੀ ਖ਼ੁਸ਼ਹਾਲ ਜ਼ਿੰਦਗੀ ਜੀਅ ਸਕਦੇ ਹਾਂ ਅਤੇ ਸਾਡਾ ਦੇਸ਼ ਵਿਕਸਤ ਦੇਸ਼ਾਂ ਵਿਚ ਮੋਹਰੀ ਬਣ ਸਕਦਾ ਹੈ। •

# ਸਾਹਿਤ ਹੱਡਾਂ 'ਚ ਨਸ਼ੇ ਵਾਂਗ ਰਚਿਆ ਹੋਇਐ

## ਤੇਜਿੰਦਰ ਚੰਡਿਹੋਕ

ਰੂਬਰੂ



• ਮਨੋਜ ਕੁਮਾਰ ਪ੍ਰੀਤ
98144-30162

ਅਜੋਕੇ ਸਮੇਂ ਵਿਚ ਪੰਜਾਬ ਜੇਲ੍ਹ ਪੁਲਿਸ ਵਿਚ ਰਹਿ ਕੇ ਕੋਮਲ ਕਲਾਵਾਂ ਨੂੰ ਪਾਲਣਾ ਕੋਈ 'ਖਾਲਾ ਜੀ ਦਾ ਵਾੜਾ' ਨਹੀਂ ਹੈ। ਕਿਉਂਕਿ ਪੰਜਾਬੀ ਮਾਤ ਭਾਸ਼ਾ ਅਤੇ ਸਾਹਿਤ ਵਰਗੀਆਂ ਕੋਮਲ ਕਲਾਵਾਂ ਲਈ ਦਿਲ ਦਾ ਕੋਮਲ ਹੋਣਾ ਅਤੇ ਸਾਹਿਤਕ ਰੁਚੀ ਹੋਣਾ ਇਕ ਵੱਖਰਾ ਪੱਖ ਹੈ। ਅਜਿਹੇ ਸਖ਼ਤ ਪ੍ਰਵਿਰਤੀ ਵਾਲੇ ਵਿਭਾਗ ਵਿਚ ਤਾਂ ਵਿਅਕਤੀ ਨੂੰ ਹਮੇਸ਼ਾ ਵੱਖਰੇ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਤੇਜਿੰਦਰ ਚੰਡਿਹੋਕ ਇਸ ਵਿਭਾਗ ਵਿੱਚੋਂ ਬਤੌਰ ਸਹਾਇਕ ਸੁਪਰਡੈਂਟ ਰਿਟਾਇਰ ਹੋਏ ਹਨ ਅਤੇ ਉਨ੍ਹਾਂ ਨੇ ਵਿਭਾਗ ਵਿਚ ਰਹਿੰਦਿਆਂ ਵੀ ਇਨ੍ਹਾਂ ਕੋਮਲ ਕਲਾਵਾਂ ਨੂੰ ਜ਼ਿੰਦਾ ਰੱਖਿਆ। ਤੁਹਾਨੂੰ ਇਸ ਮੁਲਾਕਾਤ ਰਾਹੀਂ ਉਨ੍ਹਾਂ ਦੇ ਰੂ-ਬ-ਰੂ ਕਰਵਾਉਂਦੇ ਹਾਂ।

**• ਆਪਣੇ ਪਿਛੋਕੜ ਤੇ ਮੁੱਢਲੀ ਪੜ੍ਹਾਈ ਬਾਰੇ ਦੱਸੋ?**

ਮੇਰਾ ਜਨਮ 23 ਜੂਨ 1960 ਨੂੰ ਪਿਤਾ ਤਰਲੋਚਨ ਸਿੰਘ ਅਤੇ ਮਾਤਾ ਮਨਜੀਤ ਕੌਰ ਦੇ ਘਰ ਅੰਬਾਲਾ ਸ਼ਹਿਰ ਹਰਿਆਣਾ ਵਿਚ ਹੋਇਆ। ਮੁੱਢਲੀ ਪੜ੍ਹਾਈ ਹਰਿਆਣਾ ਤੋਂ ਹਿੰਦੀ ਮੀਡੀਅਮ ਨਾਲ ਸ਼ੁਰੂ ਕੀਤੀ। ਫਿਰ ਦਸਵੀਂ ਗੁਰਦਾਸਪੁਰ, ਗਰੇਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ ਰਣਬੀਰ ਕਾਲਜ ਸੰਗਰੂਰ ਪੰਜਾਬ ਤੋਂ ਕੀਤੀ। ਮੇਰਾ ਪਿਛੋਕੜ ਹਰਿਆਣਾ ਹੈ ਅਤੇ ਸਾਡੇ ਬਜ਼ੁਰਗ ਪਿੱਛੋਂ ਪਿੰਡ ਚੋਹਾ ਖ਼ਾਲਸਾ ਹੁਣ ਪਾਕਿਸਤਾਨ ਤੋਂ ਸਨ।

**• ਪਹਿਲਾਂ ਤੁਸੀਂ ਹਰਿਆਣਾ ਦਾ ਜ਼ਿਕਰ ਕੀਤਾ ਹੈ ਅਤੇ ਫਿਰ ਪੰਜਾਬ ਦਾ, ਇਸ ਤਰ੍ਹਾਂ ਕਿਉਂ?**

ਦਰਅਸਲ ਮੇਰੇ ਪਿਤਾ ਜੀ ਸਰਵਿਸਮੈਨ ਸਨ, ਉਹ ਵੀ ਜੇਲ੍ਹ ਵਿਭਾਗ ਵਿਚ ਹੀ ਕੰਮ ਕਰਦੇ ਸਨ। ਜਦੋਂ ਸਾਲ 1966 ਵਿਚ ਪੰਜਾਬ ਹਰਿਆਣਾ ਬਣਿਆ ਤਾਂ ਉਹ ਹਰਿਆਣਾ ਤੋਂ ਪੰਜਾਬ ਵਿਚ ਆ ਗਏ ਸਨ ਹਾਲਾਂਕਿ ਸਾਡੀ ਰਿਹਾਇਸ਼ ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਵਿਚ ਹੀ ਸੀ। ਉਹ ਕਿਸ ਤਰ੍ਹਾਂ ਪੰਜਾਬ ਵਿਚ ਆਏ, ਇਹ ਵੱਖਰਾ ਪਹਿਲੂ ਹੈ। ਅਸੀਂ ਸਾਰਾ ਪਰਿਵਾਰ ਜਿੱਥੇ ਉਨ੍ਹਾਂ ਦੀ ਬਦਲੀ ਹੁੰਦੀ ਉਨ੍ਹਾਂ ਦੇ ਨਾਲ ਹੀ ਜਾਂਦੇ ਰਹੇ। ਇਸ ਤਰ੍ਹਾਂ ਮੇਰੀ ਸਾਰੀ ਪੜ੍ਹਾਈ ਵੱਖ-ਵੱਖ ਸ਼ਹਿਰਾਂ ਦੇ ਸਕੂਲਾਂ/ਕਾਲਜਾਂ ਵਿਚ ਹੋਈ।

**• ਤੁਹਾਨੂੰ ਲਿਖਣ ਦੀ ਚੇਟਕ ਕਿਵੇਂ ਲੱਗੀ ਅਤੇ ਲਿਖਣਾ ਕਦੋਂ ਸ਼ੁਰੂ ਕੀਤਾ?**

ਮੇਰੇ ਮਾਤਾ ਮਨਜੀਤ ਕੌਰ ਭਾਵੇਂ ਘੱਟ ਹੀ ਪੜ੍ਹੇ ਸਨ ਪਰ ਉਨ੍ਹਾਂ ਨੂੰ ਕਹਾਣੀਆਂ ਆਦਿ ਪੜ੍ਹਨ ਦਾ ਸ਼ੌਕ ਸੀ। ਉਹ ਕਿਸੇ ਵੀ ਅਖ਼ਬਾਰ, ਮੈਗਜ਼ੀਨ ਵਿੱਚੋਂ ਸਾਹਿਤਕ ਆਰਟੀਕਲ ਪੜ੍ਹਦੇ ਰਹਿੰਦੇ ਸਨ ਅਤੇ ਮੈਂ ਉਨ੍ਹਾਂ ਨੂੰ ਵੇਖਦਾ। ਫਿਰ ਮੈਂ ਪੜ੍ਹਾਈ ਦੇ ਨਾਲ ਗੁਰਦਿਆਲ ਸਿੰਘ ਫੁੱਲ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਆਦਿ ਸਾਹਿਤਕਾਰਾਂ ਦੀਆਂ ਰਚਨਾਵਾਂ ਪੜ੍ਹਨ ਲੱਗ ਪਿਆ। ਮੈਨੂੰ ਯਾਦ ਹੈ ਕਿ ਮੈਂ ਪਹਿਲੀ ਰਚਨਾ 1976 ਵਿਚ ਲਿਖੀ ਸੀ ਅਤੇ ਉਸ ਤੋਂ ਬਾਅਦ ਜਦੋਂ ਰਣਬੀਰ ਕਾਲਜ ਸੰਗਰੂਰ ਵਿਚ ਗਰੈਜੂਏਸ਼ਨ ਕਰਨ ਲਗਿਆ ਤਾਂ ਕੁਝ ਲਿਖਣ ਦੀ ਕੋਸ਼ਿਸ਼ ਕੀਤੀ। ਸਾਡੇ ਕਾਲਜ ਦੇ ਪ੍ਰੋਫੈਸਰ ਅਮਰ ਕੋਮਲ ਜੋ ਪੰਜਾਬੀ ਦੇ ਪ੍ਰੋਫੈਸਰ ਸਨ ਪਰ ਸਾਨੂੰ ਪੜ੍ਹਾਉਂਦੇ ਨਹੀਂ ਸਨ ਅਤੇ ਸਾਡੇ ਪੰਜਾਬੀ ਦੇ ਮੈਡਮ ਸਤਵੰਤ ਕੌਰ ਨੇ ਕਾਲਜ ਮੈਗਜ਼ੀਨ ਲਈ ਲਿਖਣ ਲਈ ਕਿਹਾ ਅਤੇ ਲਿਖਣ ਲਈ ਉਤਸ਼ਾਹਿਤ ਕੀਤਾ। ਬਰਨਾਲਾ ਵਿਖੇ ਮੈਨੂੰ ਸਵਰਗੀ ਪ੍ਰੋਫੈਸਰ ਪ੍ਰੀਤਮ ਸਿੰਘ ਰਾਹੀ ਹੁਰਾਂ ਨੇ ਬਹੁਤ ਉਤਸ਼ਾਹਿਤ ਕੀਤਾ।

**• ਕਵਿਤਾ, ਗ਼ਜ਼ਲ ਅਤੇ ਕਹਾਣੀ ਦੇ ਨਾਲ-ਨਾਲ ਹੋਰ ਕੀ ਲਿਖਦੇ ਹੋ। ਆਪਣੀ ਲਿਖਣ ਪ੍ਰਕਿਰਿਆ ਬਾਰੇ ਦੱਸੋ?**

ਮੈਂ ਵਾਰਤਕ ਲਿਖਣੀ ਚਾਹੁੰਦਾ ਸੀ ਪਰ ਸਮੇਂ ਦੀ ਥੋੜ੍ਹ ਕਰਕੇ ਮੈਂ ਕਵਿਤਾ ਅਤੇ ਗ਼ਜ਼ਲ ਲਿਖਣ ਲੱਗਾ। ਪਰ ਮੈਂ ਕਵਿਤਾ, ਗ਼ਜ਼ਲ, ਕਹਾਣੀ ਦੇ ਨਾਲ ਨਾਲ ਲੇਖ, ਮਿੰਨੀ ਕਹਾਣੀ ਆਦਿ ਜੋ ਮਨ ਵਿਚ ਆਵੇ ਲਿਖ ਲੈਂਦਾ ਹਾਂ। ਮੈਂ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਵਿਚ ਲਿਖਦਾ ਹਾਂ ਅਤੇ ਛਪਿਆ ਵੀ ਹਾਂ। ਆਲੇ ਦੁਆਲੇ ਵਿਚ ਵਾਪਰ ਰਹੀਆਂ ਜੋ ਘਟਨਾਵਾਂ ਮੇਰੇ ਮਨ ਨੂੰ ਟੁੰਬਦੀਆਂ ਹਨ, ਉਹ ਕਿਸੇ ਨਾ ਕਿਸੇ ਰੂਪ ਵਿਚ ਭਾਵ ਕਵਿਤਾ, ਗ਼ਜ਼ਲ, ਕਹਾਣੀ, ਲੇਖ ਆਦਿ ਰਾਹੀਂ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਲਿਖਣ ਪ੍ਰਕਿਰਿਆ ਲਈ ਕੋਈ ਸਮਾਂ ਨਿਰਧਾਰਤ ਨਹੀਂ ਕੀਤਾ, ਜਦੋਂ ਵੀ ਦਿਲ ਕੀਤਾ ਲਿਖ ਦਿੱਤਾ।

**• ਜੇਲ੍ਹ ਪੁਲਿਸ ਵਰਗੇ ਸਖ਼ਤ ਵਿਭਾਗ ਵਿਚ ਕਲਮ ਕਿਵੇਂ ਚਲਾਈ ਅਤੇ ਇਸ ਦਾ ਆਪ ਦੀ ਲੇਖਣੀ 'ਤੇ ਕੀ ਪ੍ਰਭਾਵ ਪਿਆ?**

ਬਹੁਤ ਹੀ ਵਧੀਆ ਸਵਾਲ ਹੈ। ਕਿਉਂਕਿ ਅਕਸਰ ਲੋਕ ਮੈਨੂੰ ਇਹ ਗੱਲ ਪੁੱਛਦੇ ਹਨ ਕਿ ਤੁਸੀਂ ਇਸ ਸਖ਼ਤ ਸੁਭਾਅ ਵਾਲੇ ਵਿਭਾਗ ਵਿਚ ਹੁੰਦੇ ਹੋਏ ਕੋਮਲਭਾਵ ਦੀਆਂ ਰਚਨਾਵਾਂ ਕਿੰਝ ਲਿਖਦੇ ਹੋ? ਪਿਤਾ ਜੀ ਦਾ ਵੀ ਇਹੀ ਵਿਭਾਗ ਹੋਣ ਕਰਕੇ ਮੇਰੇ ਕਾਲਜ ਦੇ ਕਈ ਤਾਇਨਾਤ ਕਰਮਚਾਰੀ ਅਤੇ ਪ੍ਰੋਫੈਸਰ ਚਰਨਜੀਤ ਚੰਨੀ ਨੇ ਵੀ ਇਸ ਤਰ੍ਹਾਂ ਦੀ ਹੈਰਾਨੀ ਪ੍ਰਗਟ ਕੀਤੀ ਸੀ। ਪਰ ਚਾਹੇ ਸਮੇਂ ਅਨੁਸਾਰ ਪੇਟ ਦੀ ਅੱਗ ਬੁਝਾਉਣ ਲਈ ਕੋਈ ਵੀ ਕੰਮ ਕੀਤਾ ਜਾਵੇ ਪਰ ਮਨੁੱਖ ਦੇ ਅੰਦਰਲੇ ਮਨੁੱਖ ਦੀ ਆਪਣੀ ਇੱਛਾ ਹੁੰਦੀ ਹੈ। ਮੇਰੇ ਅੰਦਰ ਬੈਠਾ ਕੋਮਲਭਾਵ ਵਾਲਾ ਮਨੁੱਖ ਸਾਹਿਤ ਵਿਚ ਦਿਲਚਸਪੀ ਰੱਖਦਾ ਸੀ ਜਿਸ ਕਰਕੇ ਮੈਂ ਸਾਹਿਤ ਰਚਨਾ ਕਰਦਾ ਹਾਂ। ਇਸ ਵਿਭਾਗ ਦਾ ਮੇਰੀ ਲੇਖਣੀ ਉੱਪਰ ਸਿਰਫ਼ ਇੰਨਾ ਪ੍ਰਭਾਵ ਰਿਹਾ ਕਿ 'ਡਿਊਟੀ ਪਹਿਲਾ' ਸਮਝਦੇ ਹੋਏ ਵਿਭਾਗ ਨੂੰ ਸਮਰਪਿਤ ਸਾਂ ਰਚਨਾ ਕਰਨ ਲਈ ਸਮਾਂ ਘੱਟ ਮਿਲਦਾ ਸੀ ਅਤੇ ਸਮਾਂ ਬਚੇ ਕੇ ਕੋਈ ਰਚਨਾ ਕਰ ਸਕਦਾ ਸਾਂ।

**• ਜੇ ਤੁਸੀਂ ਜੇਲ੍ਹ ਅਧਿਕਾਰੀ ਜਾਂ ਲੇਖਕ ਨਾ ਹੁੰਦੇ ਤਾਂ ਤੁਹਾਡੀ ਕੀ ਕਰਨ ਦੀ ਸੰਭਾਵਨਾ ਹੁੰਦੀ ?**

ਪ੍ਰੀਤ ਜੀ ਹਰ ਵਿਅਕਤੀ ਦੀਆਂ ਬਚਪਨ ਤੋਂ ਹੀ ਕੁਝ ਖ਼ੁਆਇਸ਼ਾਂ ਹੁੰਦੀਆਂ ਹਨ। ਮੇਰੀਆਂ ਵੀ ਸੀ ਕਿ ਮੈਂ ਪੋਸਟ ਗਰੇਜੂਏਟ ਕਰਨ ਤੋਂ ਬਾਅਦ ਪੀਐੱਚਡੀ ਕਰ ਕੇ ਲੈਕਚਰਾਰ ਬਣਾਂ। ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਆਫ਼ਰ ਵੀ ਆ ਗਈ ਸੀ ਕਿਉਂਕਿ ਉਸ ਸਮੇਂ ਪੋਸਟ ਗਰੈਜੂਏਸ਼ਨ ਤੋਂ ਬਾਅਦ ਸਿੱਧੀ ਪੀਐੱਚਡੀ ਕਰਨ ਦੀ ਵਿਵਸਥਾ ਸੀ। ਪਰ ਉਸ ਸਮੇਂ ਦੇ ਹਾਲਾਤ ਕਰਕੇ ਮੇਰੇ ਪਰਿਵਾਰ ਵਾਲਿਆਂ ਨੇ ਮੈਨੂੰ ਭੇਜਣ ਤੋਂ ਰੋਕਿਆ। ਫਿਰ ਸਿਵਲ ਸਰਵਿਸਿਜ਼ ਵਿਚ ਵੀ ਕੋਸ਼ਿਸ਼ ਕੀਤੀ ਪਰ ਜੋ ਕਿਸਮਤ ਵਿਚ ਸੀ, ਉਸ ਨੂੰ ਹੀ ਸਵੀਕਾਰ ਕਰ ਲਿਆ।

**• ਤੁਹਾਡੀ ਅਨੁਵਾਦ ਕਲਾ ਵੀ ਚਰਚਿਤ ਰਹੀ। ਕਿੰਨਾ ਕੁ ਅਨੁਵਾਦ ਕੀਤਾ?**

ਜਿਵੇਂ ਤੁਹਾਨੂੰ ਪਹਿਲਾਂ ਦੱਸਿਆ ਹੈ ਕਿ ਮੈਂ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਹਾਂ। ਮੈਂ ਆਪਣੇ ਮਿੱਤਰਾਂ ਦੀਆਂ ਕਈ ਹਿੰਦੀ ਰਚਨਾਵਾਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਹਨ। ਜੇ ਮੈਂ ਆਪਣਾ ਕੁਝ ਨਾ ਲਿਖ ਸਕਦਾ ਤਾਂ ਸਾਹਿਤ ਨਾਲ ਜੁੜਨ ਦੇ ਮਕਸਦ ਨਾਲ ਹਿੰਦੀ ਦੀਆਂ ਰਚਨਾਵਾਂ ਅਨੁਵਾਦ ਕਰ ਦਿੰਦਾ। ਹੁਣ ਤਕ ਮੈਂ ਮਨੋਜ ਪ੍ਰੀਤ ਦੀਆਂ ਕਰੀਬ ਦੋ ਦਰਜਨ ਤੋਂ ਵੱਧ ਹਿੰਦੀ ਕਹਾਣੀਆਂ, ਇਕ ਸਫ਼ਰਨਾਮਾ ਤੋਂ ਇਲਾਵਾ ਮਦਨ ਗੁਪਤਾ ਸਪਾਟੂ, ਰਜਨੀ ਛਾਬੜਾ, ਸ਼ੈਲੀ ਬਲਜੀਤ ਆਦਿ ਦੀਆਂ ਰਚਨਾਵਾਂ ਅਨੁਵਾਦ ਕਰ ਚੁੱਕਾ ਹਾਂ।

**• ਲਿਖਣ ਪ੍ਰਕਿਰਿਆ ਵਿਚ ਪਰਿਵਾਰ ਦਾ ਕੀ ਸਹਿਯੋਗ ਰਿਹਾ?**

ਜ਼ਿਆਦਾਤਰ ਮੈਂ ਸਾਹਿਤ ਦਾ ਕੰਮ ਉਸ ਸਮੇਂ ਕੀਤਾ ਜਦੋਂ ਮੈਂ ਸੰਗਰੂਰ ਜੇਲ੍ਹ ਵਿਖੇ ਡਿਊਟੀ 'ਤੇ ਤਾਇਨਾਤ ਸਾਂ। ਬਰਨਾਲਾ ਆ ਕੇ ਤਾਂ ਡਿਊਟੀ 'ਤੇ ਸਾਰਾ ਦਿਨ ਲੰਘ ਜਾਂਦਾ ਅਤੇ ਘਰ ਦੇ ਮਾੜੇ ਮੋਟੇ ਕੰਮਾਂ ਵਿਚ ਸ਼ਾਮ ਲੰਘ ਜਾਂਦੀ। ਸਾਹਿਤ ਰਚਨਾ ਕਰਨ ਦਾ ਸਮਾਂ ਘੱਟ ਮਿਲਦਾ। ਪਰਿਵਾਰ ਵਿਚ ਹੋਰ ਕਿਸੇ ਨੂੰ ਸਾਹਿਤ ਨਾਲ ਲਗਾਉ ਨਹੀ ਸੀ। ਮੈਂ ਆਪਣਾ ਸ਼ੌਕ ਪਾਲਦਾ ਰਿਹਾ। ਪਰ ਹੁਣ ਮੈਂ ਆਪਣੀ ਪਤਨੀ ਨੂੰ ਇਸ ਪਾਸੇ ਵੱਲ ਪ੍ਰੇਰਤ ਕਰ ਕੇ ਮੋੜਨ ਦੀ ਕੋਸ਼ਿਸ਼ ਕੀਤੀ ਹੈ। ਉਹ ਹੁਣ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿਚ ਜਾਣ ਦੀ ਇੱਛਾ ਰੱਖਣ ਲਗ ਪਈ ਹੈ।

**• ਹੁਣ ਤਕ ਕਿੰਨੀਆਂ ਪੁਸਤਕਾਂ ਛਪੀਆਂ ਅਤੇ ਕਿੰਨੀਆਂ ਦਾ ਅਨੁਵਾਦ ਕੀਤਾ?**

ਅਜੇ ਤਕ ਕੁੱਲ ਤਿੰਨ ਪੁਸਤਕਾਂ ਛਪੀਆਂ ਹਨ। ਇਕ ਗ਼ਜ਼ਲ ਪੁਸਤਕ 'ਦਰਿਆ ਦੀ ਪਿਆਸ' 2016 ਵਿਚ ਛਪੀ, ਫਿਰ 2017 ਵਿਚ ਮਨੋਜ ਕੁਮਾਰ ਪ੍ਰੀਤ ਦੀਆਂ ਕਹਾਣੀਆਂ ਦੀ ਹਿੰਦੀ ਵਿਚ ਅਨੁਵਾਦ ਪੁਸਤਕ ' ਆਪਣੇ-ਆਪਣੇ ਬੁੱਤ' ਅਤੇ ਰਜਨੀ ਛਾਬੜਾ ਗੁੜਗਾਓਂ ਦੀ ਹਿੰਦੀ ਕਵਿਤਾ ਦੀ ਅਨੁਵਾਦ ਪੁਸਤਕ 'ਹੋਣ ਤੋਂ ਨਾ ਹੋਣ ਤਕ' 2018 ਵਿਚ ਛਪੀ। ਇਕ ਸਫ਼ਰਨਾਮਾ ਅਜੇ ਪ੍ਰੈਸ ਵਿਚ ਹੈ।

**• ਸਾਹਿਤਕ ਸਭਾਵਾਂ ਬਾਰੇ ਚਾਨਣਾ ਪਾਓ ?**

ਬਰਨਾਲਾ ਵਿਚ ਬਹੁਤ ਸਾਹਿਤ ਸਭਾਵਾਂ ਹਨ। ਬਰਨਾਲਾ ਨੂੰ ਸਾਹਿਤ ਦਾ ਮੱਕਾ ਕਿਹਾ ਜਾਂਦਾ ਹੈ। ਮੈਂ ਕੋਸ਼ਿਸ਼ ਕਰਦਾ ਹਾਂ ਕਿ ਕਿਸੇ ਵੀ ਸਭਾ ਦਾ ਸਮਾਗਮ ਹੋਵੇ ਉਸ ਵਿਚ ਹਾਜ਼ਰੀ ਲਗਾਈ ਜਾਵੇ। ਮੈਂ ਪ੍ਰੀਤ ਸਾਹਿਤ ਸਦਨ ਲੁਧਿਆਣਾ ਦਾ ਮੀਤ ਪ੍ਰਧਾਨ, ਕਲਾਕਾਰ ਸਾਹਿਤਕ ਦਾ ਸਕੱਤਰ, ਲਿਖਾਰੀ ਸਭਾ, ਪੰਜਾਬੀ ਸਾਹਿਤ ਸਭਾ, ਅਤੇ ਮਾਲਵਾ ਸਾਹਿਤ ਸਭਾ ਬਰਨਾਲਾ ਦਾ ਮੈਂਬਰ ਹਾਂ। ਮੇਰਾ ਨਿੱਜੀ ਵਿਚਾਰ ਹੈ ਕਿ ਇਕ ਸ਼ਹਿਰ ਵਿਚ ਇਕ ਹੀ ਸਾਹਿਤ ਅਦਾਰਾ ਹੋਵੇ ਤਾਂ ਕਿ ਸਾਰੇ ਸਾਹਿਤਕਾਰ ਇਕ ਥਾਂ ਇਕੱਠੇ ਹੋ ਕੇ ਸਾਹਿਤ ਚਰਚਾ ਕਰ ਸਕਣ। ਹੁਣ ਤਾਂ ਵੇਖਣ ਵਿਚ ਆਇਆ ਹੈ ਜਿਸ ਕਿਸੇ ਨੂੰ ਸਨਮਾਨ ਨਹੀਂ ਮਿਲਦਾ ਤਾਂ ਉਹ ਨਵੀਂ ਸਾਹਿਤ ਸੰਸਥਾ ਬਣਾ ਲੈਂਦਾ ਹੈ।

**• ਭਵਿੱਖ ਵਿਚ ਸਾਹਿਤ ਲਈ ਹੋਰ ਕੀ ਕਰਨਾ ਚਾਹੋਗੇ?**

ਭਵਿੱਖ ਵਿਚ ਜਿਵੇਂ ਸਮਾਂ ਲਗੇਗਾ ਸਾਹਿਤ ਅਤੇ ਮਾਤ ਭਾਸ਼ਾ ਦੀ ਸੇਵਾ ਕਰਾਂਗਾ। ਮਿੰਨੀ ਕਹਾਣੀ ਸੰਗ੍ਰਹਿ ਦੀ ਤਿਆਰੀ ਕਰ ਰਿਹਾ ਹਾਂ, ਉਮੀਦ ਹੈ ਜਲਦੀ ਇਸ ਸਾਲ ਪਾਠਕਾਂ ਦੀ ਸੱਥ ਵਿਚ ਪੇਸ਼ ਕਰਾਂਗਾ।

**• ਕਿਹਾ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਤੁਸੀ ਸਾਹਿਤ ਦੀ ਪ੍ਰਫੁੱਲਤਾ ਵਾਸਤੇ ਕੋਈ ਸੁਝਾਅ ਦਿਓ?**

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੇਰੇ ਮਨ ਵਿਚ ਅਕਸਰ ਇਹ ਸਵਾਲ ਰਹਿੰਦਾ ਹੈ ਕਿ ਸੋਸ਼ਲ ਮੀਡੀਆ ਭਾਵ ਟੀ ਵੀ ਉੱਪਰ ਅਸੀ ਆਮ ਚੀਜ਼ਾਂ ਦੀਆਂ ਅਤੇ ਹੋਰ ਗੀਤਾਂ ਆਦਿ ਦੀਆਂ ਮਸ਼ਹੂਰੀਆਂ ਦੇਖਦੇ ਹਾਂ ਤਾਂ ਕਿ ਉਹ ਪ੍ਰਫੁੱਲਤ ਹੋਣ ਪਰ ਸਾਹਿਤ ਦੀਆਂ ਕਿਤਾਬਾਂ ਸਬੰਧੀ ਕੋਈ ਮਸ਼ਹੂਰੀ ਨਹੀ ਦਿਸਦੀ ਜਿਸ ਤੋਂ ਆਮ ਲੋਕਾਂ ਨੂੰ ਵੀ ਸਾਹਿਤ ਦੇ ਖੇਤਰ ਵਿਚ ਪ੍ਰਫੁੱਲਤਾ ਮਿਲੇ। ਜੇ ਅਸੀਂ ਜਵਾਨੀ ਨੂੰ ਸਾਹਿਤ ਨਾਲ ਜੋੜਨਾ ਚਾਹੁੰਦੇ ਹਾਂ ਤਾਂ ਕਿਤਾਬਾਂ ਦੀ ਵੀ ਸੋਸ਼ਲ ਮੀਡੀਆ/ਟੀ ਵੀ ਉੱਪਰ ਐਡ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਜਿੱਥੇ ਸਮਾਜ ਨੂੰ ਸਾਹਿਤ ਨਾਲ ਜੋੜਨ ਲਈ ਪ੍ਰੇਰਨਾ ਮਿਲੇਗੀ ਉੱਥੇ ਸਮਾਜ ਵਿੱਚੋਂ ਬੁਰਾਈਆਂ ਦਾ ਵੀ ਖ਼ਾਤਮਾ ਹੋਵੇਗਾ।

**• ਹੁਣ ਤਕ ਦੇ ਜੀਵਨ ਤੋਂ ਤੁਸੀਂ ਕਿੰਨੇ ਸੰਤੁਸ਼ਟ ਹੋ?**

-ਮੈਂ ਸਮਝਦਾਂ ਕਿ ਕੋਈ ਵੀ ਆਦਮੀ ਭਾਵੇਂ ਜੋ ਮਰਜ਼ੀ ਕਹੇ ਪਰ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋ ਸਕਦਾ ਕਿਉਂਕਿ ਮਨੁੱਖੀ ਜੀਵਨ ਹੀ ਅਜਿਹਾ ਹੈ ਜਿਸ ਦੀਆਂ ਲਾਲਸਾਵਾਂ ਕਦੇ ਨਹੀਂ ਮੁਕਦੀਆਂ। ਜੇ ਆਪਾਂ ਇਹ ਕਹਿ ਲਈਏ ਕਿ ਮਨੁੱਖ ਵੀ ਆਸਾਂ ਬੱਧਾ ਹੁੰਦਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਿੱਥੋਂ ਤਕ ਮੇਰਾ ਸਬੰਧ ਹੈ, ਮੈਂ ਝੂਠ ਨਹੀਂ ਬੋਲ ਸਕਦਾ। ਮੈਨੂੰ ਅਜੇ ਓਨੀ ਸੰਤੁਸ਼ਟੀ ਨਹੀਂ ਹੋਈ ਜਿੰਨੀ ਹੋਣੀ ਚਾਹੀਦੀ ਹੈ। ਫਿਰ ਵੀ ਮੈਂ ਆਪਣੇ ਕਾਰਜ ਵਿਚ ਜੁਟਿਆ ਹੋਇਆ ਹਾਂ ਤੇ ਜੁਟਿਆ ਰਹਾਂਗਾ।

**• ਇਕ ਆਮ ਆਦਮੀ ਅਤੇ ਲੇਖਕ ਦੀ ਜ਼ਿੰਦਗੀ ਵਿਚ ਤੁਸੀਂ ਕੀ ਫ਼ਰਕ ਸਮਝਦੇ ਹੋ?**

ਆਦਮੀ ਚਾਹੇ ਆਮ ਹੋਵੇ ਜਾਂ ਲੇਖਕ, ਹਰ ਆਦਮੀ ਦੀ ਸੋਚ ਹੁੰਦੀ ਹੈ ਅਤੇ ਉਹ ਜ਼ਿੰਦਗੀ ਵਿਚ ਘਟਦੀਆਂ ਘਟਨਾਵਾਂ ਅਤੇ ਹੋਰ ਪਹਿਲੂਆਂ ਨੂੰ ਸੋਚਦਾ ਜ਼ਰੂਰ ਹੈ ਪਰ ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਆਮ ਆਦਮੀ ਉਸ ਨੂੰ ਹਲਕੇ ਤੌਰ 'ਤੇ ਲੈਂਦਾ ਹੈ ਅਤੇ ਗਲ ਆਈ ਗਈ ਕਰ ਦਿੰਦੈ ਅਤੇ ਲੇਖਕ ਦੇ ਮਨ ਤੇ ਜੋ ਪ੍ਰਸਥਿਤੀਆਂ ਅਸਰ ਕਰਦੀਆਂ ਹਨ ਉਹ ਉਨ੍ਹਾਂ ਨੂੰ ਕਿਸੇ ਵੀ ਤਰੀਕੇ ਸਮਾਜ ਵਿਚ ਪੇਸ਼ ਕਰਦਾ ਹੈ। ਜਾਂ ਇਉਂ ਕਹਿ ਲਓ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰਦਾ ਹੈ।



ਮੇਰਾ ਨਿੱਜੀ ਵਿਚਾਰ ਹੈ ਕਿ ਇਕ ਸ਼ਹਿਰ ਵਿਚ ਇਕ ਹੀ ਸਾਹਿਤ ਸਭਾ ਹੋਵੇ ਤਾਂ ਕਿ ਸਾਰੇ ਸਾਹਿਤਕਾਰ ਇਕੋ ਥਾਂ ਬੈਠ ਕੇ ਸਾਹਿਤਕ ਚਰਚਾ ਕਰ ਸਕਣ...

---



# ਝੂਠ ਜਾਂ ਸੱਚ ਫੈਸਲਾ ਤੁਹਾਡੇ ਹੱਥ



• ਕੈਲਾਸ਼ ਚੰਦਰ ਸ਼ਰਮਾ
8054016816

ਮਨੁੱਖ ਹਰ ਪਲ ਆਨੰਦਮਈ ਜੀਵਨ ਬਿਤਾਉਣਾ ਚਾਹੁੰਦਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਉਹ ਇਧਰ-ਉਧਰ ਦੌੜਦਾ ਫਿਰਦਾ ਹੈ। ਉਸ ਦੀ ਸੋਚ ਬਣ ਗਈ ਹੈ ਕਿ ਆਨੰਦ ਕੇਵਲ ਧਨ-ਦੌਲਤ ਅਤੇ ਪ੍ਰਭਾਵਸ਼ਾਲੀ ਰੁਤਬੇ ਵਿੱਚੋਂ ਹੀ ਮਿਲ ਸਕਦਾ ਹੈ। ਇਸ ਲਈ ਉਹ ਹਰ ਹੀਲੇ ਪੈਸੇ ਅਤੇ ਰੁਤਬਾ ਹਾਸਲ ਕਰਨਾ ਚਾਹੁੰਦਾ ਹੈ ਭਾਵੇਂ ਇਸ ਲਈ ਉਸ ਨੂੰ ਕੋਈ ਵੀ ਢੰਗ ਤਰੀਕਾ ਅਪਣਾਉਣਾ ਪਵੇ। ਇਥੋਂ ਜਨਮ ਹੋਇਆ ਝੂਠ ਤੇ ਝੂਠ ਬੋਲਣ ਵਾਲਿਆਂ ਦਾ। ਹੌਲੀ-ਹੌਲੀ ਇਹ ਸਿਧਾਂਤ ਆਪਣਾ ਰੰਗ ਵਿਖਾਉਣ ਲੱਗਾ। ਅਜੋਕੇ ਸਮਾਜ ਵਿਚ ਹਰ ਕਿਸੇ ਦੀ ਇਹ ਧਾਰਨਾ ਬਣ ਗਈ ਹੈ ਕਿ ਸੱਚ ਦਾ ਅੰਤ ਹੋ ਗਿਆ ਹੈ ਅਤੇ ਕੇਵਲ ਝੂਠ ਬੋਲਣ ਵਾਲੇ ਵਿਅਕਤੀ ਹੀ ਅੱਗੇ ਨਿਕਲ ਜਾਂਦੇ ਹਨ ।

ਝੂਠ ਅੱਜ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ ਤੇ ਸਾਨੂੰ ਆਪਣੀ ਪ੍ਰਫੁੱਲਤਾ ਲਈ ਕੇਵਲ ਝੂਠ ਦਾ ਹੀ ਸਹਾਰਾ ਲੈਣਾ ਚਾਹੀਦਾ ਹੈ। ਸੱਚ ਇਸ ਵਾਤਾਵਰਨ ਵਿਚ ਲੁਕ-ਲੁਕ ਕੇ ਜਿਊ ਰਿਹਾ ਹੈ। ਆਪਣੀ ਚਲਾਕੀ ਨਾਲ, ਲੋਕ ਦੂਸਰਿਆਂ ਨੂੰ ਬੇਵਕੂਫ ਬਣਾ ਕੇ ਅੱਗੇ ਨਿਕਲ ਜਾਂਦੇ ਹਨ। ਸੱਚ ਦੇ ਅਸੂਲ 'ਤੇ ਚੱਲਣ ਵਾਲੇ ਲੋਕ ਹਰ ਪਾਸੇ ਤੋਂ ਧੋਖਾ ਖਾਂਦੇ ਹੋਏ ਨਿਰਾਸ਼ ਹੋ ਰਹੇ ਹਨ। ਇਸ ਦੇ ਸਿੱਟੇ ਵਜੋਂ ਉਹ ਆਪਣੇ ਟੀਚਿਆਂ ਤੋਂ ਪਛੜ ਰਹੇ ਹਨ। ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਝੂਠ ਇੰਨਾ ਸ਼ਕਤੀਸ਼ਾਲੀ ਹੁੰਦਾ ਹੈ ਤਾਂ ਮਹਾਂਭਾਰਤ ਵਿਚ ਜਿੱਤ ਕੌਰਵਾਂ ਦੀ ਕਿਉਂ ਨਹੀਂ ਹੋਈ? ਝੂਠ ਦੀ ਜ਼ਿੰਦਗੀ ਬਹੁਤ ਥੋੜ੍ਹੀ ਹੁੰਦੀ ਹੈ ਜਦੋਂ ਕਿ ਸੱਚ ਸਦੀਵੀ ਹੁੰਦਾ ਹੈ। ਝੂਠ ਬੋਲਣ ਵਾਲਾ ਸਵਾਰਥੀ ਇਨਸਾਨ ਕਦੇ ਵੀ ਚੈਨ ਦੀ ਨੀਂਦ ਨਹੀਂ ਸੌਂ ਸਕਦਾ ਕਿਉਂਕਿ ਉਸ ਨੂੰ ਹਮੇਸ਼ਾ ਆਪਣੇ ਝੂਠ ਦੇ ਫੜੇ ਜਾਣ ਦੀ ਚਿੰਤਾ ਲੱਗੀ ਰਹਿੰਦੀ ਹੈ। ਇਸ ਚਿੰਤਾ ਵਿੱਚ ਡੁੱਬਿਆ ਇਨਸਾਨ ਇਸ ਨੂੰ ਛੁਪਾਉਣ ਲਈ ਹੋਰ ਝੂਠ 'ਤੇ ਝੂਠ ਬੋਲੀ ਜਾਂਦਾ ਹੈ ਅਤੇ ਇਨ੍ਹਾਂ ਉਲਝਣਾਂ ਵਿਚ ਫਸੇ ਰਹਿਣ ਕਰਕੇ ਅੱਗੋਂ ਉਸ ਦਾ ਵਿਕਾਸ ਰੁਕ ਜਾਂਦਾ ਹੈ।

ਜ਼ਿੰਦਗੀ ਵਿਚ ਸੱਚ ਨੂੰ ਯਾਦ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ। ਝੂਠ ਬੋਲ ਕੇ ਉਨ੍ਹਾਂ ਸ਼ਬਦਾਂ ਨੂੰ ਯਾਦ ਰੱਖਣਾ ਪੈਂਦਾ ਹੈ ਪਰ ਫਿਰ ਵੀ ਡਰ ਰਹਿੰਦਾ ਹੈ ਕਿ ਕਿਤੇ ਝੂਠ ਦਾ ਪਤਾ ਨਾ ਲੱਗ ਜਾਵੇ। ਇਹ ਠੀਕ ਹੈ ਕਿ ਕਈ ਵਾਰ ਝੂਠ ਸੱਚ 'ਤੇ ਬਾਜ਼ੀ ਮਾਰ ਜਾਂਦਾ ਹੈ, ਜ਼ਿਆਦਾ ਝੂਠੇ ਇਕੱਠੇ ਹੋ ਜਾਣ ਤਾਂ ਸੱਚ ਤਿੜਕ ਜਾਂਦਾ ਹੈ ਪਰ ਜਦੋਂ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਜਿੱਤ ਆਖਰ ਸੱਚ ਦੀ ਹੀ ਹੁੰਦੀ ਹੈ। ਕਈ ਲੋਕ ਸੋਚਦੇ ਹਨ ਕਿ ਕਿਸੇ ਦੀ ਭਲਾਈ ਲਈ ਬੋਲਿਆ ਝੂਠ, ਝੂਠ ਨਹੀਂ ਹੁੰਦਾ। ਅਸਲ ਵਿਚ ਜੇ ਉਹ ਇਸ ਤਰ੍ਹਾਂ ਕਰਕੇ ਇਕ ਦਾ ਫ਼ਾਇਦਾ ਕਰ ਰਹੇ ਹੁੰਦੇ ਹਨ ਤਾਂ ਕਿਸੇ ਦਾ ਨੁਕਸਾਨ ਵੀ ਤਾਂ ਹੁੰਦਾ ਹੀ ਹੋਵੇਗਾ। ਝੂਠ ਦਾ ਸਹਾਰਾ ਕੇਵਲ ਉਹੀ ਲੋਕ ਲੈਂਦੇ ਹਨ ਜੋ ਕੰਮਚੋਰ ਤੇ ਮੰਦ-ਬਿਰਤੀ ਦੇ ਹੁੰਦੇ ਹਨ ਅਤੇ ਉਨ੍ਹਾਂ ਦੇ ਦਿਲ, ਦਿਮਾਗ ਦੂਸਰਿਆਂ ਪ੍ਰਤੀ ਈਰਖਾ ਨਾਲ ਭਰੇ ਹੁੰਦੇ ਹਨ। ਝੂਠ ਤੋਂ ਪ੍ਰੇਰਿਤ ਸ਼ਬਦ ਸਮਾਜ 'ਚ ਜ਼ਹਿਰ ਘੋਲਣ ਦਾ ਕੰਮ ਕਰਦੇ ਹਨ ਤੇ ਤਬਾਹਕੁੰਨ ਬਣ ਕੇ ਨਿਰੰਤਰ ਮਨ ਤੇ ਸਮਾਜ ਨੂੰ ਤੋੜਦੇ ਹਨ।ਝੂਠ ਬੋਲਣ ਵਾਲੇ ਵਿਅਕਤੀਆਂ ਕੋਲ ਕੋਈ ਤਰਕ ਨਹੀਂ ਹੁੰਦਾ ਅਤੇ ਇਨ੍ਹਾਂ ਦਾ ਪਤਨ ਜਲਦੀ ਹੀ ਸ਼ੁਰੂ ਹੋ ਜਾਂਦਾ ਹੈ।ਅਜਿਹੇ ਵਿਅਕਤੀਆਂ ਨੂੰ ਆਪਣੀ ਪ੍ਰਤਿਭਾ ਅਤੇ ਕਾਰਜ-ਸਮਰੱਥਾ 'ਤੇ ਵਿਸ਼ਵਾਸ ਨਹੀਂ ਹੁੰਦਾ ਤੇ ਇਨ੍ਹਾਂ ਵਿਅਕਤੀਆਂ ਦੀ ਸ਼ਖ਼ਸੀਅਤ ਵੀ ਪ੍ਰਭਾਵਸ਼ਾਲੀ ਨਹੀਂ ਹੁੰਦੀ। ਅਜਿਹੇ ਲੋਕਾਂ ਨੂੰ ਗੱਪੀ, ਸ਼ਬਦ-ਵਿਹੂਣਾ ਕਹਿ ਕੇ ਲੋਕਾਂ ਵੱਲੋਂ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਝੂਠੇ ਵਿਅਕਤੀਆਂ ਦੇ ਚਿਹਰੇ ਦੀ ਨਕਲੀ ਮੁਸਕਰਾਹਟ ਉਸ ਦੇ ਖੋਖਲੇਪਣ ਨੂੰ ਆਪ ਹੀ ਜਗ ਜ਼ਾਹਰ ਕਰਦੀ ਹੈ। ਜਿਸ ਤਰ੍ਹਾਂ ਕਮਜ਼ੋਰ ਅਤੇ ਮਾੜੀਆਂ ਜੜ੍ਹਾਂ ਵਾਲੇ ਰੁੱਖ ਤੇਜ਼ ਹਨੇਰੀਆਂ ਅੱਗੇ ਨਹੀਂ ਟਿਕਦੇ, ਉਸੇ ਤਰ੍ਹਾਂ ਸੱਚ ਅੱਗੇ ਝੂਠ ਜ਼ਿਆਦਾ ਦੇਰ ਤਕ ਨਹੀਂ ਟਿਕ ਸਕਦਾ। ਜਿਵੇਂ ਉੱਚੀਆਂ ਅਤੇ ਸ਼ਾਨਦਾਰ ਮੰਜ਼ਿਲਾਂ, ਡੂੰਘੀਆਂ ਤੇ ਮਜ਼ਬੂਤ ਨੀਹਾਂ 'ਤੇ ਹੀ ਉਸਰਦੀਆਂ ਹਨ, ਉਸੇ ਤਰ੍ਹਾਂ ਸੱਚ ਦੀ ਬੁਨਿਆਦ 'ਤੇ ਉਸਾਰੀ ਜ਼ਿੰਦਗੀ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਅੱਗੇ ਵਧਣ 'ਚ ਮਦਦ ਕਰਦੀ ਹੈ। ਜੋ ਵਿਅਕਤੀ ਆਪਣੇ ਪ੍ਰਤੀ ਇਮਾਨਦਾਰ ਰਹਿੰਦਾ ਹੈ, ਅਸਲ ਵਿਚ ਉਹੀ ਸੱਚਾ ਜੀਵਨ ਜਿਉਂਦਾ ਹੈ।

ਸੱਚ ਵਿਅਕਤੀ ਨੂੰ ਖ਼ੁਸ਼ਹਾਲ ਬਣਾਉਣ ਦੇ ਨਾਲ-ਨਾਲ ਸਿਹਤਮੰਦ ਬਣਾਉਣ ਦੀ ਤਾਕਤ ਵੀ ਰੱਖਦਾ ਹੈ ਕਿਉਂਕਿ ਤਣਾਅ ਇਨ੍ਹਾਂ ਤੋਂ ਦੂਰੀ ਬਣਾ ਕੇ ਰੱਖਦਾ ਹੈ। ਜਿਸ ਵੀ ਕਾਰਜ ਖੇਤਰ ਵਿਚ ਝੂਠ ਹੀ ਪ੍ਰਧਾਨ ਹੋ ਜਾਵੇ ਉਸ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਪਾਰਦਰਸ਼ਤਾ ਅਤੇ ਚੰਗੇ ਭਵਿੱਖ ਨੂੰ ਖੋਰਾ ਲੱਗਦਾ ਹੈ ਅਤੇ ਚੰਗਾ ਭਵਿੱਖ ਧੁੰਦਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਹੜਾ ਵਿਅਕਤੀ ਸੱਚ ਦੇ ਰਸਤੇ 'ਤੇ ਚੱਲਦਾ ਹੈ, ਉਸ ਲਈ ਸੰਸਾਰ ਵਿਚ ਕੋਈ ਵੀ ਚੀਜ਼ ਦੁਰਲੱਭ ਜਾਂ ਅਛੂਤੀ ਨਹੀਂ ਹੁੰਦੀ। ਦੁਨੀਆ ਵਿਚ ਅਨੇਕ ਵਸਤਾਂ ਮੁਹੱਈਆ ਹੋ ਜਾਂਦੀਆਂ ਹਨ ਪਰ ਸੱਚ ਦੁਰਲੱਭ ਹੈ। ਅਸੀ ਸੱਚ ਨੂੰ ਅੰਤਰ-ਮਨ ਤੋਂ ਹੀ ਗੁਆ ਦਿੱਤਾ ਹੈ ਤੇ ਸਮਾਜ ਨੂੰ ਆਪਣੀ ਸਹੂਲਤ ਅਨੁਸਾਰ ਢਾਲ ਲਿਆ ਹੈ। ਇਸੇ ਲਈ ਸਾਨੂੰ ਇਹੀ ਲੱਗਦਾ ਹੈ ਕਿ ਝੂਠ ਤੋਂ ਬਿਨਾ ਜ਼ਿੰਦਗੀ ਸੰਭਵ ਹੀ ਨਹੀ ਹੈ। ਸਾਨੂੰ ਇਸ ਗੱਲ ਦਾ ਚਿੰਤਨ ਕਰਨ ਦੀ ਲੋੜ ਹੈ।

ਸੱਚ ਇਕ ਅਜਿਹਾ ਹਕੀਕੀ ਗਹਿਣਾ ਹੈ ਜੋ ਅਮੀਰ-ਗ਼ਰੀਬ ਹਰ ਇਕ ਦਾ ਸ਼ਿੰਗਾਰ ਬਣ ਸਕਦਾ ਹੈ। ਮਨੁੱਖੀ ਜੀਵਨ ਸੱਚ ਦੀ ਕ੍ਰਾਂਤੀ ਨਾਲ ਹੀ ਸ਼ੋਭਦਾ ਹੈ। ਸੱਚੇ ਇਨਸਾਨ ਦੀ ਚੰਗਿਆਈ ਉਸ ਫੁੱਲ ਵਾਂਗ ਹੁੰਦੀ ਹੈ ਜੋ ਕੁਚਲਣ ਤੋਂ ਬਾਅਦ ਵੀ ਹਰ ਪਾਸੇ ਖ਼ੁਸ਼ਬੂ ਹੀ ਫੈਲਾਉਂਦੀ ਹੈ। ਸੱਚੀ ਗੱਲ ਕਹਿਣ ਨਾਲ ਕੋਈ ਵੀ ਕਠਿਨਾਈ ਨਹੀਂ ਹੁੰਦੀ। ਸਿਆਣੇ ਕਹਿੰਦੇ ਹਨ ਕਿ 'ਸੱਚ ਦੇ ਕਰਤੱਵ ਦੀ ਪਾਲਣਾ ਨਾਲ ਬੋਲ-ਬਾਣੀ ਨਿਰਮਲ ਹੁੰਦੀ ਹੈ ਤੇ ਆਉਣ ਵਾਲੇ ਯੁੱਗਾਂ ਦਾ ਸੁਧਾਰ ਹੋ ਜਾਂਦਾ ਹੈ।'

ਝੂਠ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਸੱਚ ਇਸ ਵਾਤਾਵਰਨ ਵਿਚ ਲੁਕ-ਲੁਕ ਕੇ ਜਿਊ ਰਿਹਾ ਹੈ। ਆਪਣੀ ਚਲਾਕੀ ਨਾਲ ਲੋਕ ਦੂਸਰਿਆਂ ਨੂੰ ਬੇਵਕੂਫ ਬਣਾ ਕੇ ਅੱਗੇ ਨਿਕਲ ਜਾਂਦੇ ਹਨ। ਸੱਚ ਦੇ ਅਸੂਲ 'ਤੇ ਚੱਲਣ ਵਾਲੇ ਲੋਕ ਹਰ ਪਾਸੇ ਤੋਂ ਧੋਖਾ ਖਾਂਦੇ ਹਨ...

ਦੁਨੀਆ ਵਿਚ ਸੱਚ ਹੀ ਸਰਵ-ਉੱਚ ਹੈ ਅਤੇ ਸਦਾ ਉਸ ਦੀ ਹੀ ਜਿੱਤ ਹੁੰਦੀ ਹੈ। ਇਸ ਲਈ ਜਿੰਨਾ ਹੋ ਸਕੇ ਸੱਚ ਦੀ ਹੀ ਪਾਲਣਾ ਕਰੋ ਤਾਂ ਹੀ ਯਕੀਨਨ ਸਾਨੂੰ ਸੁੱਖ ਦੀ ਪ੍ਰਾਪਤੀ ਹੋਵੇਗੀ। ਸੱਚ ਦੀ ਰਾਹ 'ਤੇ ਚੱਲਣਾ ਚੰਗੀ ਗੱਲ ਹੈ ਕਿਉਂਕਿ ਸੱਚ ਦੇ ਰਸਤੇ 'ਤੇ ਭੀੜ ਘੱਟ ਹੀ ਹੁੰਦੀ ਹੈ। ਸੱਚ ਬੋਲਣ ਸਮੇਂ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸੱਚ ਉਹ ਹੋਵੇ ਜਿਸ ਨਾਲ ਸ਼ਾਂਤੀ ਦੀ ਸਥਾਪਨਾ ਅਤੇ ਸੁੱਖ ਪ੍ਰਾਪਤ ਹੋਵੇ। ਜੇ ਸੱਚ ਬੋਲਣ ਨਾਲ ਕਲੇਸ਼ ਅਤੇ ਅਸ਼ਾਂਤੀ ਨੂੰ ਜਨਮ ਮਿਲਦਾ ਹੋਵੇ ਤਾਂ ਅਜਿਹੇ ਵਿਚ ਚੁੱਪ ਰਹਿਣਾ ਹੀ ਚੰਗਾ ਹੁੰਦਾ ਹੈ ਪਰ ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ। ਸੱਚ ਦੀ ਪਾਲਣਾ ਕਰਨ ਵਾਲੇ ਕਦੇ ਮਖੌਟਾਧਾਰੀ ਜਾਂ ਢੌਂਗੀ ਨਹੀਂ ਹੁੰਦੇ। ਦੁਨੀਆ ਵਿਚ ਸੱਚੇ ਬੰਦੇ ਦੀ ਹੀ ਹਰ ਕਦਮ 'ਤੇ ਪ੍ਰੀਖਿਆ ਹੁੰਦੀ ਹੈ। ਸੱਚ ਬੋਲਣ ਵਾਲੇ ਲੋਕ ਸਾਡੇ ਜੀਵਨ ਵਿਚ ਉਨ੍ਹਾਂ ਸਿਤਾਰਿਆਂ ਵਾਂਗ ਹੁੰਦੇ ਹਨ ਜੋ ਬੱਦਲਵਾਈ ਵਿਚ ਵੀ ਆਪਣੀ ਹੋਂਦ ਪ੍ਰਗਟਾ ਜਾਂਦੇ ਹਨ। ਸੱਚ ਬੋਲਣ ਵਾਲੇ ਲੋਕਾਂ ਦੇ ਚਾਰੇ ਪਾਸੇ ਕੰਡੇ ਹੁੰਦੇ ਹਨ ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕੰਡੇ ਹੋਣ ਦੇ ਬਾਵਜੂਦ ਗੁਲਾਬ ਦਾ ਫੁੱਲਾਂ ਦੇ ਗੁਲਦਸਤੇ ਵਿਚ ਵਿਸ਼ੇਸ਼ ਸਥਾਨ ਹੁੰਦਾ ਹੈ। ਸੱਚਾਈ ਜ਼ਿੰਦਗੀ ਦੀ ਸਭ ਤੋਂ ਵੱਡੀ ਢਾਲ ਹੈ ਅਤੇ ਸੱਚ ਬੋਲਣ ਵਾਲੇ ਲੋਕ ਹੀ ਕਿਸੇ ਦੇ ਸੱਚੇ ਹਮਦਰਦ ਹੋ ਸਕਦੇ ਹਨ। ਸੱਚੇ ਲੋਕ ਮੁਰਦਾ ਖਾਮੋਸ਼ੀ 'ਚੋਂ ਵੀ ਸਾਹ-ਰਗ ਫੜ ਲੈਂਦੇ ਹਨ ਅਤੇ ਆਪਣੇ ਇਸੇ ਹੁਨਰ ਕਰਕੇ ਹੀ ਉਹ ਆਮ ਤੋਂ ਖ਼ਾਸ ਬਣ ਜਾਂਦੇ ਹਨ।

ਸਵਾਮੀ ਵਿਵੇਕਾਨੰਦ ਜੀ ਦੇ ਕਥਨ ਅਨੁਸਾਰ ,'ਸਚਾਈ ਵਾਸਤੇ ਹਰ ਚੀਜ਼ ਦੀ ਕੁਰਬਾਨੀ ਦਿੱਤੀ ਜਾ ਸਕਦੀ ਹੈ, ਪ੍ਰੰਤੂ ਸੱਚਾਈ ਦੀ ਕੁਰਬਾਨੀ ਕਿਸੇ ਵੀ ਚੀਜ਼ ਲਈ ਨਹੀਂ ਦਿੱਤੀ ਜਾ ਸਕਦੀ।'

ਇਸ ਲਈ ਜੇ ਅਸੀਂ ਸੱਚ ਦੀ ਪਾਲਣਾ ਕਰਨਾ ਚਾਹੁੰਦੇ ਹਾਂ ਤਾਂ ਆਪਣੇ ਅੰਦਰੋਂ ਕ੍ਰੋਧ, ਲੋਭ ਅਤੇ ਮਾਇਆ ਨੂੰ ਹਟਾਉਣਾ ਪਵੇਗਾ ਕਿਉਂਕਿ ਆਪਣੀ ਆਤਮਾ ਦੀ ਸ਼ੁੱਧ ਅਵਸਥਾ ਨੂੰ ਹਾਸਲ ਕਰਨਾ ਹੀ ਉੱਤਮ ਸੱਚ ਹੈ। ਸੱਚ ਤੋਂ ਪ੍ਰਾਪਤ ਸੁੱਖ ਸਥਾਈ ਹੁੰਦਾ ਹੈ ਅਤੇ ਝੂਠ ਤੋਂ ਪ੍ਰਾਪਤ ਸੁੱਖ ਪਲ-ਛਿਣ ਹੁੰਦਾ ਹੈ। ਸੱਚ ਅਤੇ ਝੂਠ, ਚੰਗਿਆਈ ਅਤੇ ਬੁਰਿਆਈ ਹਮੇਸ਼ਾ ਹੀ ਇਕੱਠੇ ਰਹੇ ਹਨ ਪਰ ਇਹ ਫ਼ੈਸਲਾ ਤੁਸੀਂ ਕਰਨਾ ਹੈ ਕਿ ਸੱਚ ਦੀ ਰਾਹ 'ਤੇ ਚੱਲਦਿਆਂ ਸਦੀਵੀ ਖ਼ੁਸ਼ੀਆਂ ਵਾਲੀ ਜ਼ਿੰਦਗੀ ਗੁਜ਼ਾਰਨੀ ਹੈ ਜਾਂ ਝੂਠ ਦੀ ਰਾਹ 'ਤੇ ਚੱਲ ਕੇ ਅਸਥਾਈ ਖ਼ੁਸ਼ੀ ਪ੍ਰਾਪਤ ਕਰਨੀ ਹੈ।

---

# ਮਾਨਸ ਜਨਮੁ ਅਮੋਲਕੁ

• ਰਮਨਦੀਪ ਖੀਵਾ
8437813558

ਜ਼ਿੰਦਗੀ ਵਹਿੰਦਿਆਂ ਪਾਣੀਆਂ, ਬਿਨਾਂ ਰੁਕਿਆਂ ਤੈਰਦੀਆਂ ਹਵਾਵਾਂ ਅਤੇ ਵਕਤ ਦੀਆਂ ਸੰਗਲੀਆਂ ਫੜ-ਫੜ ਉੱਪਰ ਚੜ੍ਹਨ ਦਾ ਸਿਰਨਾਵਾਂ ਹੈ। ਜ਼ਿੰਦਗੀ ਕੋਈ ਹੇਰਵਾ ਨਹੀਂ ਕਿ ਗੋਡਿਆਂ 'ਚ ਮੂੰਹ ਦੇ ਹਰ ਘੜੀ ਡੁਸਕਣ ਲੱਗੇ ਰਹੋ ਅਤੇ ਸਹੀ ਜਾਂ ਗ਼ਲਤ ਦੀ ਅਮੁੱਕ ਬਹਿਸ ਵਿਚ ਅਨਮੋਲ ਪਲਾਂ ਨੂੰ ਉਜਾੜਦੇ ਰਹੋ। ਬਹੁਤਿਆਂ ਲਈ ਜ਼ਿੰਦਗੀ ਦੀ ਪਰਿਭਾਸ਼ਾ ਟਾਈਮ ਪਾਸ ਨਾਮੀ ਸ਼ਬਦ ਤੋਂ ਅਗਾਂਹ ਪੁਲਾਂਘ ਨਹੀਂ ਭਰਦੀ ਜੋ ਸਾਈਕੋਪੈਥੀ ਸ਼ਿਕਾਰ ਦੇ ਹੱਕ ਵਿਚ ਭੁਗਤਦੀ ਹੈ।

ਮਨੁੱਖ ਇਸ ਧਰਤੀ ਦਾ ਸਰਬੋਤਮ ਪ੍ਰਾਣੀ ਹੈ ਅਤੇ ਉਸ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜ਼ਿੰਦਗੀ ਤੁਹਾਡੇ 'ਚੋਂ ਉਪਜਦੀ ਹੈ ਕਿ ਤੁਸੀਂ ਇਸ ਦੀ ਪਰਿਭਾਸ਼ਾ ਦਾ ਕਿਵੇਂ ਵਿਸ਼ਲੇਸ਼ਣ ਕਰਦੇ ਹੋ। ਹਰ ਵੇਲੇ ਭੂਤਕਾਲ ਦੀਆਂ ਫ਼ਿਲਮਾਂ 'ਚ ਡੁੱਬੇ ਰਹਿਣ ਅਤੇ ਭਵਿੱਖ ਦੇ ਸੰਸਿਆਂ ਸਦਕਾ ਅਸੀਂ ਵਰਤਮਾਨ ਪਲਾਂ ਦਾ ਸੱਤਿਆਨਾਸ ਕਰੀ ਰੱਖਦੇ ਹਾਂ ਜਿਸ ਕਰਕੇ ਅਸੀਂ ਸਰੀਰਕ ਅਤੇ ਮਾਨਸਿਕ ਸੁੱਖ ਮਾਣਨ ਤੋਂ ਵਾਂਝੇ ਰਹਿ ਜਾਂਦੇ ਹਾਂ। ਕਦੇ ਗੌਰ ਨਾਲ ਘੜੀ ਦੀ ਮਿੰਟਾਂ ਵਾਲੀ ਸੂਈ ਨੂੰ ਵਿਚਾਰਓ ਉਹ ਜਿੱਥੇ-ਜਿੱਥੇ ਘੁੰਮਦੀ ਹੈ ਬਸ ਉਹੀ ਵਰਤਮਾਨ ਪਲ ਹਨ ਜਿਨ੍ਹਾਂ ਨੂੰ ਅਸੀਂ ਸ਼ਿੰਗਾਰਨਾ ਹੁੰਦਾ ਹੈ ਉਸ ਦਾ ਭਵਿੱਖਤ ਫ਼ਿਕਰ ਕਿਤੇ ਦਰਜ ਨਹੀਂ ਹੁੰਦਾ ਜਿਸ ਵੇਲੇ ਵੀ ਉਹ ਅੱਗੇ ਵਧਦੀ ਹੈ ਉਸ ਦਾ ਉਹੀ ਵਰਤਮਾਨ ਹੁੰਦਾ ਹੈ ।

ਜ਼ਿੰਦਗੀ ਦੇ ਰਾਹਾਂ ਦਾ ਕੋਈ ਨਕਸ਼ਾ ਨਹੀਂ ਹੁੰਦਾ ਇਸ ਦੇ ਰਾਹਾਂ ਦੇ ਖੋਜਾਰਥੀ ਤੁਹਾਡੇ ਆਪਣੇ ਪੈਰ ਹੁੰਦੇ ਹਨ। ਜੇ ਤੁਹਾਡੇ ਸਾਹਾਂ 'ਚ ਹੌਸਲਾ ਹੋਵੇ ਤਾਂ ਤਿੰਨ ਸੌ ਸਪਾਰਟਾ ਸੈਨਿਕ ਵੀ ਇਤਿਹਾਸਕ ਜਿੱਤ ਹਾਸਲ ਕਰ ਲੈਂਦੇ ਹਨ ਅਤੇ ਜੇਕਰ ਤੁਸੀਂ ਮੱਥੇ 'ਤੇ ਹੱਥ ਰੱਖ ਕਿਸਮਤ ਨੂੰ ਫਿਟਕਾਰਦੇ ਰਹੇ ਤਾਂ ਸਾਡੀ ਝੋਲੀ ਉਲਾਂਭੇ, ਫ਼ਿਕਰ ਅਤੇ ਦੋਸ਼ਾਂ ਦੀਆਂ ਰੀਂਦਾਂ ਹੀ ਪੈਂਦੀਆਂ ਹਨ। ਜਿੰਨਾ ਤੁਸੀਂ ਜ਼ਿੰਦਗੀ ਦੇ ਰਾਹਾਂ ਨੂੰ ਮਾਣਦੇ ਜਾਵੋਗੇ ਇਹੀ ਤੁਹਾਡਾ ਹਾਸਲ ਹੈ ਨਹੀਂ ਖ਼ਾਲੀ ਹੱਥ ਤੇ ਸਿਕੰਦਰ ਵਰਗਾ ਮਹਾਨ ਯੋਧਾ ਵੀ ਗਿਆ ਹੈ ।

ਭਵਿੱਖ ਦੇ ਸੰਸਿਆਂ ਸਦਕਾ ਅਸੀਂ ਵਰਤਮਾਨ ਪਲਾਂ ਦਾ ਸੱਤਿਆਨਾਸ ਕਰੀ ਰੱਖਦੇ ਹਾਂ ਜਿਸ ਕਰਕੇ ਅਸੀਂ ਸਰੀਰਕ ਅਤੇ ਮਾਨਸਿਕ ਸੁੱਖ ਮਾਣਨ ਤੋਂ ਵਾਂਝੇ ਰਹਿ ਜਾਂਦੇ ਹਾਂ...



ਸਾਨੂੰ ਤ੍ਰੇਲ ਦੇ ਤੁਪਕਿਆਂ 'ਚੋਂ ਜਾਮਣੀ ਫੁੱਲਾਂ ਦੇ ਦ੍ਰਿਸ਼ਾਂ 'ਚੋਂ ਝੂਮਦੇ ਦਰੱਖਤਾਂ 'ਚੋਂ ਚਮਕਦੇ ਤਾਰਿਆਂ ਅਤੇ ਨਿਰੰਤਰ ਘੁੰਮ ਰਹੀ ਧਰਤੀ ਚੋਂ ਰਸ ਲੈਣ ਦਾ ਹੁਨਰ ਸਿੱਖਣਾ ਚਾਹੀਦਾ ਹੈ ਤਾਂ ਜੋ ਸਾਡਾ ਸਫ਼ਰ ਵੀ ਕਿਸੇ ਲੇਖੇ 'ਚ ਸ਼ਾਮਿਲ ਹੋਵੇ ।

ਜ਼ਿੰਦਗੀ ਇਕ ਸਫ਼ਰ ਹੈ ਸੁਹਾਨਾ
ਜਹਾਂ ਕੱਲ੍ਹ ਕਿਆ ਹੋ ਕਿਸ ਨੇ ਜਾਨਾ
ਮੌਤ ਆਨੀ ਹੈ ਆਏਗੀ ਇਕ
ਇਨ ਬਾਤੋ ਸੇ ਹੈ ਕਿਆ ਘਬਰਾਨਾ

ਹੁਣ ਕਲਮ ਦੇ ਸ਼ਬਦਾਂ ਨੂੰ ਅਤੇ ਜ਼ਿੰਦਗੀ ਦੇ ਅਰਥਾਂ ਨੂੰ ਵਿਸਥਾਰਨ ਦਾ ਕਾਰਜ ਤੁਹਾਡੇ ਤੇ ਛੱਡਦਾ ਹਾਂ....

---

## ਪੁਸਤਕ ਚਰਚਾ

ਲੇਖਕ ਮੂਲ ਰੂਪ ਵਿਚ ਇਕ ਕਵੀ ਹੈ। ਉਸ ਦੇ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਚਾਰ ਸਫ਼ਰਨਾਮਿਆਂ ਤੋਂ ਇਲਾਵਾ ਦੋ ਆਲੋਚਨਾ ਤੇ ਇਕ ਸੰਪਾਦਤ ਅਭਿਨੰਦਨ ਗ੍ਰੰਥ ਵੀ ਉਹ ਛਪਵਾ ਚੁੱਕਾ ਹੈ। ਅਨੁਵਾਦ ਕਾਰਜ ਨਾਲ ਵੀ ਉਹ ਜੁੜਿਆ ਹੋਇਆ ਹੈ। ਬਹੁਪੱਖੀ ਕੰਮਾਂ ਨੂੰ ਅੰਜਾਮ ਦੇਣ ਵਾਲਾ ਇਹ ਸ਼ਖ਼ਸ ਹੁਣ ਵਿਭਿੰਨ ਸ਼ਖ਼ਸੀਅਤਾਂ ਦੇ ਸ਼ਬਦ ਚਿੱਤਰ ਲੈ ਕੇ ਸਾਡੇ ਕੋਲ ਆ ਰਿਹਾ ਹੈ। 'ਸੰਗੀਤ, ਸਾਹਿਤ ਅਤੇ ਸਿਆਸਤ ਦੀ ਤ੍ਰਿਵੈਣੀ ਸੰਤ ਘੁੰਨਸ' ਨਾਮੀ ਰੇਖਾ ਚਿੱਤਰ ਵਿਚ ਉਸ ਨੇ ਇਕ ਸੰਤ-ਸੁਭਾਅ ਬੰਦੇ ਦਾ ਜ਼ਿਕਰ ਬਾਖ਼ੂਬੀ ਕੀਤਾ ਹੈ ਚੂੰਕਿ ਉਹ ਕੇਵਲ ਇਕ ਮਹਾਂਪੁਰਖ ਹੀ ਨਹੀਂ ਬਲਕਿ ਇਕ ਕਵੀ ਤੇ ਸਿਆਸਤਦਾਨ ਵੀ ਹੈ।

ਪੁਸਤਕ ਵਿਚ ਸ਼ਾਮਲ ਸਰਲ ਸਾਹਿਤਕ ਭਾਸ਼ਾ ਵਿਚ ਲਿਖੇ ਲੇਖਾਂ ਵਿਚ ਕੁਝ ਖ਼ਾਸ ਨਾਂ ਸ਼ਾਮਲ ਕੀਤੇ ਗਏ ਹਨ, ਮਸਲਨ ਪ੍ਰੋ. ਮੋਹਨ ਸਿੰਘ, ਓਮ ਪ੍ਰਕਾਸ਼ ਗਾਸੋ, ਕਰਨੈਲ ਸਿੰਘ ਪਾਰਸ, ਸੰਤ ਰਾਮ ਉਦਾਸੀ ਤੇ ਜੋਗਿੰਦਰ ਸਿੰਘ ਨਿਰਾਲਾ। ਪ੍ਰੌੜ ਵਿਅੰਗਕਾਰ ਨਿਰੰਜਨ ਸਿੰਘ ਸ਼ਰਮਾ ਬਾਰੇ ਵੀ ਉਸ ਚੰਗੀਆਂ-ਚੰਗੀਆਂ ਗੱਲਾਂ ਕੀਤੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਜਾਣੇ ਪਛਾਣੇ ਚਿਹਰੇ, ਕਲਮਾਂ ਨੂੰ ਥਾਂ ਦਿੱਤੀ ਗਈ ਹੈ-ਕੰਵਰਜੀਤ ਭੱਠਲ, ਚਰਨ ਕੌਸ਼ਲ, ਪ੍ਰੀਤ ਮਹਿੰਦਰ ਤਿਵਾੜੀ, ਗੁਰਚਰਨ ਸਿੰਘ ਚਰਨ, ਅਜੀਤ ਸਿੰਘ ਪੱਖੋ, ਬੂਟਾ ਸਿੰਘ ਚੌਹਾਨ ਤੇ ਬਸੰਤ ਕੁਮਾਰ ਰਤਨ। ਸ਼ਬਦ ਚਿੱਤਰਾਂ ਨੂੰ ਸਿਰਲੇਖ ਵੀ ਢੁੱਕਵੇਂ ਤੇ ਜਚਵੇਂ ਦਿੱਤੇ ਗਏ ਹਨ-ਮਹਿਬੂਬ ਦੀ ਮੁੰਦਰੀ ਦਾ ਸੁੱਚਾ ਨਗ, ਅਸੂਲੀ ਲੜਾਈ ਲੜਨ ਦਾ ਆਦੀ, ਸਦਾ ਬਹਾਰ ਗੀਤਾਂ ਦਾ ਰਚੇਤਾ, ਕਵਿਤਾ ਦੀ ਪੱਕੀ ਗੜ੍ਹੀ ਆਦਿ ਪ੍ਰੰਤੂ ਤਿੰਨ ਕੁ ਲੇਖਕਾਂ ਦੇ ਕੇਵਲ ਨਾਂ ਦੇ ਕੇ ਹੀ ਸਾਰ ਲਿਆ ਹੈ, ਸ਼ਬਦਾਂ ਨਾਲ ਟਾਈਟਲ ਨਹੀ ਸ਼ਿੰਗਾਰੇ ਗਏ।

ਇਸ ਪੁਸਤਕ ਵਿਚ ਇਕ ਲੇਖਿਕਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ 'ਸਾਹਿਤ ਦੀ ਤਸੱਲੀ ਡਾ. ਸ਼ਰਨਜੀਤ ਕੌਰ। ਜਿੱਥੇ ਲੇਖਕ ਇਸ ਲੇਖਿਕਾ ਦੀ ਵਡਿਆਈ ਕਰਦਾ ਨਜ਼ਰ ਆਉਂਦਾ ਹੈ ਉੱਥੇ ਉਸ ਦੀ ਵਿਅਕਤੀਗਤ ਫ਼ਿਤਰਤ ਨੂੰ ਵੀ ਪਾਠਕਾਂ ਨਾਲ ਸਾਂਝਾ ਕਰਨ ਤੋਂ ਗੁਰੇਜ਼ ਨਹੀ ਕਰਦਾ। ਦਰਅਸਲ ਸ਼ਬਦ-ਕਰਤਾ ਜਿੱਥੇ ਕਿਤੇ ਵੀ ਕਿਸੇ ਕਲਮਕਾਰ ਦੇ ਧੁਰ ਅੰਦਰ ਤੀਕ ਲਹਿ ਜਾਂਦਾ ਹੈ ਉੱਥੇ ਹੀ ਉਹ ਵਧੇਰੇ ਸਫਲ ਹੁੰਦਾ ਜਾਪਦਾ ਹੈ, ਅਨਥਾ ਕੁਝ ਇਕ ਸ਼ਬਦ-ਚਿੱਤਰਾਂ ਦੇ ਸਾਧਾਰਨ ਲੇਖ ਬਣਨ ਦਾ ਖ਼ਦਸ਼ਾ ਬਰਕਰਾਰ ਰਹਿੰਦਾ ਹੈ।

ਹੱਥਲੀ ਪੁਸਤਕ ਦੇ ਰੇਖਾ ਚਿੱਤਰਾਂ ਨੂੰ ਪੜ੍ਹਕੇ ਪਾਠਕ ਦੀ ਪੁਸਤਕ ਵਿਚ ਸ਼ਾਮਲ ਲੇਖਕਾਂ ਨਾਲ ਨਿੱਜੀ ਸਾਂਝ ਬਣਦੀ ਨਜ਼ਰ ਆਉਂਦੀ ਹੈ। ਜਿੱਥੇ ਪਾਠਕ ਇਨ੍ਹਾਂ ਲੇਖਕਾਂ ਦੇ ਨਿੱਜੀ ਜੀਵਨ ਬਾਰੇ ਜਾਣਦਾ ਹੈ ਉੱਥੇ ਹੀ ਉਨ੍ਹਾਂ ਦੇ ਸਾਹਿਤਕ ਜੀਵਨ ਦੀ ਜਾਣਕਾਰੀ ਵੀ ਪ੍ਰਾਪਤ ਕਰਦਾ ਹੈ। ਸੀ ਮਾਰਕੰਡਾ ਦੀ ਹੱਥਲੀ ਸ਼ਬਦ ਚਿੱਤਰਾਂ ਦੀ ਪੁਸਤਕ ਉਸ ਦੀ ਸਾਹਿਤਕ ਪ੍ਰਾਪਤੀ ਕਹੀ ਜਾ ਸਕਦੀ ਹੈ। ਕੁਲ ਮਿਲਾ ਕੇ ਲੇਖਕ ਦਾ ਇਹ ਯਤਨ ਸਾਰਥਕ ਹੈ ਅਤੇ ਪਾਠਕ ਦੀ ਲਗਪਗ ਤਸੱਲੀ ਹੋ ਜਾਂਦੀ ਹੈ।



ਬੇਸ਼ਕ ਗੁਰੂ ਸਾਹਿਬਾਨ ਬਾਰੇ ਪਹਿਲਾਂ ਵੀ ਖੋਜ ਕਾਰਜ ਹੋਏ ਹਨ ਤੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਇਹ ਪੁਸਤਕ ਨੌਂਵੇਂ ਗੁਰੂ ਤੇਗ ਬਹਾਦਰ ਜੀ ਦੇ ਸੰਦਰਭ ਵਿਚ ਲੇਖਕ ਦੀ ਲਗਨ ਤੇ ਮਿਹਨਤ ਦੇ ਨਤੀਜੇ ਵਜੋਂ ਪਾਠਕਾਂ ਸਨਮੁੱਖ ਹੁੰਦੀ ਹੈ। ਮੌਕਾ ਮੇਲ ਦੇਖੋ ਕਿ ਨੌਂਵੇਂ ਗੁਰੂ ਜੀ ਬਾਰੇ ਇਸ ਪੁਸਤਕ ਦੇ ਵੀ ਨੌਂ ਖੰਡ ਹਨ। ਪਹਿਲਾ ਲੇਖ ਹੈ-ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਸ਼ਹਾਦਤ। ਲੇਖਕ ਆਰੰਭ ਵਿਚ ਹੀ ਗੁਰੂ ਸਾਹਿਬ ਨੂੰ ਇਕ ਮਹਾਨ ਮਨੋਵਿਗਿਆਨੀ ਵਜੋਂ ਪੇਸ਼ ਕਰਦਾ ਹੈ, ਕਿਉਂਕਿ ਉਹ ਆਪਣੇ ਜੀਵਨ ਦੇ ਸੱਚ ਨੂੰ ਧੁਰ ਅੰਦਰ ਜਾਣਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਮਾਰਗ ਵਿਚ ਮਨੁੱਖੀ ਮਨੋਬਿਰਤੀਆਂ ਦੀ ਤਰਲਤਾ ਤੇ ਫਿਸਲਣ ਦਾ ਚੰਗੀ ਤਰ੍ਹਾਂ ਅਧਿਐਨ, ਵਿਸ਼ਲੇਸ਼ਣ ਕੀਤਾ ਹੋਇਆ ਸੀ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਦਾਚਾਰਕ ਜੀਵਨ-ਜਾਚ ਲੇਖ ਵਿਚ ਸਦਾਚਾਰ ਦੇ ਵਿਭਿੰਨ ਪਹਿਲੂਆਂ 'ਤੇ ਚਰਚਾ ਕੀਤੀ ਗਈ ਹੈ। ਸਦਾਚਾਰ ਮਨੁੱਖੀ ਜੀਵਨ ਨੂੰ ਆਤਮਿਕ ਤੇ ਅਧਿਆਤਮਕ ਪੱਧਰ 'ਤੇ ਉੱਚਾ ਸੁੱਚਾ ਬਣਾਉਣ ਲਈ ਇਕ ਪਵਿੱਤਰ ਜੀਵਨ ਜਾਚ ਦਾ ਨਾਮ ਹੈ। ਵਿਗਿਆਨ ਆਪਣੇ ਪੱਧਰ 'ਤੇ ਖੋਜਾਂ ਕਰਦਾ ਹੈ ਤੇ ਆਪਣੀ ਪਹੁੰਚ ਬਣਾਉਣ ਦੇ ਆਹਰ ਵਿਚ ਰਹਿੰਦਾ ਹੈ। ਬੁੱਧ ਧਰਮ ਮੋਕਸ਼ ਜਾਂ ਨਿਰਵਾਣ ਦੀਆਂ ਚਾਰ ਹਕੀਕਤਾਂ ਨੂੰ ਦਰਸਾਉਂਦਾ ਹੈ। ਗੁਰੂ ਜੀ ਨੇ ਜੀਵਨ ਦੀ ਮੁਕਤੀ ਲਈ ਸਿਮਰਨ 'ਤੇ ਜ਼ੋਰ ਦਿੱਤਾ ਹੈ ਚੂੰਕਿ ਸ਼ੁਧ ਤੇ ਨਿਰਮਲ ਮਨ ਨਾਲ ਹੀ ਭਗਤੀ ਹੁੰਦੀ ਹੈ ਤੇ ਸਿਮਰਨ ਵੀ। ਕੁਲ ਮਿਲਾ ਕੇ ਇਹ ਯਕੀਨ ਨਾਲ ਕਹਿ ਸਕਦੇ ਹਾਂ ਕਿ ਲੇਖਕ ਨੇ ਆਪਣੀ ਖੋਜ, ਮਿਹਨਤ ਤੋਂ ਇਲਾਵਾ ਵਿਦਵਾਨਾਂ ਦੇ ਹਵਾਲਿਆਂ ਨਾਲ ਨਿਬੰਧ ਰਚਨਾ ਕਰਦਿਆਂ ਇਕ ਪੁਸਤਕ ਨੂੰ ਅਯਾਮ ਦਿੱਤਾ ਹੈ, ਜਿਸ ਦਾ ਪਾਠ ਧਾਰਮਿਕ ਬਿਰਤੀ ਵਾਲਿਆਂ ਲਈ ਤਾਂ ਸਹਾਈ ਹੋਵੇਗਾ ਹੀ ਬਲਕਿ ਅਧਿਆਤਮਕਤਾ ਦੇ ਸੰਦਰਭ ਵਿਚ ਤੇ ਖ਼ਾਸ ਕਰ ਕੇ ਗੁਰੂ ਸਾਹਿਬ ਦੇ ਜੀਵਨ ਤੇ ਲਕਸ਼ ਨੂੰ ਜਾਣਨ, ਸਮਝਣ ਵਾਲੇ ਵਿਦਿਆਰਥੀਆਂ ਲਈ ਇਹ ਪੁਸਤਕ ਬਹੁਤ ਉਪਯੋਗੀ ਸਾਬਤ ਹੋਵੇਗੀ।

ਪੁਸਤਕ ਦੇ ਟਾਈਟਲ ਤੋਂ ਹੀ ਜ਼ਾਹਿਰ ਹੋ ਜਾਂਦਾ ਹੈ ਕਿ ਇਸ ਵਿਚ ਕੀ ਕੁਝ ਸ਼ਾਮਲ ਕੀਤਾ ਗਿਆ ਹੋਵੇਗਾ। ਅਜਿਹੀਆਂ ਕਿਤਾਬਾਂ ਪਹਿਲਾਂ ਵੀ ਆਪੋ ਆਪਣੇ ਹਿਸਾਬ ਨਾਲ ਛਪਦੀਆਂ ਰਹੀਆਂ ਹਨ। ਸ਼ੌਕ ਦਾ ਕੋਈ ਮੁੱਲ ਨਹੀ ਹੁੰਦਾ ਤੇ ਮਿਹਨਤ ਜਿੰਨੀ ਵੀ ਕਰ ਲਈ ਜਾਵੇ ਥੋੜ੍ਹੀ ਹੁੰਦੀ ਹੈ। ਇਹ ਪੁਸਤਕ ਵੀ ਲੇਖਿਕਾ ਦੇ ਲਗਾਓ ਤੇ ਮਿਹਨਤ ਦਾ ਹੀ ਨਤੀਜਾ ਹੈ। ਪੁਸਤਕ ਨੂੰ ਤੇਰਾਂ ਭਾਗਾਂ ਵਿਚ ਵੰਡਿਆ ਗਿਆ ਹੈ-ਘੋੜੀਆਂ, ਸੁਹਾਗ, ਬੋਲੀਆਂ, ਗੀਤ, ਸੁੰਨੇ ਘਰ, ਸੁਪਨਾ ਆਦਿਕ। ਪਹਿਲੇ ਭਾਗ ਵਿੱਚੋਂ ਇਕ ਵੰਨਗੀ ਪਾਠਕ ਪੜ੍ਹ ਸਕਦੇ ਹਨ-ਤਰਦੀ ਭੈਣ ਕਿ ਵੀਰਾ,ਘਰ ਨਹੀ ਆਂਵਦਾ ਮੇਰੇ, ਕੀ ਤੈਨੂੰ ਰਾਧਿਕਾ ਪਿਆਰੀ, ਕੀ ਤੈਨੂੰ ਪ੍ਰੇਮ ਦਾ ਰੋਗ।

ਨਾਨਕਿਆਂ ਦਾ ਮੇਲ ਆਇਆ, ਵਿਚ ਸਿੱਠਣੀਆਂ ਵੀ ਸਾਨੂੰ ਪੁਰਾਣੇ ਵੇਲਿਆਂ ਦਾ ਚੇਤਾ ਕਰਾ ਦਿੰਦੀਆਂ ਹਨ। ਸਾਡੇ ਸਮਿਆਂ ਤੇ ਸਾਡਿਆਂ ਤੋਂ ਪਹਿਲਿਆਂ ਨੂੰ ਗਿਆਤ ਹੋਵੇਗਾ ਜਦੋ ਵਿਆਹਾਂ ਸ਼ਾਦੀਆਂ ਤੇ ਕਿਵੇਂ ਦੇ ਗੀਤ ਗਾਏ ਜਾਂਦੇ ਸਨ ਤੇ ਕਿਸ ਪ੍ਰਕਾਰ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਸਨ।

ਮਾਂ ਦੀਆਂ ਬੋਲੀਆਂ,ਢੋਲਕੀ ਤੋਂ ਇਲਾਵਾ ਕੈਨੇਡਾ ਦੀਆਂ ਬੋਲੀਆਂ ਖ਼ਾਸ ਤਵੱਜੋ ਮੰਗਦੀਆਂ ਹਨ। ਲੇਖਿਕਾ ਕੈਨੇਡਾ ਵੱਸਦੀ ਹੈ ਇਸ ਲਈ ਉੱਥੋਂ ਦੇ ਪੰਜਾਬੀ ਸੱਭਿਆਚਾਰ ਨੂੰ ਵੀ ਉਹ ਨੇੜਿਓਂ ਤੱਕਦੀ ਹੈ ਅਤੇ ਆਪਣੇ ਤਜਰਬਿਆਂ ਨਾਲ ਕਾਵਿਕ-ਉਡਾਰੀ ਭਰਦੀ ਹੈ। ਸਰੀ ਸ਼ਹਿਰ ਵਿਚ ਮੇਲਾ ਲੱਗਿਆ, ਕੈਨੇਡਾ ਡੇਅ ਮਨਾਈਏ, ਬਈ ਹੱਸੀਏ,ਖੇਡੀਏ,ਖ਼ੁਸ਼ੀਆਂ ਮਨਾਈਏ ਦਿਲ ਕਿਸੇ ਦਾ ਨਾ ਦੁਖਾਈਏ। ਪੰਜਾਬੀ ਲੋਕ ਕਾਵਿ ਤੇ ਸੱਭਿਆਚਾਰ ਦੀ ਭਰਪੂਰਤਾ ਨਾਲ ਪਾਠਕ ਇਸ ਦਾ ਆਨੰਦ ਮਾਣੇਗਾ। ਪੁਸਤਕ ਦੇ ਟਾਈਟਲ ਤੇ ਤਿੰਨ ਹੁਸੀਨ ਔਰਤਾਂ ਦੀਆਂ ਫੋਟੋਆਂ ਇਸ ਦੀ ਫੱਬਤ ਵਿਚ ਵਾਧਾ ਕਰਦੀਆਂ ਨਜ਼ਰ ਆਉਂਦੀਆਂ ਹਨ। ਪ੍ਰੌੜ੍ਹ ਲੇਖਿਕਾ ਤੋਂ ਭਵਿੱਖ ਵਿਚ ਵੀ ਅਜਿਹੀਆਂ ਸੁਚੱਜੀਆਂ, ਸਾਰਥਕ ਪੁਸਤਕਾਂ ਦੀ ਉਮੀਦ ਰੱਖ ਸਕਦੇ ਹਾਂ। ਪੁਸਤਕ ਪੜ੍ਹਯੋਗ ਹੈ ਸੋ ਇਸ ਨੂੰ ਜੀ ਆਇਆ ਕਹਿਣਾ ਬਣਦਾ ਹੈ।

• ਸੁਖਮਿੰਦਰ ਸਿੰਘ ਸੇਖੋਂ



ਹੱਥਲਾ ਕਾਵਿ ਸੰਗ੍ਰਹਿ 'ਕਿਰਦਾਰ' ਗੁਰਦਰਸ਼ਨ ਸਿੰਘ ਗੁਸੀਲ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਉਸ ਨੇ ਇਸ ਸੰਗ੍ਰਹਿ ਵਿਚ ਗ਼ਜ਼ਲਾਂ, ਕਵਿਤਾਵਾਂ ਅਤੇ ਵਿਵਿਧ ਛੰਦ ਸ਼ਾਮਲ ਕੀਤੇ ਹਨ। ਪੁਸਤਕ ਦੀਆਂ ਰਚਨਾਵਾਂ ਪੜ੍ਹਕੇ ਅਹਿਸਾਸ ਹੁੰਦਾ ਹੈ ਕਿ ਗੁਸੀਲ ਕਵਿਤਾ ਦੇ ਕਲਾਤਮਿਕ ਪੱਖ ਤੋਂ ਭਲੀ-ਭਾਂਤ ਜਾਣੂ ਹੈ। ਉਸ ਨੂੰ ਅਰੂਜ਼ ਅਤੇ ਛੰਦ ਵਿਧਾਨ ਦਾ ਖਾਸਾ ਗਿਆਨ ਹੈ। ਉਸ ਦੇ ਵਿਚਾਰਾਂ ਦੀ ਉਡਾਰੀ ਵੀ ਲੰਮੇਰੀ ਤੇ ਉਚੇਰੀ ਹੈ। ਉਸ ਦੀ ਕਾਵਿ ਕਲਾ ਦਾ ਨਮੂਨਾ ਦੇਖੋ :

*ਹਾਸੇ ਅੰਦਰ ਦਰਦ ਵੀ ਕੋਈ*
*ਲੁਕਿਆ ਹੋ ਸਕਦੈ।*
*ਰੌਸ਼ਨ ਚਿਹਰਾ ਵੀ ਅੰਦਰ*
*ਬੁਝਿਆ ਹੋ ਸਕਦੈ।*
*ਨਸੀਅਤ ਤੇ ਉਹ ਚੱਲਣ*
*ਜਾਂ ਨਾ ਚੱਲਣ ਮਰਜ਼ੀ ਉਨ੍ਹਾਂ ਦੀ,*
*ਬਜ਼ੁਰਗਾਂ ਵੱਲੋਂ ਬੱਚਿਆਂ ਨੂੰ ਤਾਂ*
*ਸਮਝਾਉਣਾ ਹੀ ਪੈਂਦਾ ਹੈ।*

ਗੁਸੀਲ ਦੀ ਕਵਿਤਾ ਵਿਚ ਆਧੁਨਿਕ ਮਨੁੱਖ ਦੀਆਂ ਹੋਣੀਆਂ ਦੀ ਵਿਆਖਿਆ ਅਤੇ ਉਸ ਦੇ ਆਚਾਰ-ਵਿਹਾਰ ਦੀ ਕਥਾ ਵੀ ਹੈ। ਗੁਸੀਲ ਦੀ ਕਵਿਤਾ ਬਾਰੇ ਅੰਮ੍ਰਿਤਪਾਲ ਸਿੰਘ ਸੈਦਾ ਲਿਖਦਾ ਹੈ, 'ਕਿਰਦਾਰ' ਕਾਵਿ ਸੰਗ੍ਰਹਿ ਦਾ ਕੇਂਦਰੀ ਸੁਰ ਮਨੁੱਖੀ ਆਚਰਣ ਦੇ ਉਸ ਮੀਰੀ ਗੁਣ ਦਾ ਹੋਕਾ ਦਿੰਦੀ ਪ੍ਰਤੀਤ ਹੁੰਦੀ ਹੈ ਜਿਸ ਗੁਣ ਰਾਹੀਂ ਮਨੁੱਖ ਨੇ ਆਦਮੀ ਤੋਂ ਇਨਸਾਨ ਤਕ ਦਾ ਸਫ਼ਰ ਤਹਿ ਕਰਦੇ ਸਮਾਜ ਦਾ ਉੱਤਮ ਮਨੁੱਖ ਬਣਨਾ ਹੁੰਦਾ ਹੈ। ਕਵੀ ਅਨੁਸਾਰ ਰੌਸ਼ਨ ਕਿਰਦਾਰ ਤੋਂ ਹੀਣਾ ਮਨੁੱਖ ਧਰਤੀ 'ਤੇ ਇਕ ਬੋਝ ਸਮਾਨ ਹੈ। ਸਮਾਜ ਦੇ ਮੱਥੇ 'ਤੇ ਇਕ ਕਲੰਕ ਵਾਂਗ ਹੈ।' ਸੋ ਗੁਸੀਲ ਦੀ ਕਵਿਤਾ ਮਨੁੱਖੀ ਕਿਰਦਾਰ ਦੀ ਬਾਤ ਪਾਉਂਦੀ ਹੋਈ ਉਸ ਦੇ ਆਚਾਰ-ਵਿਹਾਰ ਦੀ ਗੱਲ ਕਰਦੀ ਹੈ। ਉਸ ਦੀ ਕਵਿਤਾ ਇਨਸਾਨੀ ਦੁੱਖਾਂ-ਸੁੱਖਾਂ ਅਤੇ ਉਸ ਦੇ ਵਲਵਲਿਆਂ ਨਾਲ ਲਬਰੇਜ਼ ਹੈ। ਸਮਾਜ ਵਿਚ ਆ ਰਹੀਆਂ ਗਿਰਾਵਟਾਂ ਅਤੇ ਮਨੁੱਖੀ ਕਿਰਦਾਰ ਦਾ ਨਿੱਘਰ ਦੇ ਜਾਣਾ ਗੁਸੀਲ ਦੀ ਕਵਿਤਾ ਦੇ ਮੁੱਖ ਵਿਸ਼ੇ ਹਨ। ਪੁਸਤਕ ਦਾ ਆਖ਼ਰੀ ਪੰਨਿਆਂ 'ਤੇ ਗੁਸੀਲ ਦੇ ਮਾਣ-ਸਨਮਾਨ ਤੇ ਹੋਰ ਪੁਰਾਣੀਆਂ ਜੀਵਨ ਸਿਮਰਤੀਆਂ ਨਾਲ ਸਬੰਧਤ ਕੁਝ ਤਸਵੀਰਾਂ ਵੀ ਛਾਪੀਆਂ ਗਈਆਂ ਹਨ, ਇਹ ਤਸਵੀਰਾਂ ਉਸ ਦੇ ਜੀਵਨ ਬਾਰੇ ਚਾਨਣਾ ਪਾਉਂਦੀਆਂ ਹਨ।

• ਜਸਵਿੰਦਰ ਦੂਹੜਾ

# ਹੁਣ ਤੱਕ ਦੇ ਸਭ ਤੋਂ ਵੱਡੇ ਨਿਯੁਕਤੀ ਪੱਤਰ ਵੰਡ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ 2487 ਨੌਜਵਾਨਾਂ ਨੂੰ ਸਰਕਾਰੀ ਨੌਕਰੀ ਲਈ ਸੌਂਪੇ ਨਿਯੁਕਤੀ ਪੱਤਰ

## ਦੋ ਸਾਲਾਂ ਵਿੱਚ ਲਗਭਗ 43,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ

**ਸੰਗਰੂਰ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਹੁਣ ਤੱਕ ਦੇ ਸਭ ਤੋਂ ਵੱਡੇ ਨਿਯੁਕਤੀ ਪੱਤਰ ਵੰਡ ਸਮਾਰੋਹ ਦੌਰਾਨ 2487 ਨੌਜਵਾਨਾਂ ਨੂੰ ਸਰਕਾਰੀ ਨੌਕਰੀ ਲਈ ਨਿਯੁਕਤੀ ਪੱਤਰ ਸੌਂਪੇ ਜਿਸ ਨਾਲ ਪਿਛਲੇ ਦੋ ਸਾਲਾਂ ਵਿੱਚ ਲਗਭਗ 43000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।



ਸੰਗਰੂਰ ਵਿੱਚ ਲੱਡਾ ਕੋਠੀ ਵਿਖੇ 2487 ਨੌਜਵਾਨਾਂ ਨੂੰ ਨੌਕਰੀ ਪੱਤਰ ਸੌਂਪਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿੱਚੋਂ 1750 ਨੌਜਵਾਨਾਂ ਨੂੰ ਗ੍ਰਹਿ ਵਿਭਾਗ, 205 ਨੂੰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ, 39 ਨੂੰ ਮਾਲ ਵਿਭਾਗ, 60 ਨੂੰ ਆਬਕਾਰੀ ਵਿਭਾਗ, 421 ਨੂੰ ਸਥਾਨਕ ਸਰਕਾਰਾਂ ਵਿਭਾਗ, ਚਾਰ ਨੌਜਵਾਨਾਂ ਨੂੰ ਸਹਿਕਾਰਤਾ ਵਿਭਾਗ ਵਿੱਚ ਅਤੇ ਅੱਠ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਵਿਭਾਗ ਵਿੱਚ ਭਰਤੀ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਨੌਕਰੀ ਦਾ ਮਤਲਬ ਪੂਰੇ ਪਰਿਵਾਰ ਦੇ ਜੀਵਨ ਜਿਉਣ ਦੇ ਸਲੀਕੇ ਵਿੱਚ ਗੁਣਾਤਮਕ ਤਬਦੀਲੀ ਆ ਜਾਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 16 ਮਾਰਚ, 2022 ਨੂੰ ਆਪਣਾ ਅਹੁਦਾ ਸੰਭਾਲਿਆ ਸੀ ਅਤੇ ਉਦੋਂ ਤੋਂ ਹੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਹਿਲਾਂ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਰਾਹੀਂ ਨੌਕਰੀਆਂ ਦਿੱਤੀਆਂ ਜਾਂਦੀਆਂ ਸਨ ਪਰ ਹੁਣ ਨੌਕਰੀਆਂ ਸਿਰਫ ਤੇ ਸਿਰਫ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਜਾਂਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ 'ਮਿਸ਼ਨ ਰੋਜ਼ਗਾਰ' ਨਾਲ ਨੌਜਵਾਨਾਂ ਦੇ ਮਨਾਂ ਵਿੱਚ ਪੈਦਾ ਹੋਈ ਨਕਾਰਾਤਮਕ ਭਾਵਨਾ ਦੂਰ ਕਰਨ ਵਿੱਚ ਮਦਦ ਮਿਲੀ ਹੈ ਜਿਸ ਕਾਰਨ ਉਨ੍ਹਾਂ ਨੇ ਹੁਣ ਵਿਦੇਸ਼ ਜਾਣ ਦਾ ਵਿਚਾਰ ਤਿਆਗ ਦਿੱਤਾ ਹੈ ਅਤੇ ਉਲਟਾ ਵਿਦੇਸ਼ ਗਏ ਪੰਜਾਬ ਦੇ ਨੌਜਵਾਨਾਂ ਵਿੱਚ 'ਵਤਨ ਵਾਪਸੀ' ਦਾ ਦੌਰ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ, ਜੇਕਰ ਦੋ ਸਾਲਾਂ ਵਿੱਚ 43,000 ਦੇ ਕਰੀਬ ਨੌਕਰੀਆਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨੌਜਵਾਨਾਂ ਦੀ ਭਲਾਈ ਲਈ ਪਿਛਲੇ 75 ਸਾਲਾਂ ਵਿੱਚ ਅਜਿਹਾ ਕਿਉਂ ਨਹੀਂ ਕੀਤਾ ਗਿਆ। ਮੈਂ ਸਿਸਟਮ ਨੂੰ ਸੁਧਾਰਨ ਅਤੇ ਸੂਬੇ ਦੇ ਵਿਕਾਸ ਵਿੱਚ ਨੌਜਵਾਨ ਵਰਗ ਨੂੰ ਸਰਗਰਮ ਭਾਈਵਾਲ ਬਣਾਉਣ ਦੇ ਰਾਹ ਉਤੇ ਤੁਰਿਆ ਹੋਇਆ ਹਾਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਿਭਾਗਾਂ ਵਿੱਚ ਖਾਲੀ ਹੁੰਦੇ ਸਾਰ ਹੀ ਸਾਰੀਆਂ ਅਸਾਮੀਆਂ ਭਰ ਦਿੰਦੀ ਹੈ ਤਾਂ ਕਿ ਨੌਜਵਾਨਾਂ ਨੂੰ ਰੋਜ਼ਗਾਰ ਹਾਸਲ ਹੋ ਸਕੇ।

ਉਨ੍ਹਾਂ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇੱਕ ਠੋਸ ਵਿਧੀ ਅਪਣਾਈ ਗਈ ਹੈ ਜਿਸ ਕਾਰਨ ਇਨ੍ਹਾਂ 43,000 ਦੇ ਕਰੀਬ ਨੌਕਰੀਆਂ ਵਿੱਚੋਂ ਇੱਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ।

# ਧਾਰਾ 370 ਹਟਣ ਤੋਂ ਬਾਅਦ ਜੰਮੂ ਕਸ਼ਮੀਰ ਛੂਹ ਰਿਹੈ ਵਿਕਾਸ ਦੀਆਂ ਨਵੀਆਂ ਉੱਚਾਈਆਂ : ਨਰਿੰਦਰ ਮੋਦੀ

**ਸ੍ਰੀਨਗਰ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਵੀਰਵਾਰ ਨੂੰ ਸ੍ਰੀਨਗਰ ਵਿਚ ਕਸ਼ਮੀਰੀ ਨਾਗਰਿਕਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਕੁਝ ਸਿਆਸੀ ਪਰਿਵਾਰ ਹਮੇਸ਼ਾ 370 ਦੇ ਨਾਂ 'ਤੇ ਫਾਇਦਾ ਚੁੱਕਦੇ ਰਹੇ ਅਤੇ ਕਾਂਗਰਸ ਗੁੰਮਰਾਹ ਕਰਦੀ ਰਹੀ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕੀਤੇ ਜਾਣ ਤੋਂ ਬਾਅਦ ਜੰਮੂ ਕਸ਼ਮੀਰ ਵਿਕਾਸ ਦੀਆਂ ਨਵੀਆਂ ਉੱਚਾਈਆਂ ਨੂੰ ਛੂਹ ਰਿਹਾ ਹੈ ਅਤੇ ਆਜ਼ਾਦ ਰੂਪ ਨਾਲ ਸਾਹ ਲੈ ਰਿਹਾ ਹੈ। ਪੀ.ਐੱਮ. ਮੋਦੀ ਨੇ ਕਿਹਾ,"ਧਰਤੀ 'ਤੇ ਸਵਰਗ ਆਉਣ ਦਾ ਇਹ ਅਹਿਸਾਸ ਅਨੋਖਾ ਹੈ। ਅਸੀਂ ਦਹਾਕਿਆਂ ਤੋਂ ਇਸ ਨਵੇਂ ਜੰਮੂ-ਕਸ਼ਮੀਰ ਦੀ ਉਡੀਕ ਕਰ ਰਹੇ ਸੀ।" ਉਨ੍ਹਾਂ ਨੇ ਕਸ਼ਮੀਰੀ ਨਾਗਰਿਕਾਂ ਨੂੰ ਕਿਹਾ,"ਮੋਦੀ ਕਸ਼ਮੀਰੀਆਂ ਦੇ ਪਿਆਰ ਦੇ ਇਸ ਕਰਜ਼ ਨੂੰ ਚੁਕਾਉਣ ਲਈ ਕੋਈ ਕਸਰ ਨਹੀਂ ਛੱਡੇਗਾ। 2014 ਦੇ ਬਾਅਦ ਮੈਂ ਜਦੋਂ ਵੀ ਆਇਆ, ਮੈਂ ਇਹੀ ਕਿਹਾ ਕਿ ਮੈਂ ਇਹ ਮਿਹਨਤ ਤੁਹਾਡਾ ਦਿਲ ਜਿੱਤਣ ਲਈ ਕਰ ਰਿਹਾ ਹਾਂ ਅਤੇ ਮੈਂ ਦਿਨੋਂ-ਦਿਨ ਦੇਖ ਰਿਹਾ ਹਾਂ ਕਿ ਤੁਹਾਡਾ ਦਿਲ ਜਿੱਤਣ ਦੀ ਸਹੀ ਦਿਸ਼ਾ 'ਚ ਮੈਂ ਜਾ ਰਿਹਾ ਹਾਂ।" ਪੀ.ਐੱਮ. ਮੋਦੀ ਨੇ ਕਿਹਾ ਕਿ ਇੱਥੋਂ ਦੀਆਂ ਝੀਲਾਂ 'ਚ ਜਗ੍ਹਾ-ਜਗ੍ਹਾ ਕਮਲ ਦੇਖਣ ਨੂੰ ਮਿਲਦੇ ਹਨ। 50 ਸਾਲ ਪਹਿਲੇ ਬਣੇ ਜੰਮੂ ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਦੇ ਲੋਕਾਂ 'ਚ ਵੀ ਕਮਲ ਹੈ। ਇਹ ਸੁਖ਼ਦ ਇਤਫ਼ਾਰਕ ਹੈ ਜਾਂ



ਕੁਦਰਤ ਦਾ ਕੋਈ ਇਸ਼ਾਰਾ ਹੈ ਕਿ ਭਾਜਪਾ ਦਾ ਚਿੰਨ੍ਹ ਵੀ ਕਮਲ ਹੈ ਅਤੇ ਕਮਲ ਨਾਲ ਜੰਮੂ ਕਸ਼ਮੀਰ ਦਾ ਡੂੰਘਾ ਰਿਸ਼ਤਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਮੂ ਕਸ਼ਮੀਰ 'ਚ ਸੈਰ-ਸਪਾਟੇ ਦੇ ਨਾਲ ਹੀ ਖੇਤੀਬਾੜੀ ਅਤੇ ਖੇਤੀ ਉਤਪਾਦਾਂ ਦੀ ਤਾਕਤ ਵੀ ਹੈ। ਜੰਮੂ ਕਸ਼ਮੀਰ ਦੀ ਕੇਸਰ, ਸੇਬ, ਇੱਥੋਂ ਦੇ ਮੇਵੇ, ਜੰਮੂ ਕਸ਼ਮੀਰ ਦੀ ਚੈਰੀ, ਜੰਮੂ ਕਸ਼ਮੀਰ ਆਪਣੇ ਆਪ 'ਚ ਹੀ ਇੰਨਾ ਵੱਡਾ ਬਰਾਂਡ ਹੈ। ਜਦੋਂ ਇਰਾਦੇ ਨੇਕ ਹੋਣ ਤਾਂ ਸੰਕਲਪ ਨੂੰ ਸਿੱਧ ਕਰਨ ਦਾ ਜਜ਼ਬਾ ਹੋਵੇ ਤਾਂ ਫਿਰ ਨਤੀਜੇ ਵੀ ਮਿਲਦੇ ਹਨ। ਪੂਰੀ ਦੁਨੀਆ ਨੇ ਦੇਖਿਆ ਕਿ ਕਿਵੇਂ ਇੱਥੇ ਜੰਮੂ ਕਸ਼ਮੀਰ 'ਚ ਜੀ-20 ਦਾ ਸ਼ਾਨਦਾਰ ਆਯੋਜਨ ਹੋਇਆ। ਅੱਜ ਇੱਥੇ ਜੰਮੂ ਕਸ਼ਮੀਰ 'ਚ ਸੈਰ-ਸਪਾਟੇ ਦੇ ਸਾਰੇ ਰਿਕਾਰਡ ਟੁੱਟ ਰਹੇ ਹਨ। ਇਕੱਲੇ 2023 'ਚ ਹੀ 2 ਕਰੋੜ ਤੋਂ ਜ਼ਿਆਦਾ ਸੈਲਾਨੀ ਇੱਥੇ ਆਏ ਹਨ।

**6400 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ**

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜੰਮੂ ਕਸ਼ਮੀਰ ਦੇ ਨੌਜਵਾਨ ਉੱਦਮੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਇਕ ਸ਼ਹਿਦ ਦਾ ਬਿਜ਼ਨੈੱਸ ਕਰਨ ਵਾਲੇ ਨੌਜਵਾਨ ਅਤੇ ਬੇਕਰੀ ਦਾ ਬਿਜ਼ਨੈੱਸ ਕਰਨ ਵਾਲੀ ਇਕ ਕੁੜੀ ਨਾਲ ਗੱਲ ਕੀਤੀ। ਬਖ਼ਸ਼ੀ ਸਟੇਡੀਅਮ 'ਚ ਜਨ ਸਭਾ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ 6400 ਕਰੋੜ ਰੁਪਏ ਦੇ ਕਈ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਪੀ.ਐੱਮ. ਦੇ ਦੌਰੇ ਤੋਂ ਪਹਿਲਾਂ ਸਕਿਓਰਿਟੀ ਨੂੰ ਧਿਆਨ 'ਚ ਰੱਖਦੇ ਹੋਏ ਸ੍ਰੀਨਗਰ 'ਚ ਛੋਟੀਆਂ ਸੜਕਾਂ ਨੂੰ ਵੀ ਸੀਲ ਕਰ ਦਿੱਤਾ ਗਿਆ। 24 ਘੰਟੇ ਪਹਿਲਾਂ ਹੀ ਸਟੇਡੀਅਮ ਦੇ ਬਾਹਰ ਬੈਰੀਕੇਡਿੰਗ ਕਰ ਦਿੱਤੀ ਗਈ। ਕਸ਼ਮੀਰ 'ਚ ਇੰਨੀ ਵੱਡੀ ਜਨਸਭਾ ਹਾਲ-ਫਿਲਹਾਲ 'ਚ ਨਹੀਂ ਦੇਖੀ ਗਈ।

# ਭਾਰਤੀ ਜੰਗੀ ਬੇੜੇ ਨੇ ਅਦਨ ਦੀ ਖਾੜੀ 'ਚ ਮਿਜ਼ਾਈਲ ਹਮਲੇ ਦੇ ਸ਼ਿਕਾਰ ਜਹਾਜ਼ ਦੇ ਅਮਲੇ ਨੂੰ ਬਚਾਇਆ



**ਨਵੀਂ ਦਿੱਲੀ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜੰਗੀ ਬੇੜੇ ਆਈਐੱਨਐੱਸ ਕੋਲਕਾਤਾ ਨੇ ਅਦਨ ਦੀ ਖਾੜੀ 'ਚ ਬਾਰਬਾਡੋਸ ਦੇ ਝੰਡੇ ਵਾਲੇ ਮਾਲਵਾਹਕ ਜਹਾਜ਼ 'ਤੇ ਮਿਜ਼ਾਈਲ ਹਮਲੇ ਤੋਂ ਬਾਅਦ ਜਹਾਜ਼ 'ਚੋਂ ਇਕ ਭਾਰਤੀ ਨਾਗਰਿਕ ਸਮੇਤ ਚਾਲਕ ਦਲ ਦੇ 21 ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਹੈ। ਮਿਜ਼ਾਈਲ ਹਮਲੇ ਕਾਰਨ ਬੁੱਧਵਾਰ ਨੂੰ ਵਪਾਰਕ ਜਹਾਜ਼ ਐੱਮਵੀ ਟਰੂ ਕਾਨਫੀਡੈਂਸ ਵਿੱਚ ਅੱਗ ਲੱਗ ਗਈ, ਜਿਸ ਕਾਰਨ ਚਾਲਕ ਦਲ ਦੇ ਮੈਂਬਰਾਂ ਨੂੰ ਜਹਾਜ਼ ਵਿੱਚੋਂ ਭੱਜਣਾ ਪਿਆ।

ਜਲ ਸੈਨਾ ਦੇ ਬੁਲਾਰੇ ਕਮਾਂਡਰ ਵਿਵੇਕ ਮਧਵਾਲ ਨੇ ਦੱਸਿਆ ਕਿ ਅਦਨ ਦੀ ਖਾੜੀ ਵਿੱਚ ਸਮੁੰਦਰੀ ਸੁਰੱਖਿਆ ਕਾਰਜਾਂ ਲਈ ਤਾਇਨਾਤ ਆਈਐੱਨਐੱਸ ਕੋਲਕਾਤਾ ਸ਼ਾਮ 4.45 ਵਜੇ ਮੌਕੇ 'ਤੇ ਪਹੁੰਚਿਆ ਅਤੇ ਆਪਣੇ ਹੈਲੀਕਾਪਟਰਾਂ ਅਤੇ ਕਿਸ਼ਤੀਆਂ ਦੀ ਵਰਤੋਂ ਕਰਦਿਆਂ ਭਾਰਤੀ ਨਾਗਰਿਕ ਸਮੇਤ ਚਾਲਕ ਦਲ ਦੇ 21 ਮੈਂਬਰਾਂ ਨੂੰ ਬਚਾਇਆ।

### ਅਦਨ ਦੀ ਖਾੜੀ 'ਚ ਹੂਤੀ ਬਾਗ਼ੀਆਂ ਦਾ ਵਪਾਰਕ ਜਹਾਜ਼ 'ਤੇ ਹਮਲਾ, 3 ਮੌਤਾਂ

**ਦੁਬਈ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਯਮਨ ਦੇ ਹੂਤੀ ਬਾਗੀਆਂ ਨੇ ਅਦਨ ਦੀ ਖਾੜੀ ਵਿਚ ਵਪਾਰਕ ਜਹਾਜ਼ 'ਤੇ ਮਿਜ਼ਾਈਲ ਨਾਲ ਹਮਲਾ ਕੀਤਾ, ਜਿਸ ਵਿਚ ਚਾਲਕ ਦਲ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ ਅਤੇ ਬਾਕੀਆਂ ਨੂੰ ਜਹਾਜ਼ ਤੋਂ ਭੱਜਣ ਲਈ ਮਜਬੂਰ ਕਰ ਦਿੱਤਾ ਗਿਆ। ਅਮਰੀਕੀ ਫੌਜ ਨੇ ਇਹ ਜਾਣਕਾਰੀ ਦਿੱਤੀ ਹੈ। ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਹਮਾਸ ਖ਼ਿਲਾਫ਼ ਜੰਗ ਛੇੜਨ ਤੋਂ ਬਾਅਦ ਹੂਤੀ ਬਾਗੀਆਂ ਵੱਲੋਂ ਇਹ ਪਹਿਲਾ ਅਜਿਹਾ ਹਮਲਾ ਹੈ, ਜਿਸ ਵਿੱਚ ਲੋਕਾਂ ਦੀਆਂ ਜਾਨਾਂ ਗਈਆਂ ਹਨ।

# ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਪਿੰਡ ਰਾਠੀਆਂ 'ਚ ਲਗਾਇਆ ਸੁਵਿਧਾ ਕੈਂਪ




**ਪਟਿਆਲਾ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਪਿੰਡ ਰਾਠੀਆਂ 'ਚ ਮੁੱਖ ਮੰਤਰੀ ਭਗਵੰਤ ਮਾਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਪ ਦੀ ਪੰਜਾਬ ਸਰਕਾਰ ਆਪ ਦੇ ਦੁਆਰ ਤਹਿਤ ਸੁਵਿਧਾ ਕੈਂਪ ਲਗਾਇਆ ਗਿਆ। ਜਿਸ ਦਾ ਪਿੰਡ ਵਾਸੀਆਂ ਨੇ ਸੁਵਿਧਾਵਾਂ ਲੈ ਕੇ ਲਾਭ ਉਠਾਇਆ। ਇਸ ਅਵਸਰ ਤੇ ਮੁੱਖ ਮਹਿਮਾਨ ਰਾਮਇਸਰ ਭਗਤ ਕਰਨਪੁਰ ਬਲਾਕ ਪ੍ਰਧਾਨ, ਪ੍ਰ. ਅਵਤਾਰ ਸਿੰਘ ਸੁਨਿਆਰਹੇੜੀ, ਪ੍ਰ. ਰਣਧੀਰ ਰਾਠੀਆਂ, ਡਾ ਮਲਕੀਤ ਅਤੇ ਸਮੂਹ ਪਿੰਡ ਵਾਸੀ ਮੌਜੂਦ ਰਹੇ।

ਇਸ ਮੌਕੇ ਸਥਾਨਕ ਨਿਵਾਸੀਆਂ ਨੇ ਭਗਵੰਤ ਸਿੰਘ ਸਰਕਾਰ ਦੀਆਂ ਬਹੁਤ ਤਰੀਫ਼ਾਂ ਕੀਤੀਆਂ।

ਇਸ ਸਰਕਾਰ ਦੇ ਆਉਣ ਨਾਲ ਆਮ ਲੋਕਾਂ ਨੂੰ ਬਹੁਤ ਫਾਇਦਾ ਪਹੁੰਚਿਆ ਹੈ।

# ਸੈਰ ਸਪਾਟੇ ਦੇ ਖੇਤਰ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਲਈ ਅਨਮੋਲ ਗਗਨ ਮਾਨ ਨੇ ਜਿੱਤਿਆ 'ਵੂਮੈਨ ਟੂਰਿਜਮ ਮਨਿਸਟਰ ਆਫ਼ ਯੀਅਰ



**ਚੰਡੀਗੜ੍ਹ/ਬਰਲਿਨ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਜਰਮਨੀ ਦੀ ਰਾਜਧਾਨੀ ਬਰਲਿਨ ਵਿਖੇ ਹੋਏ ਸੈਰ ਸਪਾਟਾ ਸਨਅਤ ਨਾਲ ਸਬੰਧਤ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ ਦੌਰਾਨ ਸੈਰ ਸਪਾਟੇ ਦੇ ਖੇਤਰ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਲਈ 'ਵੂਮੈਨ ਟੂਰਿਜਮ ਮਨਿਸਟਰ ਆਫ਼ ਯੀਅਰ ਖਿਤਾਬ ਜਿੱਤਿਆ ਹੈ। ਇਸ ਤੋਂ ਇਲਾਵਾ ਪੰਜਾਬ ਰਾਜ ਨੇ ਫਾਰਮ ਅਤੇ ਰੂਰਲ ਟੂਰਿਜਮ ਐਵਾਰਡ ਵੀ ਜਿੱਤਣ ਵਿਚ ਸਫ਼ਲਤਾ ਹਾਸਲ ਕੀਤੀ ਹੈ।

ਇਹ ਸਮਾਗਮ ਇੰਟਰਨੈਸ਼ਨਲ ਟੂਰਿਜਮ ਬੋਰਿਸ ਬਰਲਿਨ (ਆਈ.ਟੀ.ਬੀ.ਬਰਲਿਨ) ਅਤੇ ਦੀ ਪੈਸੇਫਿਕ ਏਰੀਆ ਟਰੈਵਲ ਰਾਈਟਰਜ ਐਸੋਸੀਏਸ਼ਨ (ਪਾਟਵਾ) ਵਲੋਂ ਸਾਂਝੇ ਤੌਰ ਤੇ ਕਰਵਾਏ ਗਏ ਇਸ 3 ਦਿਨਾਂ ਸਮਾਗਮ ਦੌਰਾਨ ਦੁਨੀਆ ਭਰ ਦੇ ਸੈਰ ਸਪਾਟਾ ਸਨਅਤ ਨਾਲ ਜੁੜੀਆਂ ਕੰਪਨੀਆਂ ਅਤੇ ਸੰਸਥਾਵਾਂ ਵਲੋਂ ਭਾਗ ਲਿਆ ਗਿਆ।

ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਰਾਜ ਵਿੱਚ ਸੈਰ ਸਪਾਟਾ ਸਨਅਤ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਲਈ ਇਹ ਸਨਮਾਨ ਜਿੱਤਿਆ।

ਸਨਮਾਨ ਹਾਸਲ ਕਰਨ ਉਪਰੰਤ ਅਨਮੋਲ ਗਗਨ ਮਾਨ ਨੇ ਕਿਹਾ ਕਿ ਪੰਜਾਬ ਰਾਜ ਵਿੱਚ ਸੈਰ ਸਪਾਟਾ ਸਨਅਤ ਨਾਲ ਸਬੰਧਤ ਬਹੁਤ ਸੰਭਾਵਨਾਵਾਂ ਹਨ ਜਿਸ ਨੂੰ ਸਿਰਫ਼ ਇੰਫਰਾਸਟ੍ਰੱਕਚਰ ਦੇਣ ਅਤੇ ਪ੍ਰਚਾਰਨ ਦੀ ਲੋੜ ਹੈ ਅਤੇ ਸਾਡੀ ਸਰਕਾਰ ਇਸੇ ਦਿਸ਼ਾ ਵਿਚ ਕੰਮ ਕਰ ਰਹੀ ਹੈ।

# ਪੰਜਾਬ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਮਾਡਿਊਲ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਮਿੱਥ ਕੇ ਕਤਲ ਦੀਆਂ ਸੰਭਾਵੀ ਘਟਨਾਵਾਂ ਨੂੰ ਕੀਤਾ ਅਸਫ਼ਲ; ਦੋ ਪਿਸਤੌਲਾਂ ਬਰਾਮਦ

**ਚੰਡੀਗੜ੍ਹ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਅਪਰਾਧ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਸੰਗਠਿਤ ਅਪਰਾਧਾਂ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਸਮਰਥਿਤ ਅੱਤਵਾਦੀ ਮਾਡਿਊਲ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਸੂਬੇ ਵਿੱਚ ਮਿੱਥ ਕੇ ਕਤਲ ਦੀਆਂ ਸੰਭਾਵੀ ਘਟਨਾਵਾਂ ਨੂੰ ਅਸਫ਼ਲ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਇਸ ਮਾਡਿਊਲ ਨੂੰ ਅਮਰੀਕਾ ਅਧਾਰਤ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ, ਜੋ ਅੱਤਵਾਦੀ ਨਾਮੀ ਹਰਵਿੰਦਰ ਸਿੰਘ ਉਰਫ ਰਿੰਦਾ ਦਾ ਕਰੀਬੀ ਸਹਿਯੋਗੀ ਹੈ ਅਤੇ ਉਸ ਦੇ ਸਾਥੀ, ਜਿਸ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਵਜੋਂ ਹੋਈ ਹੈ ਅਤੇ ਜੋ ਮੌਜੂਦਾ ਸਮੇਂ ਅਰਮੇਨੀਆ ਵਿੱਚ ਰਹਿ ਰਿਹਾ ਹੈ,




ਵੱਲੋਂ ਚਲਾਇਆ ਜਾ ਰਿਹਾ ਹੈ।

ਹੋਰ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਕੁਲਦੀਪ ਸਿੰਘ ਉਰਫ਼ ਘੁੱਗ ਵਾਸੀ ਪਿੰਡ ਬਿੱਤਲ ਝੁੱਗੀਆਂ ਅਤੇ ਅਵਤਾਰ ਸਿੰਘ ਉਰਫ਼ ਲਾਡੀ ਵਾਸੀ ਪਿੰਡ ਸੰਗੋਵਾਲ, ਜਲੰਧਰ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਦੋ .32 ਬੋਰ ਦੇ ਪਿਸਤੌਲ ਸਮੇਤ ਚਾਰ ਮੈਗਜ਼ੀਨ ਅਤੇ 30 ਜ਼ਿੰਦਾ ਕਾਰਤੂਸ ਬਰਾਮਦ ਕਰਨ ਤੋਂ ਇਲਾਵਾ ਇੱਕ ਸਪਲੈਂਡਰ ਮੋਟਰਸਾਈਕਲ (ਪੀ.ਬੀ.08 ਐੱਫ.ਈ. 3940), ਜਿਸ 'ਤੇ ਉਹ ਜਾ ਰਹੇ ਸਨ, ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਪੀ ਪਾਸੀਆ ਅਤੇ ਸ਼ਮਸ਼ੇਰ ਸ਼ੇਰਾ ਅੱਤਵਾਦੀ ਹਰਵਿੰਦਰ ਰਿੰਦਾ ਨਾਲ ਮਿਲ ਕੇ ਨੌਜਵਾਨਾਂ ਨੂੰ ਕੱਟੜਪੰਥੀ ਬਣਾ ਕੇ ਸੂਬੇ ਵਿੱਚ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਉਕਸਾਉਂਦੇ ਸਨ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਸੂਬੇ ਵਿੱਚ ਦਹਿਸ਼ਤ ਫੈਲਾਉਣ ਲਈ ਮਿੱਥ ਕੇ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ।

ਪੁਲਿਸ ਵੱਲੋਂ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਏਆਈਜੀ ਕਾਊਂਟਰ ਇੰਟੈਲੀਜੈਂਸ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਬੀ.ਕੇ.ਆਈ. ਮਾਡਿਊਲ ਦੇ ਮੈਂਬਰਾਂ ਵੱਲੋਂ ਮਿੱਥ ਕੇ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚਣ ਦੀ ਖੁਫੀਆ ਜਾਣਕਾਰੀ ਮਿਲੀ ਸੀ, ਜਿਸ 'ਤੇ ਕਾਰਵਾਈ ਕਰਦਿਆਂ ਸੀ.ਆਈ. ਜਲੰਧਰ ਦੀਆਂ ਪੁਲਿਸ ਟੀਮਾਂ ਨੇ ਇੱਕ ਸਪੈਸ਼ਲ ਆਪ੍ਰੇਸ਼ਨ ਚਲਾਇਆ ਅਤੇ ਮਹਿਤਪੁਰ ਵਿੱਚ ਵਿਸ਼ੇਸ਼ ਨਾਕਾ ਲਗਾ ਕੇ ਦੋਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ।

# ਈਡੀ ਦੀ ਤਾਜ਼ਾ ਸ਼ਿਕਾਇਤ 'ਤੇ ਅਦਾਲਤ ਨੇ ਕੇਜਰੀਵਾਲ ਨੂੰ 16 ਨੂੰ ਤਲਬ ਕੀਤਾ

**ਨਵੀਂ ਦਿੱਲੀ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਅਦਾਲਤ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਕਥਿਤ ਆਬਕਾਰੀ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਸੰਮਨ ਦੀ ਪਾਲਣਾ ਨਾ ਕਰਨ ਦੀ ਤਾਜ਼ਾ ਸ਼ਿਕਾਇਤ 'ਤੇ ਤਲਬ ਕੀਤਾ ਹੈ। ਵਧੀਕ ਚੀਫ਼ ਮੈਟਰੋਪੋਲੀਟਨ ਮੈਜਿਸਟਰੇਟ ਦਿਵਿਆ ਮਲਹੋਤਰਾ ਨੇ ਸ੍ਰੀ ਕੇਜਰੀਵਾਲ ਨੂੰ 16 ਮਾਰਚ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ



ਜਾਂਚ ਵਿੱਚ ਸੰਮਨ ਦੀ ਪਾਲਣਾ ਨਾ ਕਰਨ ਲਈ ਮੁੱਖ ਮੰਤਰੀ ਵਿਰੁੱਧ ਮੁਕੱਦਮਾ ਚਲਾਉਣ ਦੀ ਮੰਗ ਕਰਦਿਆਂ ਬੁੱਧਵਾਰ ਨੂੰ ਅਦਾਲਤ ਵਿੱਚ ਤਾਜ਼ਾ ਸ਼ਿਕਾਇਤ ਦਰਜ ਕੀਤੀ ਸੀ।

# ਭਾਜਪਾ ਨੇਤਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ, ਮੋਟਰਸਾਈਕਲ 'ਤੇ ਆਏ ਬਦਮਾਸ਼ਾਂ ਨੇ ਕੀਤੀ ਅੰਨ੍ਹੇਵਾਹ ਫਾਇਰਿੰਗ

**ਜੌਨਪੁਰ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ 'ਚ ਜੌਨਪੁਰ ਜ਼ਿਲ੍ਹੇ ਦੇ ਸਿਕਰਾਰਾ ਖੇਤਰ 'ਚ ਵੀਰਵਾਰ ਨੂੰ ਦਿਨਦਿਹਾੜੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਪ੍ਰਮੋਦ ਯਾਦਵ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

ਪੁਲਿਸ ਅਨੁਸਾਰ ਬੋਧਾਪੁਰ ਪਿੰਡ ਵਾਸੀ ਭਾਜਪਾ ਕਿਸਾਨ ਮੋਰਚਾ ਦੇ ਜ਼ਿਲ੍ਹਾ ਮੰਤਰੀ ਪ੍ਰਮੋਦ ਕੁਮਾਰ ਯਾਦਵ (52) ਨੂੰ ਸਵੇਰੇ ਕਰੀਬ 10 ਵਜੇ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਅੰਨ੍ਹੇਵਾਹ ਗੋਲੀਬਾਰੀ ਕਰ ਕੇ 7 ਗੋਲੀਆਂ ਮਾਰੀਆਂ। ਗੰਭੀਰ ਰੂਪ ਨਾਲ ਜ਼ਖ਼ਮੀ



ਪ੍ਰਮੋਦ ਯਾਦਵ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਭਿਜਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਘਟਨਾ ਦੀ ਸੂਚਨਾ ਮਿਲਦੇ ਹੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਪੁਸ਼ਪਰਾਜ ਸਿੰਘ ਸਮੇਤ ਭਾਜਪਾ ਦੇ ਹੋਰ ਅਹੁਦਾ ਅਧਿਕਾਰੀ ਤੁਰੰਤ ਹਸਪਤਾਲ ਪਹੁੰਚ ਗਏ, ਸਾਰਿਆਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਪੁਲਸ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਘਟਨਾ 'ਚ ਸ਼ਾਮਲ ਬਦਮਾਸ਼ਾਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਘਟਨਾ ਦਾ ਸਹੀ ਪਰਦਾਫਾਸ਼ ਕੀਤਾ ਜਾਵੇ। ਪੁਲਸ ਸੁਪਰਡੈਂਟ ਡਾ. ਅਜੇ ਪਾਲ ਸ਼ਰਮਾ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਇਸ ਕਤਲਕਾਂਡ ਦਾ ਜਲਦ ਖੁਲਾਸਾ ਕਰ ਕੇ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪਟਿਆਲਾ 'ਚ ਦਿਲ ਕੰਬਾਊ ਵਾਰਦਾਤ, 16 ਸਾਲਾ ਕੁੜੀ ਦਾ ਚਾਕੂ ਮਾਰ-ਮਾਰ ਕਤਲ, ਸਦਮੇ 'ਚ ਛੋਟੀ ਭੈਣ ਦੀ ਵੀ ਮੌਤ

## ਭਾਜਪਾ ਮਹਿਲਾ ਮੋਰਚੇ ਦੀ ਸੂਬਾਈ ਪ੍ਰਧਾਨ ਜੈਇੰਦਰ ਕੌਰ ਵੱਲੋਂ ਸਰਕਾਰ ਦੀ ਆਲੋਚਨਾ





**ਪਟਿਆਲਾ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਚ ਇਕ ਦਿਲ ਕੰਬਾਅ ਦੇਣ ਵਾਲੀ ਵਾਰਦਾਤ ਸਾਹਮਣੇ ਆਈ ਹੈ। ਜਿਸ ਵਿਚ ਇਕ 16 ਸਾਲਾ ਕੁੜੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ।

ਇਸ ਕਤਲ ਦੇ ਸਦਮੇ ਵਿਚ ਮ੍ਰਿਤਕ ਲੜਕੀ ਦੀ ਛੋਟੀ ਭੈਣ ਨੇ ਵੀ ਦਮ ਤੋੜ ਦਿੱਤਾ, ਜਿਸ ਦੀ ਉਮਰ ਲਗਭਗ 7 ਸਾਲ ਦੱਸੀ ਜਾ ਰਹੀ ਹੈ। ਇਹ ਵਾਰਦਾਤ ਪਟਿਆਲਾ ਕੋਤਵਾਲੀ ਥਾਣੇ ਅਧੀਨ ਆਉਂਦੇ ਸੰਜੇ ਕਲੋਨੀ ਦੀ ਹੈ, ਜਿੱਥੇ ਇਕ ਕੁੜੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਮਰਨ ਵਾਲੀ ਲੜਕੀ ਸਲਮਾ ਦੀ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਇਲਾਕੇ 'ਚ ਰਹਿਣ ਵਾਲਾ ਇਕ ਮੁੰਡਾ ਕੁੜੀ ਨਾਲ ਜ਼ਬਰਦਸਤੀ ਵਿਆਹ ਕਰਾਉਣਾ ਚਾਹੁੰਦਾ ਸੀ ਪਰ ਜਦੋਂ ਕੁੜੀ ਨੇ ਇਨਕਾਰ ਕਰ ਦਿੱਤਾ ਤਾਂ ਬੀਤੀ ਰਾਤ ਉਸ ਨੂੰ ਜ਼ਬਰਦਸਤੀ ਨਾਲ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ।

ਉਕਤ ਨੇ ਦੱਸਿਆ ਕਿ ਜਦੋਂ ਲੜਕੀ ਨੇ ਵਿਰੋਧ ਕੀਤਾ ਤਾਂ ਉਸ ਲੜਕੇ ਨੇ ਕੁੜੀ ਦੇ ਚਾਕੂ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਇਸ ਵਾਰਦਾਤ ਦੌਰਾਨ ਆਪਣੀ ਵੱਡੀ ਭੈਣ 'ਤੇ ਹੋਏ ਇਸ ਹਮਲੇ ਨੂੰ ਦੇਖ ਕੇ ਛੋਟੀ ਭੈਣ ਨੂੰ ਸਦਮਾ ਲੱਗ ਗਿਆ ਜਿਸ ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ? ਇਸ ਤਰ੍ਹਾਂ ਇਕੋ ਹੀ ਪਰਿਵਾਰ ਦੀਆਂ ਦੋਵੇਂ ਲੜਕੀਆਂ ਦੀ ਮੌਤ ਹੋ ਗਈ। ਦੂਜੇ ਪਾਸੇ ਐੱਸ. ਪੀ. ਸਿਟੀ ਪਟਿਆਲਾ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਇਸ ਮਾਮਲੇ 'ਚ ਪਰਚਾ ਦਰਜ ਕਰ ਲਿਆ ਗਿਆ ਹੈ। ਜਲਦ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਉਧਰ ਪੀੜਤ ਪਰਿਵਾਰ ਦੇ ਘਰ ਪਹੁੰਚੀ ਭਾਜਪਾ ਮਹਿਲਾ ਮੋਰਚੇ ਦੀ ਸੂਬਾਈ ਪ੍ਰਧਾਨ ਜੈਇੰਦਰ ਕੌਰ ਨੇ ਜਿੱਥੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਉੱਥੇ ਹੀ ਸਰਕਾਰ ਨੂੰ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮਹਿੰਗੀਆਂ ਗੱਡੀਆਂ ਖਰੀਦਣ ਦਾ ਕੀ ਫਾਇਦਾ, ਜਦੋਂ ਪੁਲੀਸ ਲੋਕਾਂ, ਇਥੋਂ ਤੱਕ ਬੱਚੇ-ਬੱਚੀਆਂ ਦੀ ਜਾਨ ਮਾਲ ਦੀ ਰੱਖਿਆ ਵੀ ਯਕੀਨੀ ਨਹੀਂ ਬਣਾ ਸਕਦੀ। ਦੂਜੇ ਬੰਨੇ ਥਾਣਾ ਕੁਤਵਾਲੀ ਦੇ ਐੱਸਐੱਚ ਓ ਇੰਸਪੈਕਟਰ ਹਰਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮੁਲਜ਼ਮਾਂ ਨੂੰ ਬਹੁਤ ਜਲਦੀ ਕਾਬੂ ਕਰ ਲਿਆ ਜਾਵੇਗਾ।

# ਫਗਵਾੜਾ ਪੁਲਸ ਦੀ ਵੱਡੀ ਕਾਰਵਾਈ, 7 ਪਿਸਤੌਲਾਂ ਤੇ 35 ਰੌਂਦਾਂ ਸਮੇਤ 3 ਵਿਅਕਤੀ ਗ੍ਰਿਫ਼ਤਾਰ

**ਚੰਡੀਗੜ੍ਹ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸ. ਐੱਸ. ਪੀ. ਕਪੂਰਥਲਾ ਵਤਸਲਾ ਗੁਪਤਾ ਦੇ ਹੁਕਮਾਂ 'ਤੇ ਜ਼ਿਲ੍ਹੇ 'ਚ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਫਗਵਾੜਾ ਪੁਲਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਵੱਡੀ ਗਿਣਤੀ 'ਚ ਨਾਜਾਇਜ਼ ਹਥਿਆਰਾਂ ਸਣੇ 3 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਨੌਜਵਾਨਾਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਪ੍ਰੈੱਸ ਕਾਨਫ਼ਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਵਤਸਲਾ ਗੁਪਤਾ ਨੇ ਦੱਸਿਆ ਕਿ ਐੱਸ. ਪੀ. ਰੁਪਿੰਦਰ ਕੌਰ ਭੱਟੀ ਅਤੇ ਡੀ. ਐੱਸ. ਪੀ. ਜਸਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਸੀ.ਆਈ.ਏ. ਸਟਾਫ਼ ਫਗਵਾੜਾ ਦੇ ਇੰਚਾਰਜ ਐੱਸ.ਆਈ. ਬਿਸਮਨ ਸਿੰਘ ਨੇ ਸਮੇਤ



ਪੁਲਸ ਪਾਰਟੀ ਨੈਸ਼ਨਲ ਹਾਈਵੇਅ 'ਤੇ ਗੰਸਪੁਰ ਕੱਟ ਕੋਲ ਨਾਕਾਬੰਦੀ ਕੀਤੀ ਹੋਈ ਸੀ।

ਪੁਲਸ ਪਾਰਟੀ ਨੇ ਇਸ ਦੌਰਾਨ ਆ ਰਹੀ ਇਕ ਸਵਿੱਫਟ ਨੂੰ ਰੋਕਿਆ, ਜਿਸ ਵਿਚ 3 ਨੌਜਵਾਨ ਸਵਾਰ ਸਨ। ਪੁਲਸ ਵੱਲੋਂ ਉਕਤ ਦਾ ਨਾਮ-ਪਤਾ ਪੁੱਛਿਆ ਤਾਂ ਉਨ੍ਹਾਂ ਨੇ ਆਪਣਾ ਨਾਮ ਸੁਖਵੰਤ ਸਿੰਘ ਉਰਫ਼ ਸੁੱਖਾ ਪੁੱਤਰ ਰੇਸ਼ਮ ਸਿੰਘ ਵਾਸੀ ਧੀਰਪੁਰ ਥਾਣਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਦਿਹਾਤੀ, ਰੌਸ਼ਨ ਸਿੰਘ ਹਰਰੋਸ਼ਨ ਨਾਥ ਪੁੱਤਰ ਸੁਖਦੇਵ ਸਿੰਘ ਵਾਸੀ ਵਾੜਾ ਭਾਈ ਥਾਣਾ ਗੱਲਖੁਰਦ ਥਾਣਾ ਬਾਵਲਾ ਜ਼ਿਲ੍ਹਾ ਫਿਰੋਜ਼ਪੁਰ ਅਤੇ ਅਜੇ ਕੁਮਾਰ ਉਰਫ਼ ਅੱਜੂ ਪੁੱਤਰ ਜੀਤ ਰਾਮ ਵਾਸੀ ਰਾਮਸਰ ਥਾਣਾ ਬਾਵਲਾ ਜ਼ਿਲ੍ਹਾ ਫਿਰੋਜ਼ਪੁਰ ਦੱਸਿਆ। ਐੱਸ. ਐੱਸ. ਪੀ. ਨੇ ਕਿਹਾ ਕਿ ਜਦੋਂ ਪੁਲਸ ਪਾਰਟੀ ਨੇ ਉਕਤ ਨੌਜਵਾਨਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 5 ਪਿਸਤੌਲ 32 ਬੋਰ, ਇਕ ਪਿਸਤੌਲ 30 ਬੋਰ, ਇਕ ਦੇਸੀ ਕੱਟਾ, 16 ਰੌਂਦ 32 ਬੋਰ ਅਤੇ 19 ਰੌਂਦ 30 ਬੋਰ ਦੇ ਬਰਾਮਦ ਕੀਤੇ ਗਏ। ਇਸ ਦੌਰਾਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਮੁਲਜ਼ਮਾਂ ਦਾ 5 ਦਿਨ ਦਾ ਪੁਲਸ ਰਿਮਾਂਡ ਦਿੱਤਾ ਗਿਆ ਹੈ। ਇਸ ਦੌਰਾਨ ਸਖ਼ਤ ਹਦਾਇਤਾਂ ਦਿੰਦੇ ਹੋਏ ਐੱਸ. ਐੱਸ. ਪੀ. ਵਤਸਲਾ ਗੁਪਤਾ ਨੇ ਕਿਹਾ ਕਿ ਜ਼ਿਲ੍ਹੇ 'ਚ ਗੈਰ-ਕਾਨੂੰਨੀ ਕੰਮ ਬਰਦਾਸ਼ਤ ਨਹੀਂ ਕੀਤੇ ਜਾਣਗੇ। ਅਜਿਹੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮਾੜੇ ਅਨਸਰਾਂ ਵਿਰੁੱਧ ਪੁਲਸ ਦੀ ਮੁਹਿੰਮ ਲਗਾਤਾਰ ਜਾਰੀ ਰਹੇਗੀ।

**ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਦਰਜ ਹਨ ਕਈ ਮਾਮਲੇ**

ਫਗਵਾੜਾ ਪੁਲਸ ਵੱਲੋਂ ਨਾਜਾਇਜ਼ ਹਥਿਆਰਾਂ ਸਣੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ 'ਚ ਕਈ ਮਾਮਲੇ ਦਰਜ ਹਨ। ਸੁਖਵੰਤ ਸਿੰਘ ਉਰਫ਼ ਸੁੱਖਾ ਦੇ ਖ਼ਿਲਾਫ਼ ਵੱਖ ਵੱਖ ਥਾਣਿਆਂ 'ਚ 7 ਮੁਕੱਦਮੇ, ਰੋਸ਼ਨ ਸਿੰਘ, ਹਰਰੋਸ਼ਨ ਨਾਥ ਦੇ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿਚ 13 ਮੁਕੱਦਮੇ ਅਤੇ ਅਜੇ ਕੁਮਾਰ ਉਰਫ਼ ਅੱਜ ਦੇ ਖ਼ਿਲਾਫ਼ 2 ਮੁਕੱਦਮੇ ਦਰਜ ਹਨ। ਫਿਲਹਾਲ ਪੁਲਸ ਵੱਲੋਂ ਰਿਮਾਂਡ ਦੌਰਾਨ ਮੁਲਜ਼ਮਾਂ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੌਰਾਨ ਅਹਿਮ ਖ਼ੁਲਾਸੇ ਹੋਣ ਤੋਂ ਮਨ੍ਹਾਂ ਨਹੀਂ ਕੀਤਾ ਜਾ ਸਕਦਾ।

# ਹਰਿਆਣਾ ਵਾਸੀਆਂ ਨੂੰ ਮੁੱਖ ਮੰਤਰੀ ਨੇ ਦਿੱਤੀ ਲਗਭਗ 4223 ਕਰੋੜ ਰੁਪਏ ਦੀ ਪਰਿਯੋਜਨਾਵਾਂ ਦੀ ਮਨੋਹਰ ਸੌਗਾਤ

**ਚੰਡੀਗੜ੍ਹ, 8 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲਗਭਗ ਸਾਢੇ 9 ਸਾਲਾਂ ਤੋਂ ਸੱਭਕਾ ਸਾਥ-ਸੱਭਕਾ ਵਿਕਾਸ ਅਤੇ ਹਰਿਆਣਾ ਇਕ-ਹਰਿਆਣਵੀਂ ਇਕ ਦੇ ਮੰਤਰ 'ਤੇ ਚਲਦੇ ਹੋਏ ਪੂਰੇ ਸੂਬੇ ਦਾ ਇਕ ਸਮਾਨ ਵਿਕਾਸ ਯਕੀਨੀ ਕਰਨ ਦੀ ਆਪਣੀ ਪ੍ਰਤੀਬੱਧਤਾ ਨੂੰ ਦੋਹਰਾਉਂਦੇ ਹੋਏ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਇਕ ਵਾਰ ਫਿਰ ਹਰਿਆਣਾਵਾਸੀਆਂ ਨੂੰ ਲਗਭਗ 4200 ਕਰੋੜ ਰੁਪਏ ਦੀ ਪਰਿਯੋਜਨਾਵਾਂ ਦੀ ਮਨੋਹਰ ਸੌਗਾਤ ਦਿੱਤੀ ਹੈ। ਇੰਨ੍ਹਾਂ ਵਿਚ ਸਾਰੇ 22 ਜਿਲ੍ਹਿਆਂ ਵਿਚ ਕਰੀਬ 3623 ਕਰੋੜ ਰੁਪਏ ਤੋਂ ਵੱਧ ਦੀ 679 ਪਰਿਯੋਜਨਾਵਾਂ ਦਾ ਉਦਘਾਟਨ ਤੇ ਨੀਂਹ ਪੱਥਰ ਅਤੇ ਲਗਭਗ 600 ਕਰੋੜ ਰੁਪਏ ਦੇ ਬਜਟ ਦੇ ਨਾਲ ਹਰਿਆਣਾ ਅੰਤੋਦੇਯ ਪਰਿਵਾਰ ਟ੍ਰਾਂਸਪੋਰਟ ਯੋਜਨਾ (ਹੈਪੀ) ਦੀ ਸ਼ੁਰੂਆਤ ਵੀ ਸ਼ਾਮਿਲ ਹੈ।ਅੱਜ ਦੀ ਵਿਕਾਸ ਪਰਿਯੋਜਨਾਵਾਂ ਵਿਚ ਲਗਭਗ 938 ਕਰੋਡ ਰੁਪਏ ਦੀ 392 ਪਰਿਯੋਜਨਾਵਾਂ ਦਾ ਉਦਘਾਟਨ ਅਤੇ 2684 ਕਰੋੜ ਰੁਪਏ ਦੀ 287 ਪਰਿਯੋਜਨਾਵਾਂ ਦਾ ਨੀਂਹ ਪੱਥਰ ਸ਼ਾਮਿਲ ਹੈ।ਜਿਲ੍ਹਾ ਪੰਚਕੂਲਾ ਵਿਚ ਪ੍ਰਬੰਧਿਤ ਰਾਜ ਪੱਧਰੀ ਸਮਾਰੋਹ ਵਿਚ ਮੁੱਖ ਮੰਤਰੀ ਨੇ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਮੁੱਖ ਰੂਪ ਨਾਲ 20 ਵੱਡੀ ਪਰਿਯੋਜਨਾਵਾਂ ਦਾ ਉਦਘਾਟਨ ਤੇ ਨੀਂਹ ਪੱਥਰ ਕੀਤਾ। ਨਾਲ ਹੀ ਹੋਰ ਸਾਰੇ ਜਿਲ੍ਹਿਆਂ ਵਿਚ ਪ੍ਰਬੰਧਿਤ ਜਿਲ੍ਹਾ ਪੱਧਰੀ ਸਮਾਰੋਹਾਂ ਵਿਚ ਮੰਤਰੀ, ਸਾਂਸਦਾਂ ਤੇ ਵਿਧਾਇਕ ਨੇ ਪਰਿਯੋਜਨਾਵਾਂ ਦਾ ਉਦਘਾਟਨ ਤੇ ਨੀਂਹ ਪੱਥਰ ਕੀਤਾ।

20 ਵੱਡੀ ਪਰਿਯੋਜਨਾਵਾਂ ਵਿਚ 214 ਕਰੋੜ ਰੁਪਏ ਦੀ ਲਾਗਤ ਨਾਲ ਫਰੀਦਾਬਾਦ ਵਿਚ ਦਿੱਲੀ -ਆਗਰਾ ਦਿੱਲੀ ਵਡੋਦਰਾ ਐਕਸਪ੍ਰੈਸ-ਵੇ ਵਲੱਭਗੜ੍ਹ ਮੋਹਨਾ ਰੋਡ 'ਤੇ 4 ਲੇਨ ਏਲੀਵੇਟਿਡ ਸੜਕ ਦੀ ਨੀਂਹ ਪੱਥਰ, ਕਰਨਾਲ ਵਿਚ 127 ਕਰੋੜ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਖਾਲਸਾ ਚੌਕ ਤੋਂ ਹਰਿਆਣਾ ਨਰਸਿੰਗ ਹੋਮ ਤਕ ਦੇ ਫਲਾਈਓਵਰ ਦਾ ਨੀਂਹ ਪੱਥਰ, 114 ਕਰੋੜ ਰੁਪਏ ਦੀ ਲਾਗਤ ਨਾਲ ਮਹੇਂਦਰਗੜ੍ਹ ਵਿਚ ਅਟੇਲੀ ਮੰਡੀ ਵਿਚ 61 ਪਿੰਡਾਂ ਦੇ ਲਈ ਨਹਿਰ ਅਧਾਰਿਤ ਜਲਸਪਲਾਈ ਯੋਜਨਾ ਦਾ ਉਦਘਾਟਨ, 112 ਕਰੋੜ ਰੁਪਏ ਦੀ ਲਾਗਤ ਨਾਲ ਚਰਖੀ ਦਾਦਰੀ ਦੇ ਨਿਮਰ ਬਾਢੇਸਰਾ ਵਿਚ 35 ਪਿੰਡਾਂ ਲਈ ਜਲ ਸਪਲਾਈ ਯੋਜਨਾ ਦਾ ਉਦਘਾਟਨ, 100 ਕਰੋੜ ਰੁਪਏ ਦੀ ਲਾਗਤ ਨਾਲ ਬਨਣ ਵਾਲੀ ਫਤਿਹਾਬਾਦ ਜਲ , ਪੰਚਕੂਲਾ ਵਿਚ 87 ਕਰੋੜ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਟ੍ਰਾਂਸਪੋਰਟ ਭਵਨ ਦਾ ਨੀਂਹ ਪੱਥਰ, 87 ਕਰੋੜ ਰੁਪਏ ਦੀ ਲਾਗਤ ਨਾਲ ਬਿਲਾਸਪੁਰ ਤੋਂ ਖੋਜਕੀਪੁਰ ਨੂੰ ਜੋੜਨ ਦੇ ਲਈ ਯਮੁਨਾ ਨਦੀ 'ਤੇ ਐਚਐਲ ਬ੍ਰਿਜ ਦਾ ਨਿਰਮਾਣ, 65 ਕਰੋੜ ਰੁਪਏ ਦੀ ਲਾਗਤ ਨਾਲ ਰੋਹਤਕ ਵਿਚ ਸੁਖਪੁਰਾ ਚੌਕ 'ਤੇ ਫਲਾਈਓਵਰ ਦਾ ਨੀਂਹ ਪੱਥਰ, 61 ਕਰੋੜ ਰੁਪਏ ਦੀ ਲਾਗਤ ਨਾਲ ਓਲਡ ਹਾਊਸਿੰਗ ਬੋਰਡ ਕਲੋਨੀ, ਨੂੰਹ ਵਿਚ ਨਵੇਂ 126 ਘਰਾਂ ਦੇ ਨਿਰਮਾਣ ਦਾ ਨੀਂਹ ਪੱਥਰ, 60 ਕਰੋੜ ਰੁਪਏ ਦੀ ਲਾਗਤ ਨਾਲ ਝੱਜਰ 87 ਕੋਸਲੀ ਸੜਕ ਦਾ ਮਜਬੂਤੀਕਰਣ,59 ਕਰੋੜ ਰੁਪਏ ਦੀ ਲਾਗਤ ਨਾਲ ਡਾ. ਬੀਆਰ ਅੰਬੇਦਕਰ ਨੈਸ਼ਨਲ ਲਾ ਯੂਨੀਵਰਸਿਟੀ, ਸੋਨੀਪਤ ਵਿਚ ਨਵੇਂ ਓਡੀਟੋਰਿਅਮ ਭਵਨ ਦਾ ਨੀਂਹ ਪੱਥਰ, 55 ਕਰੋੜ ਰੁਪਏ ਦੀ ਲਾਗਤ ਨਾਲ ਹਿਸਾਰ ਦੇ ਬਰਵਾਲਾ ਵਿਚ ਜਲਸਪਲਾਈ ਯੋਜਨਾ ਦਾ ਸੰਵਰਧਨ, 53 ਕਰੋੜ ਰੁਪਏ ਦੀ ਲਾਗਤ ਨਾਲ ਰਿਵਾੜੀ-ਬਾਵਲ ਸੜਕ ਦਾ ਸੁਧਾਰ।

# ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋਂ 7ਵੀਂ ਖ਼ੂਨਦਾਨ ਕਰਨਾ ਸ਼ਲਾਘਾਯੋਗ, ਬਲਤੇਜ ਸਿੰਘ ਪੰਨੂ

ਪਟਿਆਲਾ, 8 ਮਾਰਚ

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ,ਯੂਵਕ ਸੇਵਾਵਾਂ ਦੀਪ ਨਗਰ, ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋ ਅੰਤਰਰਾਸ਼ਟਰੀ ਵੂਮੈਨ ਡੇ ਨੂੰ ਸਮਰਪਿਤ ਅਤੇ ਸਟੇਟ ਐਵਾਰਡੀ ਰੁਪਿੰਦਰ ਕੌਰ ਦੇ ਜਨਮ ਦਿਨ ਮੌਕੇ ਖ਼ੂਨਦਾਨ ਕੈਂਪ ਦਾ ਆਯੋਜਨ ਲਾਈਫ ਲਾਇਨ ਬਲੱਡ ਬੈਂਕ ਵਿਖੇ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਬਲਤੇਜ ਸਿੰਘ ਪੰਨੂ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਪਟਿਆਲਾ ਨੇ ਕੀਤੀ, ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ, ਜਸਪਾਲ ਟਿੱਕਾ, ਗੁਰਵਿੰਦਰ ਸਿੰਘ ਪੀ ਏ ਬਲਤੇਜ ਸਿੰਘ ਪੰਨੂ,ਰੁਦਰਪ੍ਰਤਾਪ ਸਿੰਘ, ਜਸ਼ਨਜੋਤ ਸਿੰਘ , ਲੱਕੀ ਹਰਦਾਸਪੁਰ, ਜਪਨੀਤ ਸਿੰਘ,ਸੁਨੀਲ, ਕ੍ਰਿਸ਼ਨ, ਕੁਨਾਲ, ਦੀਪਕ, ਮਨਦੀਪ ਸਿੰਘ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਬਲਤੇਜ ਸਿੰਘ ਪੰਨੂ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ ਜੀ ਨੇ ਕਿਹਾ ਕਿ ਅੰਤਰਰਾਸ਼ਟਰੀ ਵੂਮੈਨ ਡੇ ਨੂੰ ਸਮਰਪਿਤ ਅਤੇ ਸਟੇਟ ਐਵਾਰਡੀ ਸਟੇਟ ਐਵਾਰਡੀ ਰੁਪਿੰਦਰ ਕੌਰ ਵਲੋਂ 7 ਵੀ ਵਾਰ ਖ਼ੂਨਦਾਨ ਕਰਕੇ ਨੌਜਵਾਨਾਂ ਨੂੰ ਸਮਾਜ ਸੇਵਾ ਵੱਲ ਜੁੜਨ ਲਈ ਪ੍ਰੇਰਿਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖ਼ੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ।


ਸਟੇਟ ਐਵਾਰਡੀ ਰੁਪਿੰਦਰ ਕੌਰ ਵਲੋਂ ਖ਼ੂਨਦਾਨ ਕਰਨ ਤੇ ਆਸ਼ੀਰਵਾਦ ਦਿੰਦੇ ਹੋਏ ਬਲਤੇਜ ਸਿੰਘ ਪੰਨੂ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ।

ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪਿਛਲੇ 15 ਸਾਲਾਂ ਵਿਚ ਵੱਖ ਵੱਖ ਧਾਰਮਿਕ ਸੰਸਥਾਵਾਂ, ਰਾਜਨੀਤੀ, ਯੂਥ ਕਲੱਬ ਦੇ ਸਹਿਯੋਗ ਨਾਲ ਭਾਰਤ ਦੇ 18 ਰਾਜਾ ਅਤੇ ਅੰਤਰਰਾਸ਼ਟਰੀ ਪੱਧਰ ਤੇ 6 ਦੇਸਾ ਅਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਤਕਰੀਬਨ 800 ਤੋਂ ਉਪਰ ਖ਼ੂਨਦਾਨ ਕੈਂਪ ਆਯੋਜਿਤ ਕਰਕੇ ਹੁਣ ਤੱਕ ਭਾਰਤ ਦੇ ਵੱਖ ਵੱਖ ਬਲੱਡ ਬੈਂਕਾਂ ਨੂੰ 45000 ਹਜ਼ਾਰ ਤੋਂ ਉਪਰ ਬਲੱਡ ਇੱਕਤਰ ਕਰਕੇ ਦਿੱਤਾ ਜਾ ਚੁੱਕਾ ਹੈ ਦਿੱਤਾ ਜਾ ਚੁੱਕਾ ਹੈ, ਇਸ ਤੋਂ ਇਲਾਵਾ ਉਹਨਾਂ ਦੀਆਂ ਸੰਸਥਾਵਾਂ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕੰਮ ਕਰ ਰਹੀਆਂ ਹਨ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਡਾਕਟਰ ਅਰਸ਼ਪ੍ਰੀਤ ਕੌਰ, ਅਤੇ ਸਾਗਰ ਅਰੋੜਾ ਦੀ ਅਗਵਾਈ ਹੇਠ ਬਲੱਡ ਇੱਕਤਰ ਕੀਤਾ ਗਿਆ।

# ਚੀਮਾ ਵਿਖੇ 69.83 ਲੱਖ ਦੀ ਲਾਗਤ ਨਾਲ ਬਣੇਗਾ ਆਧੁਨਿਕ ਪਾਰਕ

ਲੌਂਗੋਵਾਲ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਲਈ ਚਲਾਈ ਮੁਹਿੰਮ ਤਹਿਤ ਲੌਂਗੋਵਾਲ ਅਤੇ ਚੀਮਾ ਵਿਖੇ ਕਰੀਬ 1.03 ਕਰੋੜ ਦੀ ਲਾਗਤ ਵਾਲੇ ਦੋ ਅਹਿਮ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਸ ਉਪਰੰਤ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੌਂਗੋਵਾਲ ਦੇ ਬਜ਼ਾਰ ਵਿੱਚ ਦੁਕਾਨਦਾਰਾਂ ਦੀ ਇੱਕ ਮੰਗ ਚਿਰਾਂ ਤੋਂ ਲਟਕ ਰਹੀ ਸੀ ਜਿਸ ਨੂੰ ਸਨਮੁੱਖ ਰਖਦਿਆਂ ਇਥੇ ਓਪਨ ਡਰੇਨ ਦਾ ਨਿਰਮਾਣ ਕਰਨ ਲਈ 33.70 ਲੱਖ ਰੁਪਏ ਦੀ ਲਾਗਤ ਨਾਲ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਜਿਸ ਨਾਲ ਬਰਸਾਤਾਂ ਦੇ ਦਿਨਾਂ ਦੌਰਾਨ ਪਾਣੀ ਦੀ ਨਿਕਾਸੀ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਅਮਨ ਅਰੋੜਾ ਨੇ ਕਿਹਾ ਕਿ ਓਪਨ ਡਰੇਨ ਦੁਕਾਨਦਾਰਾਂ ਲਈ ਵੱਡੀ ਸਹੂਲਤ ਬਣੇਗੀ ਕਿਉਂ ਜੋ ਮੀਂਹ ਦੇ ਦਿਨਾਂ ਵਿੱਚ ਏਥੇ ਪਾਣੀ ਦੇ ਜਮ੍ਹਾਂ ਹੋ ਜਾਣ ਕਾਰਨ ਦੁਕਾਨਾਂ ਵਿੱਚ ਮੰਦੀ ਛਾ ਜਾਂਦੀ ਸੀ ਅਤੇ ਖਰੀਦਦਾਰਾਂ ਦਾ ਆਉਣਾ-ਜਾਣਾ ਔਖਾ ਹੋ ਜਾਂਦਾ ਸੀ। ਉਨ੍ਹਾਂ ਕਿਹਾ ਕਿ ਲੌਂਗੋਵਾਲ ਵਿੱਚ ਇਨ੍ਹੀਂ ਦਿਨੀਂ ਕਈ ਹੋਰ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਜਿਨ੍ਹਾਂ ਦੇ ਮੁਕੰਮਲ ਹੋਣ 'ਤੇ ਛੇਤੀ ਹੀ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੋਕ ਆਪ ਵੀ ਨਿਗਰਾਨੀ ਕਰਨ ਅਤੇ



ਇਸ ਦੌਰਾਨ ਨਿਰਮਾਣ ਕਾਰਜਾਂ ਵਿੱਚ ਸਮੱਗਰੀ ਦੀ ਵਰਤੋਂ ਪੱਖੋਂ ਜਾਂ ਕਿਸੇ ਵੀ ਤਰ੍ਹਾਂ ਦੀ ਹੋਰ ਲਾਪਰਵਾਹੀ ਜਾਂ ਹੇਰਾਫੇਰੀ ਸਾਹਮਣੇ ਆਉਣ 'ਤੇ ਤੁਰੰਤ ਉਨ੍ਹਾਂ ਨੂੰ ਜਾਣੂ ਕਰਵਾਇਆ ਜਾਵੇ। ਉਨ੍ਹਾਂ ਸਬੰਧਤ ਠੇਕੇਦਾਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਪੂਰੀ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਪਾਬੰਦ ਰਹਿਣ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਚੀਮਾ ਵਿਖੇ ਸਥਿਤ ਐਮਐਲਜੀ ਸਕੂਲ ਨੇੜੇ ਪਾਰਕ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਕਰੀਬ 69.83 ਲੱਖ ਦੀ ਲਾਗਤ ਨਾਲ ਬਣਨ ਵਾਲਾ ਇਹ ਪਾਰਕ ਨੇੜਲੇ ਇਲਾਕਿਆਂ ਦੇ ਨਿਵਾਸੀਆਂ ਲਈ ਸੌਗਾਤ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪਾਰਕ ਵਿੱਚ ਜਿਮ, ਵਾਕਿੰਗ ਟਰੈਕ, ਬੱਚਿਆਂ ਦੇ ਮਨੋਰੰਜਨ ਲਈ ਝੂਲੇ ਦਾ ਵੀ ਪ੍ਰਬੰਧ ਹੋਵੇਗਾ ਅਤੇ ਇਹ ਪਾਰਕ ਹਰਿਆਵਲ ਭਰਪੂਰ ਹੋਵੇਗਾ ਤੇ ਕੁਦਰਤ ਨਾਲ ਸਾਂਝ ਪੁਆਉਣ ਦੇ ਸਮਰੱਥ ਬਣੇਗਾ।

ਇਸ ਮੌਕੇ ਐਸਡੀਐਮ ਸੁਨਾਮ ਪ੍ਰਮੋਦ ਸਿੰਗਲਾ, ਗੁਰਦੀਪ ਸਿੰਘ ਤਕੀਪੁਰ, ਨਿਰਭੈ ਸਿੰਘ ਬਲਾਕ ਪ੍ਰਧਾਨ, ਦਰਸ਼ਨ ਸਿੰਘ ਗੀਤੀਮਾਨ ਚੇਅਰਮੈਨ ਮਾਰਕੀਟ ਕਮੇਟੀ ਚੀਮਾ, ਬੀਰਬਲ ਸਿੰਘ, ਕੁਲਦੀਪ ਸਿੰਘ ਸਿੱਧੂ, ਲਖਵਿੰਦਰ ਬੰਸਲ, ਰੂਪ ਸਿੰਘ, ਜਗਸੀਰ ਸਿੰਘ, ਦਰਸ਼ਨ ਸਿੰਘ, ਬਹਾਦਰ ਸਿੰਘ ਤੇ ਮੇਜਰ ਸਿੰਘ, ਈ.ਓ ਬਾਲਕ੍ਰਿਸ਼ਨ, ਪ੍ਰਧਾਨ ਨਗਰ ਕੌਂਸਲ ਪਰਮਿੰਦਰ ਕੌਰ ਬਰਾੜ, ਗੁਰਮੀਤ ਸਿੰਘ ਫੌਜੀ ਐਮ.ਸੀ, ਸੂਬੇ: ਮੇਲਾ ਸਿੰਘ ਐਮਸੀ, ਬਲਾਕ ਪ੍ਰਧਾਨ ਵਿਕੀ ਵਸ਼ੀਸਟ, ਕੇਸਰ ਸਿੰਘ, ਰਣਜੀਤ ਸਿੰਘ ਐਮਸੀ, ਬਲਵਿੰਦਰ ਸਿੰਘ ਐਮਸੀ, ਕਿਸ਼ਨਪਾਲ, ਰਾਜ ਸਿੰਘ ਰਾਜੂ, ਬਲਵਿੰਦਰ ਸਿੰਘ ਢਿੱਲੋਂ, ਕਰਮ ਸਿੰਘ ਬਰਾੜ, ਹਰਦੀਪ ਸਿੱਪੀ, ਸੁਖਪਾਲ ਸਿੰਘ ਵੀ ਹਾਜ਼ਰ ਸਨ।

# ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕੀਤਾ ਗਿਆ ਕਵਰ -ਡਿਪਟੀ ਕਮਿਸਨਰ

ਪਠਾਨਕੋਟ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵਲੋਂ ਪੀਐੱਮ ਵਿਸ਼ਵਕਰਮਾ ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਜਿਲ੍ਹਾ ਪਠਾਨਕੋਟ ਅੰਦਰ ਬਲਾਕ ਵਿਕਾਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਪਰੋਕਤ ਸਕੀਮ ਦਾ ਜਿਆਦਾ ਤੋਂ ਜਿਆਦਾ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ (ਆਈ ਏ ਐਸ) ਵੱਲੋਂ ਅੱਜ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ, ਨਗਰ ਨਿਗਮ ਪਠਾਨਕੋਟ ਦੇ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਕਰਨ ਮਗਰੋਂ ਕੀਤਾ ਗਿਆ।ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਇਸ ਸਕੀਮ ਦਾ ਮੰਤਵ ਕਾਰੀਗਰਾਂ ਅਤੇ ਸ਼ਿਲਪਕਾਰਾਂ ਵਲੋਂ ਆਪਣੇ ਹੱਥੀਂ ਅਤੇ ਸੰਦਾਂ ਨਾਲ ਕੰਮ ਕਰਨ ਵਾਲੇ ਗੁਰੂ-ਸ਼ਿਸ਼ਯ ਪ੍ਰੰਪਰਾ ਜਾਂ ਪ੍ਰੰਪਰਾਗਤ ਹੁਨਰਾਂ ਦੇ ਪਰਿਵਾਰ-ਅਧਾਰਿਤ ਅਭਿਆਸ ਨੂੰ ਮਜ਼ਬੂਤ ਬਣਾਉਣਾ ਅਤੇ ਪਾਲਣ ਪੋਸ਼ਣ ਕਰਨਾ ਹੈ ਕਿ ਇਸ ਸਕੀਮ ਦੀ ਗੁਣਵੱਤਾ ਦੇ ਨਾਲ-ਨਾਲ ਕਾਰੀਗਰਾਂ ਅਤੇ ਸ਼ਿਲਪਕਾਰਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਪਹੁੰਚ ਵਿੱਚ ਸੁਧਾਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਐਡਵਾਂਸ/ਤਕਨੀਕੀ ਹੁਨਰ ਅਪਗ੍ਰੇਡੇਸ਼ਨ, ਟੂਲਕਿੱਟ ਪ੍ਰੋਤਸਾਹਨ, ਡਿਜੀਟਲ ਲੈਣ-ਦੇਣ ਲਈ ਪ੍ਰੋਤਸਾਹਨ ਅਤੇ ਮਾਰਕੀਟਿੰਗ ਸਹਾਇਤਾ ਪ੍ਰਦਾਨ ਕਰੇਗੀ।

ਉਨ੍ਹਾਂ ਦੱਸਿਆ ਕਿ ਉਪਰੋਕਤ ਸਕੀਮ ਅਧੀਨ ਵੱਖ-ਵੱਖ ਪੱਧਰਾਂ 'ਤੇ ਤਿੰਨ-ਪੜਾਵੀ ਤਸਦੀਕ ਤੋਂ ਬਾਅਦ ਕਾਮਨ ਸਰਵਿਸ ਸੈਂਟਰਾਂ ਰਾਹੀਂ ਵਿਸ਼ਵਕਰਮਾ ਲਈ ਰਜਿਸਟ੍ਰੇਸਨ ਕੀਤੀ ਜਾ ਸਕਦੀ ਹੈ, ਉਨ੍ਹਾਂ ਦੱਸਿਆ ਕਿ 15,000 ਰੁਪਏ ਤੱਕ ਦਾ ਟੂਲਕਿੱਟ ਪ੍ਰੋਤਸਾਹਨ ਫੰਡ ਵੀ ਜਾਰੀ ਕੀਤਾ ਜਾਵੇਗਾ, ਕਾਰੋਬਾਰ ਦੇ ਵਿਕਾਸ ਵਿੱਚ ਸਹਾਇਤਾ ਲਈ ਦੋ ਕਿਸ਼ਤਾਂ ਵਿੱਚ ਕ੍ਰੈਡਿਟ ਸਹਾਇਤਾ/ਕਰਜ਼ਾ।ਪੀਐੱਮ ਵਿਸ਼ਵਕਰਮਾ ਯੋਜਨਾ ਦੇ ਤਹਿਤ, ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਪੀਐੱਮ ਵਿਸ਼ਵਕਰਮਾ ਸਰਟੀਫਿਕੇਟ ਅਤੇ ਸ਼ਨਾਖ਼ਤੀ ਕਾਰਡ ਅਤੇ 5 ਪ੍ਰਤੀਸਤ ਦੀ ਰਿਆਇਤੀ ਵਿਆਜ ਦਰ ਨਾਲ 1 ਲੱਖ ਰੁਪਏ (ਪਹਿਲੀ ਕਿਸ਼ਤ) ਅਤੇ 2 ਲੱਖ ਰੁਪਏ (ਦੂਜੀ ਕਿਸ਼ਤ) ਤੱਕ ਦੀ ਕਰਜਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਸਮੁੱਚੇ ਭਾਰਤ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਸਹਾਇਤਾ ਪ੍ਰਦਾਨ ਕਰੇਗੀ। ਪੀਐੱਮ ਵਿਸ਼ਵਕਰਮਾ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਇਨ੍ਹਾਂ ਕਿੱਤਿਆਂ ਵਿੱਚ ਤਰਖਾਣ , ਕਿਸ਼ਤੀ ਬਣਾਉਣ ਵਾਲੇ , ਸ਼ਸਤਰਕਾਰੀ ,ਲੋਹਾਰ ,ਹਥੌੜੇ ਅਤੇ ਸੰਦ ਬਣਾਉਣ ਵਾਲੇ ,ਤਾਲਾ ਬਣਾਉਣ ਵਾਲੇ , ਸੁਨਿਆਰੇ (ਸੋਨਾਰ) , ਘੁਮਿਆਰ (ਕੁਮਹਾਰ) ,ਮੂਰਤੀਕਾਰ, ਪੱਥਰ ਤੋੜਨ ਵਾਲੇ ,ਮੋਚੀ/ ਜੁੱਤੀ ਬਣਾਉਣ ਵਾਲੇ/ ਜੁੱਤੀਆਂ ਦਾ ਕਾਰੀਗਰ, ਮਿਸਤਰੀ (ਰਾਜ ਮਿਸਤਰੀ),ਟੋਕਰੀ/ਚਟਾਈ/ਝਾੜੂ ਬਣਾਉਣ ਵਾਲੇ/ਕੋਇਰ ਬੁਣਨ ਵਾਲੇ, ਗੁੱਡੀ ਅਤੇ ਖਿਡੌਣਾ ਬਣਾਉਣ ਵਾਲੇ ,ਨਾਈ ,ਮਾਲਾ ਬਣਾਉਣ ਵਾਲੇ (ਮਲਾਕਾਰ),ਧੋਬੀ, ਦਰਜ਼ੀ ਅਤੇ ਮੱਛੀ ਜਾਲ ਬਣਾਉਣ ਵਾਲੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸੂਖਮ, ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵੱਲੋਂ ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਕਰਮਾ ਸਕੀਮ ਦਾ ਫ਼ਾਇਦਾ ਲੈਣ ਦੇ ਚਾਹਵਾਨ ਉਮੀਦਵਾਰ ਆਪਣੇ ਨਜ਼ਦੀਕੀ ਕਿੱਸੇ ਵੀ ਕੋਮਨ ਸਰਵਿਸ ਸੈਂਟਰ ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਇਸ ਤੋਂ ਇਲਾਵਾ ਹੋਰ ਜਾਣਕਾਰੀ ਲਈ ਜਿਲਾ ਪਰਬੰਧਕੀ ਕੰਪਲੈਕਸ ਕਮਰਾ ਨੰਬਰ 352 ਮਲਿਕਪੁਰ ਵਿੱਚ ਸੰਪਰਕ ਕਰ ਸਕਦੇ ਹਨ ਜਾਂ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਪੁਲਿਸ ਲਾਈਨ ਰੋਡ ਢਾਂਗੂ ਰੋਡ ਪਠਾਨਕੋਟ ਵਿੱਚ ਸੰਪਰਕ ਕਰ ਸਕਦੇ ਹਨ।

# ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਪਰਮਿੰਦਰ ਕੌਰ ਨੇ ਆਹੁਦਾ ਸੰਭਾਲਿਆ

ਰੂਪਨਗਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਪਰਮਿੰਦਰ ਕੌਰ ਨੇ ਆਹੁਦਾ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਲੜੂ ਦੇ ਦੋਹਰੀ ਸਿ ?ਫਟ ਵਾਲੇ ਸਕੂਲ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਸਨ। ਤੇ ਤਰੱਕੀ ਤੋਂ ਬਾਅਦ ਪਹਿਲੀ ਵਾਰ ਸਿੱਖਿਆ ਅਫਸਰ ਤੈਨਾਤ ਹੋਏ ਹਨ। ਉਹਨਾ ਆਪਣੀ ਨਿਯੁਕਤੀ ਲਈ ਪੰਜਾਬ ਸਰਕਾਰ ਦੇ ਨਾਲ ਨਾਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ ਹੈ।

ਉਹਨਾਂ ਕਿਹਾ ਕਿ ਜਿਲ੍ਹਾ ਰੂਪਨਗਰ ਵਿੱਚ ਪ੍ਰਾਇਮਰੀ ਸਿੱਖਿਆ ਨੂੰ ਹੋਰ ਉੱਚਾ ਚੁੱਕਣ ਅਤੇ ਪੰਜਾਬ ਸਰਕਾਰ ਦੀਆਂ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਲਈ ਹਰ ਸੰਭਵ ਯਤਨ ਕਰਨਗੇ।ਤਾਂ ਜ਼ੋ ਰੂਪਨਗਰ ਜਿਲ੍ਹਾ ਸੂਬੇ ਵਿੱਚੋਂ ਮੋਹਰੀ ਹੋ ਸਕੇ। ਇਸ ਤੋਂ ਪਹਿਲਾਂ ਉੱਪ ਜਿਲ੍ਹਾ ਸਿੱਖਿਆ ਅਫਸਰ ਰੰਜਨਾ ਕਟਿਆਲ ਦੀ ਅਗਵਾਈ ਹੇਠ ਸਮੂਹ ਸਟਾਫ ਵਲੋਂ ਉਹਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪ੍ਰਾਇਮਰੀ ਸਿੱਖਿਆ ਵਿਭਾਗ ਦੇ ਕਰਮਚਾਰੀ ਵੀ ਮੌਜੂਦ ਸਨ।


ਰੂਪਨਗਰ ਵਿਖੇ ਨਵੀ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਪਰਮਿੰਦਰ ਕੌਰ ਦਾ ਸਵਾਗਤ ਕਰਦੇ ਹੋਏ ਉਪ ਜਿਲ੍ਹਾ ਸਿੱਖਿਆ ਅਫਸਰ ਰੰਜਨਾ ਕਟਿਆਲ ਤੇ ਹੋਰ ਸਟਾਫ।

# ਮਾਛੀਵਾੜਾ ਵਿਖੇ ਸਮਰਾਲਾ ਰੋਡ ਤੇ ਸ਼ੱਕੀ ਹਾਲਾਤ 'ਚ ਨੌਜਵਾਨ ਦੀ ਕਾਰ 'ਚੋਂ ਮਿਲੀ ਲਾਸ਼, ਮਾਪਿਆਂ ਦਾ ਸੀ ਇਕਲੌਤਾ ਪੁੱਤਰ

ਮਾਛੀਵਾੜਾ ਸਾਹਿਬ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸਮਰਾਲਾ ਰੋਡ ਤੋਂ ਕੁਝ ਹੀ ਦੂਰੀ ਉੱਪਰ ਸੁੰਨਸਾਨ ਥਾਂ 'ਤੇ ਨੌਜਵਾਨ ਦੀ ਕਾਰ ਵਿਚੋਂ ਲਾਸ਼ ਮਿਲੀ ਜਿਸ ਦੀ ਪਹਿਚਾਣ ਯਾਦਵਿੰਦਰ ਸਿੰਘ (25) ਵਾਸੀ ਉਟਾਲਾ ਵਜੋਂ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਛੀਵਾੜਾ ਪੁਲਸ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਇੱਕ ਨੌਜਵਾਨ ਕਾਰ ਵਿਚ ਬੇਸੁੱਧ ਹਾਲਤ ਵਿਚ ਡਿੱਗਿਆ ਪਿਆ ਹੈ।

ਜਿਸ 'ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਜਾ ਕੇ ਦੇਖਿਆ ਤਾਂ ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਇਹ ਨੌਜਵਾਨ ਦੇ ਕੱਪੜੇ ਵੀ ਉਤਰੇ ਹੋਏ ਸਨ ਅਤੇ ਅਰਧ ਨਗਨ ਹਾਲਤ ਵਿਚ ਪਿਆ ਸੀ। ਕਾਰ 'ਚੋਂ ਮਿਲੇ ਦਸਤਾਵੇਜ਼ਾਂ ਦੇ ਆਧਾਰ ਅਤੇ ਉਸ ਕੋਲੋਂ ਮਿਲੇ ਮੋਬਾਇਲ ਤੋਂ ਪਹਿਚਾਣ ਹੋਈ ਕਿ ਇਹ ਨੌਜਵਾਨ ਪਿੰਡ ਉਟਾਲਾ ਦੇ ਵਾਸੀ ਮੱਘਰ ਸਿੰਘ ਦਾ ਪੁੱਤਰ ਹੈ। ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਉਹ ਅੱਜ ਕਰੀਬ 12 ਵਜੇ ਘਰੋਂ ਕਾਰ ਲੈ ਕੇ ਨਿਕਲਿਆ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦਾ ਪੁੱਤਰ ਮਾਛੀਵਾੜਾ ਨੇੜੇ ਮ੍ਰਿਤਕ ਹਾਲਤ ਵਿਚ ਪਿਆ ਹੈ। ਮਾਂ ਵਲੋਂ ਆਪਣੇ ਇਕਲੌਤੇ ਪੁੱਤਰ ਨੂੰ ਵਾਰ-ਵਾਰ ਫੋਨ ਵੀ ਕੀਤਾ ਜਾ ਰਿਹਾ ਸੀ ਪਰ ਉਸਨੇ ਨਾ ਚੁੱਕਿਆ ਅਤੇ ਅਖੀਰ ਜਦੋਂ ਉਸਦੀ ਮੌਤ ਦੀ ਖ਼ਬਰ ਮਿਲੀ ਤਾਂ ਮਾਪਿਆਂ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ।

ਮੁੱਢਲੀ ਜਾਂਚ ਦੌਰਾਨ ਸ਼ੰਕਾ ਜਾਹਿਰ ਕੀਤੀ ਜਾ ਰਹੀ ਹੈ ਕਿ ਨੌਜਵਾਨ ਦੀ ਮੌਤ ਹਾਰਟ ਅਟੈਕ ਜਾਂ ਕੋਈ ਹੋਰ ਕਾਰਨਾਂ ਕਰਕੇ ਹੋਈ ਹੈ ਪਰ ਪੁਲਸ ਅਨੁਸਾਰ ਪੋਸਟ ਮਾਰਟਮ ਦੀ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗੇਗਾ।

# ਪੀ ਐਮ ਵਿਸ਼ਵਕਰਮਾ ਯੋਜਨਾ ਹਰ ਵਰਗ ਦੇ ਲਈ ਲਾਭਦਾਇਕ :ਰਿਸ਼ੀ ਖੇਰਾ

ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਪੀ ਐਮ ਵਿਸ਼ਵਕਰਮਾ ਯੋਜਨਾ ਤਹਿਤ ਆਪਣੇ ਹੱਥੀਂ ਕੰਮ ਕਰਨ ਵਾਲੇ ਕੋਈ ਵੀ ਕਾਰੀਗਰ ਜਿਵੇ ਕਿ ਤਰਖਾਨ,ਲੁਹਾਰ,ਰਾਜਮਿਸਤਰੀ,ਮਿੱਟੀ ਦੇ ਬਰਤਨ ਬਨਾਓਣ ਵਾਲੇ,ਬਾਲ ਕੱਟਣ ਵਾਲੇ,ਜੁੱਤੀ ਬਨਾਓਣ ਵਾਲੇ ਆਦੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ।

ਇਹਨਾਂ ਸਬਦਾ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜਿਲ੍ਹਾ ਪ੍ਰਧਾਨ ਤੇ ਰਾਸ਼ਟਰੀ ਵਿਸ਼ਵਕਰਮਾ ਕਮੇਟੀ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਨਵ ਨਿਯੁਕਤ ਮੈਂਬਰ ਰਿਸ਼ੀ ਖੇਰਾ ਨੇ ਕੀਤਾ ਓਹਨਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇਸ਼ ਦੇ ਹਰ ਇਕ ਨਾਗਰਿਕ ਲਈ ਵੱਖ ਵੱਖ ਸਕੀਮਾਂ ਲੇ ਕੇ ਆ ਰਹੇ ਹਨ ਤਾਂ ਜੋ ਦੇਸ਼ ਦਾ ਹੱਥੀ ਕੰਮ ਕਰਨ ਵਾਲਾ ਵਰਗ ਵੀ ਆਪਣੇ ਆਪ ਨੂੰ ਸਹਿਜ ਮਹਿਸੂਸ ਕਰ ਸਕੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਦੇ ਤਹਿਤ ਲੱਗਭਗ 18 ਕੈਟੀਗਰੀਆ ਆਉਂਦੀਆ ਹਨ ਉਹ ਕਿਸੇ ਵੀ ਕਾਮਨ ਸਰਵਿਸ ਸੈਂਟਰ ਜਾ ਕੇ ਰਜਿਸਟਰ ਕਰਾ ਸਕਦੇ ਹਨ ਜੋਂ ਕਿ ਸਰਕਾਰ ਵੱਲੋਂ ਫ਼੍ਰੀ ਹੈ। ਰਜਿਸਟ੍ਰੇਸ਼ਨ ਤੋਂ ਬਾਅਦ ਪੰਜ ਦਿਨਾਂ ਦੀ ਮੁਫ਼ਤ ਟ੍ਰੇਨਿੰਗ ਡਿਪਾਰਟਮੇਂਟ ਸੰਗਰੂਰ ਵੱਲੋ ਦਿੱਤੀ ਜਾਵੇਗੀ ਅਤੇ ਹਰ ਰੋਜ਼ ਉਸਦਾ 500/-ਰੁਪਏ ਮਾਨ ਭੱਤਾ 15000/-ਰੁਪਏ ਟੂਲਕਿੱਟ ਲਈ ਦਿੱਤਾ ਜਾਵੇਗਾ ਅਤੇ ਸਰਕਾਰ ਵੱਲੋਂ 1 ਲੱਖ ਤੋਂ 3 ਲੱਖ ਤੱਕ ਦਾ ਲੋਨ ਵਗੈਰ ਕਿਸੇ ਗਰੰਟੀ ਦੇ ਦਿੱਤਾ ਜਾਵੇਗਾ।

# ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ

ਜੰਡਿਆਲਾ ਗੁਰੂ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਵਾਰਡ ਨੰਬਰ 11 ਦੇ ਕੁਝ ਇਲਾਕਿਆਂ ਵਿੱਚ ਪਾਣੀ ਦੀ ਨਿਕਾਸੀ ਲਈ ਅਜੇ ਤੱਕ ਨਾਲੀਆਂ ਦਾ ਨਿਰਮਾਣ ਹੀ ਨਹੀਂ ਕੀਤਾ ਗਿਆ, ਜਿਸ ਕਾਰਨ ਘਰਾਂ ਦੇ ਗੰਦੇ ਪਾਣੀ ਦੀ ਨਿਕਾਸੀ ਔਖੀ ਹੋ ਗਈ ਹੈ।

ਵਾਰਡ ਨੰਬਰ 11 ਦੇ ਵਾਸੀਆਂ ਨੇ ਦੱਸਿਆ ਕਿ ਇਸ ਸਮੱਸਿਆ ਲਈ ਉਨ੍ਹਾਂ ਨੂੰ ਆਪਣੇ ਘਰਾਂ ਦਾ ਗੰਦਾ ਪਾਣੀ ਉੱਥੇ ਹੀ ਕਿਸੇ ਦੇ ਖਾਲੀ ਪਲਾਟ ਵਿੱਚ ਪਾਉਣਾ ਮਜਬੂਰੀ ਬਣ ਗਈ ਹੈ ਅਤੇ ਇਸ ਕਾਰਨ ਪਲਾਟ ਛੱਪੜ ਦਾ ਰੂਪ ਧਾਰਨ ਕਰ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਪਲਾਟ ਵਿੱਚ ਬਣੇ ਛੱਪੜ ਕਾਰਨ ਜਿੱਥੇ ਪਲਾਟ ਮਾਲਕ ਪ੍ਰੇਸ਼ਾਨ ਹੈ, ਉੱਥੇ ਹੀ ਆਸ-ਪਾਸ ਦੇ ਘਰਾਂ ਦੀਆਂ ਨੀਹਾਂ ਨੂੰ ਵੀ ਖ਼ਤਰਾ ਹੋ ਗਿਆ ਹੈ।ਇਸ ਗੰਦੇ ਪਾਣੀ ਕਾਰਨ ਇਲਾਕੇ ਵਿੱਚ ਬਦਬੂ ਫੈਲ ਗਈ ਹੈ ਅਤੇ ਹੁਣ ਬਰਸਾਤ ਦੇ ਦਿਨਾਂ ਵਿੱਚ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਬਣ ਗਿਆ ਹੈ।



ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਉਹ ਕਈ ਵਾਰ ਨਗਰ ਕੌਂਸਲ ਜੰਡਿਆਲਾ ਗੁਰੂ ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਵੀ ਦੇ ਚੁੱਕੇ ਹਨ, ਪਰ ਕੋਈ ਵੀ ਸੁਣਵਾਈ ਨਹੀਂ ਹੋਈ।

ਇਸ ਸਬੰਧੀ ਨਗਰ ਕੌਂਸਲ ਦੇ ਐਸਓ ਗਗਨਦੀਪ ਸਿੰਘ ਨੇ ਕਿਹਾ ਨਗਰ ਕੌਂਸਲ ਬਹੁਤ ਜਲਦੀ ਹੀ ਇੱਥੇ ਨਾਲੀਆਂ ਦਾ ਨਿਰਮਾਣ ਕਰਵਾਏਗੀ ਜਿਸ ਨਾਲ ਇਲਾਕਾ ਵਾਸੀਆਂ ਦੀ ਸਮੱਸਿਆ ਜਲਦੀ ਹੀ ਹੱਲ ਹੋ ਜਾਵੇਗੀ।

ਇਸ ਮੌਕੇ ਸ਼ਾਮ ਕੁਮਾਰ, ਰਾਜਵਿੰਦਰ ਸਿੰਘ, ਹਰਜੀਤ ਸਿੰਘ, ਸੁਨੀਲ, ਹਰਕ੍ਰਿਸ਼ਨ, ਬਲਦੇਵ ਸਿੰਘ, ਜੱਜ, ਗੁਰਨਾਮ ਸਿੰਘ, ਹੈਰੀ, ਦਿਲਬਾਗ ਸਿੰਘ ਅਤੇ ਹੋਰ ਲੋਕ ਮੌਜੂਦ ਸਨ।

# ਕਿਸਾਨਾਂ ਨੇ ਚਿੱਪ ਵਾਲੇ ਮੀਟਰ ਐੱਸਡੀਓ ਦਫ਼ਤਰ ਜਮ੍ਹਾਂ ਕਰਵਾਏ



ਚੇਤਨਪੁਰਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕਿਰਤੀ ਕਿਸਾਨ ਯੂਨੀਅਨ (ਪੰਜਾਬ) ਬਲਾਕ ਹਰਸ਼ਾ ਛੀਨਾਂ ਦੇ ਕਿਸਾਨਾਂ ਨੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਛੀਨਾਂ ਦੀ ਅਗਵਾਈ ਹੇਠ ਪਿੰਡ ਹਰਸ਼ਾ ਛੀਨਾਂ ਦੇ ਕਿਸਾਨਾਂ ਤੇ ਮਜ਼ਦੂਰਾਂ ਦੇ ਘਰਾਂ ਵਿੱਚ ਲਾਏ ਗਏ ਚਿੱਪ ਵਾਲੇ ਮੀਟਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਸਬ-ਡਿਵੀਜ਼ਨ ਹਰਸ਼ਾ ਛੀਨਾ ਦੇ ਐੱਸਡੀਓ ਦੇ ਦਫ਼ਤਰ 'ਚ ਜਮ੍ਹਾਂ ਕਰਵਾ ਕੇ ਪਾਵਰਕੌਮ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਯੂਨੀਅਨ ਆਗੂ ਅਵਤਾਰ ਸਿੰਘ ਛੀਨਾਂ ਤੇ ਸੁਖਜੀਤ ਸਿੰਘ ਪ੍ਰਧਾਨ ਸਹਿਕਾਰੀ ਸਭਾ ਹਰਸ਼ਾ ਛੀਨਾਂ ਨੇ ਦੱਸਿਆ ਕਿ ਇੱਕ ਪਾਸੇ ਪੰਜਾਬ ਸਰਕਾਰ ਅਤੇ ਬਿਜਲੀ ਅਧਿਕਾਰੀ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸਮੇਂ ਵਾਅਦਾ ਕਰਦੇ ਹਨ ਕਿ ਇਹ ਮੀਟਰ ਨਹੀਂ ਲਾਏ ਜਾਣਗੇ ।

# ਨਗਰ ਕੌਂਸਲ ਵੱਲੋਂ ਹੌਲੇ ਮੁਹੱਲੇ ਦੇ ਮੱਦੇਨਜ਼ਰ ਸਾਫ ਸਫਾਈ ਦਾ ਕੰਮ ਜੰਗੀ ਪੱਧਰ 'ਤੇ ਜਾਰੀ



ਸ੍ਰੀ ਅਨੰਦਪੁਰ ਸਾਹਿਬ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਤੇ ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਹੋਲੇ ਮੁਹੱਲੇ ਦੇ ਕੌਮੀ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਲਿਆਂ ਦੀ ਸਾਫ ਸਫਾਈ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਹੈ ।

ਇਸੇ ਸਬੰਧ ਵਿੱਚ ਅੱਜ ਸ਼ਹਿਰ ਦੇ ਰੇਲਵੇ ਰੋਡ ਵਾਲਾ ਨਾਲਾ , ਸਰਕਾਰੀ ਕੰਨਿਆ ਸਕੂਲ ਵਾਲਾ ਨਾਲਾ, ਨਵੀਂ ਆਬਾਦੀ ਵਾਲਾ ਨਾਲਾ, ਪੁੱਡਾ ਮਾਰਕੀਟ ਤੇ ਇਸ ਤੋਂ ਇਲਾਵਾ ਸ਼ਹਿਰ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾ ਰਿਹਾ ਹੈ।

ਨਗਰ ਕੌਂਸਲ ਵੱਲੋਂ ਇਹ ਅਪੀਲ ਕੀਤੀ ਗਈ ਕਿ ਬਾਹਰੋਂ ਆ ਰਹੀ ਸੰਗਤ ਅਤੇ ਸ਼ਹਿਰ ਵਾਸੀਆਂ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਨਗਰ ਕੌਂਸਲ ਨੂੰ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਤੇ ਸੰਗਤ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਲੰਗਰਾਂ ਵਿੱਚ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ। ਪਲਾਸਟਿਕ ਤੋਂ ਬਣੇ ਹੋਏ ਬਰਤਨ ਅਤੇ ਕਿਸੇ ਵੀ ਤਰੀਕੇ ਦੇ ਮੋਮੀ ਲਿਫਾਫੇ ਦਾ ਪ੍ਰਯੋਗ ਵੀ ਨਾ ਕੀਤਾ ਜਾਵੇ।

ਗਿੱਲੇ ਸੁੱਕੇ ਕੂੜੇ ਲਈ ਅਲੱਗ ਅਲੱਗ ਕੂੜੇਦਾਨ ਲਾਏ ਜਾਣ। ਇਸ ਮੌਕੇ ਤੇ ਹਰਦੇਵ ਸਿੰਘ ਪੱਸੀ, ਪਰਮਜੀਤ ਸੋਨੂੰ , ਰਜਿੰਦਰ ਕਾਲਾ,ਹਰਦੇਵ ਸਿੰਘ, ਗੋਬਿੰਦ ਸਿੰਘ, ਭਗਵੰਤ ਸਿੰਘ, ਵਿਨੋਦ ਕੁਮਾਰ ਬਿੰਦਰ ਚੰਦਪੁਰ , ਰਿੰਕਾ ਆਦਿ ਹਾਜਰ ਸਨ।

# ਪੰਜਾਬ ਸਰਕਾਰ ਨੇ ਬਜਟ 'ਚ ਮੁਲਾਜ਼ਮ ਵਰਗ ਦੀ ਕੀਤੀ ਅਣਦੇਖੀ : ਮੰਗਵਾਲ

ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਅੱਜ ਆਪਣੇ 2024-25 ਦੇ ਪੇਸ਼ ਕੀਤੇ ਗਏ ਤੀਜੇ ਬਜਟ ਵਿਚ ਮੁਲਾਜ਼ਮ ਵਰਗ ਲਈ ਕੋਈ ਵੀ ਐਲਾਨ ਨਹੀਂ ਕੀਤਾ ਗਿਆ।

ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਸੂਬਾਈ ਆਗੂ ਅਤੇ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਤੇ ਹੋਰ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮ ਵਰਗ ਨੇ ਬੜੇ ਚਾਅ ਨਾਲ ਸੱਤਾ ਵਿਚ ਲਿਆਂਦਾ ਸੀ ਪਰ ਇਹ ਸਰਕਾਰ ਨੇ ਨਾ ਤਾਂ ਅੱਜ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਕੋਈ ਐਲਾਨ ਕੀਤਾ ਹੈ ਅਤੇ ਨਾ ਹੀ ਹੋਰ ਮੰਗਾਂ ਜਿਵੇਂ ਕਿ ਛੇਵੇਂ ਤਨਖਾਹ ਕਮਿਸ਼ਨ ਦਾ ਜਨਵਰੀ 2016 ਤੋਂ ਬਕਾਇਆ ਅਤੇ ਤਰੁਟੀਆਂ ਦੂਰ ਕਰਨ ਸਮੇਤ ਡੀ.ਏ. ਦੀਆਂ ਦੋ ਕਿਸ਼ਤਾਂ ਅੱਠ ਫੀਸਦੀ ਦੇਣ, ਕੰਟਰੈਕਟ ਦੇ ਮੁਲਾਜ਼ਮਾਂ ਨੂੰ ਰੈਗਲੂਰ ਕਰਨ, ਪਿਛਲੀ ਸਰਕਾਰ ਵਲੋਂ ਰੋਕੇ ਪੇਂਡੂ ਭੱਤਾ, ਸਫਰੀ ਭੱਤਾ ਬਹਾਲ ਕਰਨ ਸਮੇਤ ਏ.ਸੀ.ਪੀ. ਸਕੀਮ 4,9,14 ਸਾਲਾਂ ਬਹਾਲ ਕਰਨ ਸਮੇਤ ਪੰਜਾਬ ਦੇ 6 ਲੱਖ ਮੁਲਾਜ਼ਮ ਪੈਨਸ਼ਨਰ ਦੀ ਕਿਸੇ ਮੰਗ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਮੁਲਾਜ਼ਮਾਂ ਦੇ ਸਾਂਝੇ ਫਰੰਟ ਵਲੋਂ 6 ਅਤੇ 8 ਮਾਰਚ ਨੂੰ ਸੂਬੇ ਭਰ ਵਿਚ ਬਜਟ ਦੀਆਂ ਕਾਪੀਆਂ ਸਾੜਨ ਉਪਰੰਤ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ।

# ਪਲੇਸਮੈਂਟ ਕੈਂਪ ਦੌਰਾਨ 18 ਨੌਜਵਾਨ ਰੋਜ਼ਗਾਰ ਲਈ ਸ਼ਾਰਟਲਿਸਟ

ਜਲੰਧਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਏ ਗਏ ਪਲੇਸਮੈਂਟ ਕੈਂਪ ਵੱਖ-ਵੱਖ ਕੰਪਨੀਆਂ ਵੱਲੋਂ 18 ਉਮੀਦਵਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਸ਼ਾਰਟਲਿਸਟ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਬਿਊਰੋ ਵਲੋਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਲਈ ਸਮੇਂ-ਸਮੇਂ 'ਤੇ ਅਜਿਹੇ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ।



ਉਨ੍ਹਾਂ ਦੱਸਿਆ ਕਿ ਪਲੇਸਮੈਂਟ ਕੈਂਪ ਦੌਰਾਨ ਪੀ.ਐਨ.ਬੀ. ਮੈਟ ਲਾਈਫ, ਐਸ.ਬੀ.ਆਈ. ਕ੍ਰੈਡਿਟ ਕਾਰਡ, ਰਿਲਾਇੰਸ ਜੀਓ, ਸ੍ਰੀਰਾਮ ਫੋਰਚਿਊਨ ਅਤੇ ਡਿਊਟਜ ਟਰੈਕਟਰਜ਼ ਵਲੋਂ ਸੇਲਜ਼ ਐਗਜ਼ੀਕਿਊਟਿਵ/ ਟੈਲੀਕਾਲਰ/ਰਿਲੇਸ਼ਨਸ਼ਿਪ ਐਗਜ਼ੀਕਿਊਟਿਵ/ ਬ੍ਰਾਂਚ ਰਿਲੇਸ਼ਨਸ਼ਿਪ ਐਗਜ਼ੀਕਿਊਟਿਵ/ਬ੍ਰਾਂਚ ਮੈਨੇਜਰ/ ਮਾਰਕੀਟਿੰਗ ਐਗਜ਼ੀਕਿਊਟਿਵ/ ਵਰਕਸ਼ਾਪ ਇੰਜੀਨੀਅਰ/ਮੈਕੇਨੀਕਲ ਇੰਜੀਨੀਅਰ ਆਦਿ ਲਈ 18 ਨੌਜਵਾਨਾਂ ਨੂੰ ਸ਼ਾਰਟਲਿਸਟ ਕੀਤਾ ਗਿਆ।

# ਫਲਾਈਓਵਰ ਨੇੜੇ ਇਨੋਵਾ ਤੇ ਖੱਚਰ ਰੇਹੜੀ 'ਚ ਟੱਕਰ



ਫਾਜ਼ਿਲਕਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਇਨੋਵਾ ਤੇ ਖੱਚਰ ਰੇਹੜੀ ਵਿਚਕਾਰ ਹੋਏ ਹਾਦਸੇ ਵਿਚ ਇਕ ਵਿਅਕਤੀ ਜ਼ਖਮੀ ਹੋ ਗਿਆ, ਜਦਕਿ ਖੱਚਰ ਦੀ ਮੌਤ ਹੋ ਗਈ।

ਰੇਹੜੀ ਚਾਲਕ ਦੇ ਭਰਾ ਨੇ ਦੱਸਿਆ ਕਿ ਉਸ ਦਾ ਭਰਾ ਮਦਨ ਲਾਲ ਇੱਟਾਂ ਲੈਣ ਲਈ ਭੱਠੇ 'ਤੇ ਜਾ ਰਿਹਾ ਸੀ ਤਾਂ ਫਲਾਈਓਵਰ ਨੇੜੇ ਤੇਜ਼ ਰਫਤਾਰ ਨਾਲ ਆ ਰਹੀ ਇਕ ਇਨੋਵਾ ਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦਾ ਭਰਾ ਗੰਭੀਰ ਜ਼ਖਮੀ ਹੋ ਗਿਆ ਅਤੇ ਖੱਚਰ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਡਰਾਈਵਰ ਗੱਡੀ ਛੱਡ ਕੇ ਫ਼ਰਾਰ ਹੋ ਗਿਆ।

# ਪਿੰਡ ਬਾਗੜੀਆਂ 'ਚੋਂ ਨੌਂ ਟਿਊਬਵੈੱਲਾਂ ਦੀਆਂ ਮੋਟਰਾਂ ਚੋਰੀ



ਕਾਹਨੂੰਵਾਨ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਬਾਗੜੀਆਂ ਵਿੱਚ ਬੀਤੀ ਰਾਤ 9 ਟਿਊਬਵੈੱਲਾਂ ਦੀਆਂ ਮੋਟਰਾਂ ਚੋਰੀ ਹੋ ਗਈਆਂ ਹਨ। ਇਸ ਸਬੰਧੀ ਕਿਸਾਨ ਆਗੂ ਉੱਤਮ ਸਿੰਘ, ਕੈਪਟਨ ਸਮਿੰਦਰ ਸਿੰਘ ਅਤੇ ਜਸਬੀਰ ਸਿੰਘ ਗੁਰਾਇਆ ਨੇ ਦੱਸਿਆ ਕਿ ਪਿੰਡ ਪੁਰਾਣੀਆਂ ਬਾਗੜੀਆਂ ਵਿੱਚੋਂ 9 ਕਿਸਾਨਾਂ ਮੱਖਣ ਸਿੰਘ, ਲਖਬੀਰ ਸਿੰਘ, ਰਜਿੰਦਰ ਸਿੰਘ, ਸਤਪਾਲ ਸਿੰਘ, ਜਰਨੈਲ ਸਿੰਘ, ਨਸੀਬ ਸਿੰਘ, ਕਰਨੈਲ ਸਿੰਘ, ਰਵਿੰਦਰ ਸਿੰਘ ਅਤੇ ਪਿਆਰਾ ਸਿੰਘ ਦੀਆਂ ਟਿਊਬਵੈੱਲ ਮੋਟਰਾਂ ਚੋਰੀ ਹੋ ਗਈਆਂ ਹਨ। ਮੋਟਰਾਂ ਚੋਰੀ ਹੋਣ ਦਾ ਸਿਲਸਿਲਾ ਇਸ ਸੀਜ਼ਨ ਦੌਰਾਨ ਪਿਛਲੇ ਦੋ ਮਹੀਨੇ ਤੋਂ ਸ਼ੁਰੂ ਹੋ ਚੁੱਕਾ ਸੀ। ਬੀਤੇ ਸਮੇਂ ਵਿੱਚ ਕਈ ਵਾਰ ਹੋਈ ਚੋਰੀ ਦੌਰਾਨ ਬੇਟ ਖੇਤਰ ਦੇ ਵੱਖ ਵੱਖ ਪਿੰਡਾਂ ਵਿੱਚੋਂ 4 ਦਰਜਨ ਦੇ ਕਰੀਬ ਮੋਟਰਾਂ ਚੋਰੀਆਂ ਹੋ ਚੁੱਕੀਆਂ ਹਨ।

ਚੋਰੀਆਂ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕਿਸਾਨਾਂ ਨੇ ਥਾਣਾ ਭੈਣੀ ਮੀਆਂ ਖਾਂ ਅੱਗੇ ਰੋਸ ਪ੍ਰਦਰਸ਼ਨ ਵੀ ਕੀਤਾ ਸੀ ਅਤੇ ਥਾਣਾ ਮੁਖੀ ਨੂੰ ਲਿਖਤੀ ਸ਼ਿਕਾਇਤ ਵੀ ਕੀਤੀ ਸੀ, ਪਰ ਪੁਲੀਸ ਵੱਲੋਂ ਕਿਸਾਨਾਂ ਨੂੰ ਕੋਈ ਭਰੋਸੇਯੋਗ ਉੱਤਰ ਨਹੀਂ ਦਿੱਤਾ ਗਿਆ ਸੀ। ਥਾਣਾ ਮੁਖੀ ਸੁਮਨਪ੍ਰੀਤ ਕੌਰ ਮਾਨ ਨੇ ਕਿਹਾ ਕਿ ਪੁਲੀਸ ਦੀਆਂ ਚਾਰ ਟੀਮਾਂ ਰਾਤ ਦੀ ਗਸ਼ਤ ਕਰਨ ਲਈ ਬਣਾ ਦਿੱਤੀਆਂ ਗਈਆਂ ਹਨ। ਇਲਾਕੇ ਵਿੱਚ ਰਾਤ ਸਮੇਂ ਸਖਤੀ ਕਰਕੇ ਚੋਰ ਗਰੋਹ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ। ਚੋਰ ਗਰੋਹ ਖਿਲਾਫ਼ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਉੱਤੇ ਕਿਸਾਨਾਂ ਨੇ ਥਾਣੇ ਦਾ ਘਿਰਾਓ ਕਰਨ ਦੀ ਚਿਤਾਵਨੀ ਦਿੱਤੀ।

## ਹਾਸੋਹੀਣਾ ਹੈ ਸਾਬਕਾ ਕਾਂਗਰਸੀਆਂ ਦਾ ਪਖੰਡ : ਕੰਗ

ਚੰਡੀਗੜ੍ਹ 8 ਮਾਰਚ। ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ 'ਤੇ ਕਿਸਾਨ ਵਿਰੋਧੀ ਹੋਣ ਅਤੇ ਆਪਣੇ ਵੋਟ ਬੈਂਕ ਲਈ ਉਨ੍ਹਾਂ ਨੂੰ ਵਰਤਣ ਦਾ ਦੋਸ਼ ਲਾਇਆ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਦਾ ਕਿਸਾਨ ਵਿਰੋਧੀ ਚਿਹਰਾ ਇਕ ਵਾਰ ਫਿਰ ਨੰਗਾ ਹੋ ਗਿਆ ਹੈ ਕਿਉਂਕਿ ਉਸ ਨੇ ਕਿਸਾਨ ਦੇ ਕਾਤਲ ਦੇ ਪਿਤਾ ਅਜੈ ਮਿਸ਼ਰਾ ਟੈਣੀ ਨੂੰ ਲਖੀਮਪੁਰ ਖੇੜੀ ਤੋਂ ਆਪਣਾ ਉਮੀਦਵਾਰ




ਬਣਾਇਆ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸੀਆਂ ਦਾ ਪਖੰਡ ਹਾਸੋਹੀਣਾ ਹੈ। ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਸਾਹਮਣੇ ਧਰਨਾ ਦੇਣ ਦੀ ਬਜਾਏ ਕਿਸਾਨ ਵਿਰੋਧੀ ਬਿਆਨ ਦੇਣ ਵਾਲੇ ਭਾਜਪਾ ਚੰਡੀਗੜ੍ਹ ਦੇ ਪ੍ਰਧਾਨ ਜਤਿੰਦਰ ਮਲਹੋਤਰਾ ਦੇ ਘਰ ਸਾਹਮਣੇ ਜਾਂ ਭਾਜਪਾ ਦੇ ਮੁੱਖ ਦਫਤਰ ਅੱਗੇ ਧਰਨਾ ਦੇਣਾ ਚਾਹੀਦਾ ਹੈ। ਕੰਗ ਨੇ ਕਿਹਾ ਕਿ ਭਾਜਪਾ ਨੇ ਸਾਡੇ ਨੌਜਵਾਨਾਂ ਨੂੰ ਅਗਨੀਵੀਰ ਬਣਾਇਆ। ਭਾਜਪਾ ਦੇ ਰਾਜ 'ਚ ਸਾਡੇ ਦੇਸ਼ 'ਚ ਕੋਈ ਵੀ ਔਰਤ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ 'ਚ ਰਹਿੰਦਿਆਂ ਸੁਨੀਲ ਜਾਖੜ ਮੋਦੀ ਸਰਕਾਰ ਦੀ ਆਲੋਚਨਾ ਕਰਦੇ ਸਨ ਪਰ ਉਸੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੇ ਗਿਰਗਿਟ ਵਾਂਗ ਰੰਗ ਬਦਲ ਲਿਆ ਅਤੇ ਹੁਣ ਪੰਜਾਬ ਦੇ ਲੋਕ ਉਨ੍ਹਾਂ ਦੇ ਕਿਸੇ ਵੀ ਝਾਂਸੇ 'ਚ ਨਹੀਂ ਆਉਣਗੇ।

## ਡਾ. ਬਲਜੀਤ ਕੌਰ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਵਧਾਈ

ਚੰਡੀਗੜ੍ਹ 8 ਮਾਰਚ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੰਤਰਰਾਸਟਰੀ ਮਹਿਲਾ ਦਿਵਸ ਅਤੇ ਸੂਬੇ ਦੀਆਂ ਔਰਤਾਂ ਨੂੰ ਵਧਾਈ ਦਿੱਤੀ ਹੈ। ਆਪਣੇ ਵਧਾਈ ਸੰਦੇਸ 'ਚ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਦਿਨ ਔਰਤਾਂ ਵਲੋਂ ਸਮਾਜ ਦੀ ਤਰੱਕੀ ਵਿੱਚ ਪਾਏ ਯੋਗਦਾਨ, ਬਰਾਬਰਤਾ ਦੇ ਸਿਧਾਂਤ ਅਤੇ ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਦਿਨ ਸਾਨੂੰ ਸਾਰਿਆਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਦੇ ਸ਼ਕਤੀਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਸਮਾਜ 'ਚ ਬਰਾਬਰਤਾ ਦੇਣ ਲਈ ਜੈਂਡਰ ਬਜਟ ਲਾਗੂ ਕੀਤਾ ਗਿਆ ਹੈ।

# ਪੰਜਾਬ 'ਚ ਡਿਫਾਲਟਰ ਬਿਜਲੀ ਖਪਤਕਾਰਾਂ ਨੂੰ ਵੱਡਾ ਝਟਕਾ

ਕਿਸ਼ਨ ਪਾਲ

ਲੁਧਿਆਣਾ 8 ਮਾਰਚ। ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਵੱਲੋਂ ਮੌਜੂਦਾ ਸਮੇਂ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਡਿਫਾਲਟਰਾਂ ਖਿ?ਲਾਫ ਕਾਰਵਾਈ ਕਰਨ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਵਿਭਾਗ ਦੇ ਡਿਫਾਲਟਰਾਂ ਤੋਂ ਬਿਜਲੀ ਦੇ ਬਕਾਇਆ ਖੜ੍ਹੇ ਬਿੱਲਾਂ ਦੀ ਰਿਕਵਰੀ ਕਰਨ ਅਤੇ ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਲਈ ਵਿਭਾਗੀ ਅਧਿਕਾਰੀਆਂ ਦੀਆਂ ਵੱਖ-ਵੱਖ ਟੀਮਾਂ ਪਿਛਲੇ ਕਈ ਦਿਨਾਂ ਤੋਂ ਸੜਕਾਂ 'ਤੇ ਉੱਤਰੀਆਂ ਹੋਈਆਂ ਹਨ। ਵਿਭਾਗੀ ਅੰਕੜਿਆਂ ਦੀ ਗੱਲ ਕਰੀਏ ਤਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀਆਂ ਲੁਧਿਆਣਾ ਸ਼ਹਿਰ ਦੀਆਂ 3 ਵੱਖ-ਵੱਖ ਡਵੀਜ਼ਨਾਂ ਲਈ ਐਕਸੀਅਨ ਸਾਹਿਬਾਨਾਂ ਵੱਲੋਂ ਫਰਵਰੀ ਮਹੀਨੇ 'ਚ ਕਾਰਵਾਈ ਕਰਦੇ ਹੋਏ ਜਿੱਥੇ 1050 ਡਿਫਾਲਟਰਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਗਏ ਹਨ, ਉੱਥੇ 14.2 ਕਰੋੜ ਰੁਪਏ ਦੀ ਭਾਰੀ ਰਿਕਵਰੀ ਵੀ ਕੀਤੀ ਗਈ ਹੈ, ਜਦੋਂਕਿ ਇਸ ਦੌਰਾਨ 6 ਹੋਰ ਡਵੀਜ਼ਨਾਂ ਦੇ ਅੰਕੜੇ ਹਾਲ ਦੀ ਘੜੀ ਨਹੀਂ ਮਿਲ ਸਕੇ ਹਨ। ਇਕ ਅੰਦਾਜ਼ੇ ਮੁਤਾਬਕ 6 ਡਵੀਜ਼ਨਾਂ ਦੇ ਅਧਿਕਾਰੀਆਂ ਵੱਲੋਂ ਡਿਫਾਲਟਰਾਂ ਤੋਂ ਬਿਜਲੀ ਦੇ ਬਕਾਇਆ ਬਿੱਲਾਂ ਦੀ ਕੀਤੀ ਗਈ ਰਿਕਵਰੀ ਦਾ ਅੰਕੜਾ 25 ਕਰੋੜ ਰੁਪਏ ਦੇ ਕਰੀਬ ਹੋਣ ਦੀ ਚਰਚਾ ਹੈ ਪਰ ਹਾਲ ਦੀ ਘੜੀ ਇਸ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ। ਇੱਥੇ ਦੱਸਣਾ ਜਰੂਰੀ ਹੋਵੇਗਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ 31 ਮਾਰਚ ਨੂੰ ਕਲੋਜ਼ਿ?ਗ ਡੇਟ ਹੋਣ ਕਾਰਨ ਪਾਵਰਕਾਮ ਵਿਭਾਗ ਦੇ ਡਿਫਾਲਟਰਾਂ ਤੋਂ ਬਕਾਇਆ


ਖੜ੍ਹੇ ਬਿੱਲਾਂ ਦੀ ਰਿਕਵਰੀ ਕਰਨ ਦਾ ਕੰਮ ਪੂਰੀ ਤੇਜ਼ੀ ਨਾਲ

ਕੀਤਾ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਅਗਰ ਨਗਰ ਡਵੀਜ਼ਨ ਦੇ ਐਕਸੀਅਨ ਦਿਲਜੀਤ ਸਿੰਘ, ਸਿਟੀ ਵੈਸਟ ਡਵੀਜ਼ਨ ਦੇ ਐਕਸੀਅਨ ਰਾਜੇਸ਼ ਕੁਮਾਰ ਸ਼ਰਮਾ ਅਤੇ ਸੁੰਦਰ ਨਗਰ ਡਵੀਜ਼ਨ ਦੇ ਐਕਸੀਅਨ ਜਗਮੋਹਨ ਸਿੰਘ ਜੰਡੂ ਨੇ ਦੱਸਿਆ ਕਿ ਵਿਭਾਗ ਦੇ ਡਿਫਾਲਟਰਾਂ ਤੋਂ ਬਕਾਇਆ ਬਿੱਲਾਂ ਦੀ ਰਕਮ ਰਿਕਵਰ ਕਰਨ ਲਈ ਵਿਭਾਗੀ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ, ਜੋ ਕਿ ਰੋਜ਼ਾਨਾ ਸਵੇਰੇ ਕਾਰਵਾਈ ਕਰਨ ਲਈ ਸੜਕਾਂ 'ਤੇ ਉੱਤਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਡਿਫਾਲਟਰਾਂ ਖਿ?ਲਾਫ ਕੀਤੀ ਜਾ ਰਹੀ ਕਾਰਵਾਈ ਭਵਿੱਖ ਦੇ ਦਿਨਾਂ 'ਚ ਹੋਰ ਵੀ ਤੇਜ਼ ਕੀਤੀ ਜਾਵੇਗੀ, ਜਿਸ ਵਿਚ ਵਿਭਾਗ ਦੇ ਆਲ੍ਹਾ ਅਧਿਕਾਰੀਆਂ ਦੇ ਨਿਰਦੇਸ਼ਾਂ ਮੁਤਾਬਕ ਡਿਫਾਲਟਰਾਂ ਤੋਂ ਬਕਾਇਆ ਬਿਜਲੀ ਬਿੱਲਾਂ ਦੇ ਨਾਲ ਹੀ ਜੁਰਮਾਨਾ ਵਸੂਲਣ ਦੀ ਰਣਨੀਤੀ ਅਪਣਾਈ ਜਾ ਸਕਦੀ ਹੈ। ਐਕਸੀਅਨ ਦਿਲਜੀਤ ਸਿੰਘ, ਰਾਜੇਸ਼ ਕੁਮਾਰ ਸ਼ਰਮਾ, ਜਗਮੋਹਨ ਸਿੰਘ ਜੰਡੂ ਵੱਲੋਂ ਵਿਭਾਗ ਦੇ ਡਿਫਾਲਟਰਾਂ ਨੂੰ ਬਿਜਲੀ ਦੇ ਬਕਾਇਆ ਬਿੱਲ ਜਮ੍ਹਾਂ ਕਰਵਾਉਣ ਲਈ ਖੁਦ ਅੱਗੇ ਆਉਣ ਦੀ ਅਪੀਲ ਕੀਤੀ ਹੈ, ਤਾਂ ਕਿ ਬਾਅਦ 'ਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕੇ।

## ਨਕੋਦਰ ਵਿਖੇ ਬੱਸ ਦੀ ਫੇਟ ਵੱਜਣ ਨਾਲ ਸਾਈਕਲ ਸਵਾਰ ਬਜ਼ੁਰਗ ਦੀ ਮੌਤ

ਨਕੋਦਰ 8 ਮਾਰਚ। ਨਕੋਦਰ-ਮਹਿਤਪੁਰ ਰੋਡ 'ਤੇ ਬੀਤੇ ਦਿਨ ਰੇਲਵੇ ਫਾਟਕ ਨੇੜੇ ਬੱਸ ਦੀ ਫੇਟ ਵੱਜਣ ਨਾਲ ਸਾਈਕਲ ਸਵਾਰ ਬਜ਼ੁਰਗ ਦੀ ਮੌਤ ਹੋ ਗਈ। ਹਾਦਸੇ ਉਪਰੰਤ ਡਰਾਈਵਰ ਬੱਸ ਛੱਡ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਹੰਸ ਰਾਜ ਵਾਸੀ ਮੁਹੱਲਾ ਊਧਮ ਸਿੰਘ ਨਗਰ ਨਕੋਦਰ ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਮ੍ਰਿਤਕ ਦੇ ਪਰਿਵਾਰਕ ਮੈਂਬਰ ਅਤੇ ਮੁਹੱਲਾ ਵਾਸੀਆਂ ਮੌਕੇ 'ਤੇ ਪਹੁੰਚੇ, ਜਿਨ੍ਹਾਂ ਲਾਸ਼ ਨੂੰ ਸੜਕ ਵਿਚ ਰੱਖ ਕੇ ਨਕੋਦਰ-ਮਹਿਤਪੁਰ ਰੋਡ ਜਾਮ ਕਰ ਕੇ ਧਰਨਾ ਲਾ ਦਿੱਤਾ ਅਤੇ ਮੰਗ ਕੀਤੀ ਕਿ ਜਿੰਨਾ ਚਿਰ ਬੱਸ ਡਰਾਈਵਰ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਦਰਜ ਨਹੀਂ ਕੀਤਾ ਜਾਂਦਾ ਓਨਾ ਚਿਰ ਉਹ ਲਾਸ਼ ਨੂੰ ਸੜਕ ਵਿਚੋਂ ਨਹੀਂ ਚੁੱਕਣਗੇ। ਨਕੋਦਰ-ਮਹਿਤਪੁਰ ਰੋਡ ਜਾਮ ਕਰਕੇ ਕੀਤੇ ਜਾ ਰਹੇ ਰੋਸ-ਪ੍ਰਦਰਸ਼ਨ ਦੀ ਸੂਚਨਾ ਮਿਲਦੇ ਹੀ ਡੀ. ਐੱਸ. ਪੀ. ਨਕੋਦਰ ਕੁਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ, ਜਿਨ੍ਹਾਂ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਬੱਸ ਡਰਾਈਵਰ ਨੂੰ ਕਾਬੂ ਕਰ ਲਿਆ ਗਿਆ ਹੈ। ਡੀ. ਐੱਸ .ਪੀ. ਨਕੋਦਰ ਦੇ ਵਿਸ਼ਵਾਸ ਉਪਰੰਤ ਪਰਵਾਰਿਕ ਮੈਂਬਰਾਂ ਨੇ ਧਰਨਾ ਸਮਾਪਤ ਕੀਤਾ। ਮ੍ਰਿਤਕ ਦੇ ਲੜਕੇ ਪਰਮਜੀਤ ਵਾਸੀ ਮੁਹੱਲਾ ਊਧਮ ਸਿੰਘ ਨਗਰ ਨਕੋਦਰ ਦੇ ਬਿਆਨਾਂ 'ਤੇ ਬੱਸ ਡਰਾਈਵਰ ਲਖਵੀਰ ਕੁਮਾਰ ਵਾਸੀ ਪਿੰਡ ਪਾਂਸ਼ਟਾ ਫਗਵਾੜਾ ਦੇ ਖਿ?ਲਾਫ ਥਾਣਾ ਸਿਟੀ ਨਕੋਦਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

## ਬਿਟਕੁਆਇਨ ਨੇ ਕਾਇਮ ਕੀਤਾ ਨਵਾਂ ਰਿਕਾਰਟ, ਇਕ ਮਹੀਨੇ 'ਚ ਦਿੱਤੀ 55 ਫੀਸਦੀ ਦੀ ਰਿਟਰਨ

ਨਵੀਂ ਦਿੱਲੀ 8 ਮਾਰਚ। ਦੁਨੀਆ ਦੀ ਸਭ ਤੋਂ ਵੱਡੀ ਕ੍ਰਿਪਟੋਕਰੰਸੀ ਬਿਟਕੁਆਇਨ 'ਚ ਇਨ੍ਹੀਂ ਦਿਨੀਂ ਜਬਰਦਸਤ ਤੇਜੀ ਦੇਖਣ ਨੂੰ ਮਿਲ ਰਹੀ ਹੈ। ਮੰਗਲਵਾਰ ਨੂੰ ਬਿਟਕੁਆਇਨ ਨੇ ਨਵਾਂ ਆਲ ਟਾਈਮ ਹਾਈ ਬਣਾਇਆ ਅਤੇ ਇਸ ਦੌਰਾਨ 69,202 ਡਾਲਰ ਦੇ ਪੱਧਰ ਨੂੰ ਛੂਹਿਆ। ਇਸ ਤੋਂ ਪਹਿਲਾਂ ਬਿਟਕੁਆਇਨ ਦਾ ਸਭ ਤੋਂ ਉੱਚਾ ਪੱਧਰ 68,999 ਡਾਲਰ ਦਾ ਸੀ, ਜੋ 21 ਨਵੰਬਰ 2021 ਨੂੰ ਬਿਟਕੁਆਇਨ ਨੇ ਬਣਾਇਆ ਸੀ। ਬਿਟਕੁਆਇਨ ਦੇ ਵੱਲੋਂ ਬੀਤੇ ਇਕ ਮਹੀਨੇ 'ਚ 55 ਫੀਸਦੀ ਤੋਂ ਵੱਧ ਦਾ ਰਿਟਰਨ ਦਿੱਤੀ ਗਈ ਹੈ। ਇਕੱਲੇ ਫਰਵਰੀ 'ਚ ਹੀ ਦੁਨੀਆ ਦੀ ਸਭ ਤੋਂ ਵੱਡੀ ਕ੍ਰਿਪਟੋਕਰੰਸੀ 'ਚ 44 ਫੀਸਦੀ ਤੋਂ ਵੱਧ ਦੀ ਰਿਟਰਨ ਦਿੱਤੀ ਹੈ। ਏ.ਐੱਸ.ਈ.ਜੀ. ਦੇ ਡਾਟਾ ਮੁਤਾਬਕ ਅਮਰੀਕਾ ਦੇ 10 ਸਪਾਟ ਯੂ.ਐੱਸ. ਕ੍ਰਿਪਟੋ ਫੰਡ 'ਚ ਨਿਵੇਸ਼ 1 ਮਾਰਚ ਤੱਕ 2.17 ਬਿਲੀਅਨ ਡਾਲਰ 'ਤੇ ਪਹੁੰਚ ਗਿਆ ਹੈ। ਇਸ 'ਚੋਂ ਅੱਧਾ ਬਲੈਕਰਾਕ ਦੇ ਆਈਸ਼ੇਰ ਬਿਟਕੁਆਇਨ ਟਰੱਸਟ 'ਚ ਆ ਰਿਹਾ ਹੈ। ਖਬਰ ਲਿਖੇ ਜਾਣ ਤੱਕ ਅੱਜ ਬਿਟਕੁਆਇਨ 66,988 ਡਾਲਰ 'ਤੇ ਕਾਰੋਬਾਰ ਕਰ ਰਿਹਾ ਸੀ। ਇਕ ਰਿਪੋਰਟ 'ਚ ਦੱਸਿਆ ਗਿਆ ਕਿ ਬਿਟਕੁਆਇਨ 'ਚ ਤੇਜੀ ਕਾਰਨ ਅਮਰੀਕਾ 'ਚ ਬਿਟਕੁਆਇਨ ਈ.ਟੀ.ਐੱਫ. 'ਚ ਨਿਵੇਸ਼ਕਾਂ ਵੱਲ ਵੱਡੀ ਗਿਣਤੀ 'ਚ ਨਿਵੇਸ਼ ਕਰਨਾ ਹੈ ਜਿਸ ਕਾਰਨ ਇਸ 'ਚ ਤੇਜੀ ਦੇਖਣ ਨੂੰ ਮਿਲ ਰਹੀ ਹੈ। ਅਮਰੀਕੀ ਨਿਵੇਸ਼ਕਾਂ ਦਾ ਬਿਟਕੁਆਇਨ ਵੱਲ ਰੁਝਾਨ ਵਧਣ ਕਾਰਨ ਵਿਆਜ ਦਰਾਂ ਘੱਟ ਹੋਣ ਦੇ ਖਦਸ਼ੇ ਨੂੰ ਵੀ ਮੰਨਿਆ ਜਾ ਰਿਹਾ ਹੈ। ਇਸ ਮਾਮਲੇ ਦੇ ਸਬੰਧ ਵਿਚ ਕ੍ਰਿਪਟੋ ਪਲੇਟਫਾਰਮ ਐਂਕਰੇਜ ਡਿਜੀਟਲ ਦੇ ਸੀ.ਈ.ਓ. ਅਤੇ ਸਹਿ-ਸੰਸਥਾਪਕ ਨਾਥਨ ਮੈਕਕੋਲੀ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਕ੍ਰਿਪਟੋ ਕਰੰਸੀ ਦਾ ਨਵਾਂ ਆਲ ਟਾਈਮ ਹਾਈ ਬਣਾਉਣਾ ਇਕ ਚੰਗਾ ਸੰਕੇਤ ਹੈ। ਇਸ ਦੇ ਨਾਲ ਹੀ ਈ.ਟੀ.ਐੱਫ. ਆਉਣ ਪਿੱਛੋਂ ਉਹ ਸੰਸਥਾਵਾਂ ਹਨ, ਜੋ ਕ੍ਰਿਪਟੋ 'ਚ ਨਿਵੇਸ਼ ਨਹੀਂ ਕਰ ਰਹੀਆਂ ਸਨ।

## 'ਸਿੱਧੂ ਮੂਸੇ ਵਾਲਾ ਵਾਂਗ ਮੈਨੂੰ ਵੀ ਮਾਰ ਦੇਣਗੇ', ਐਲਵਿਸ਼ ਯਾਦਵ ਮਾਮਲੇ 'ਚ ਸ਼ਿਕਾਇਤਕਰਤਾ ਨੇ ਦੱਸਿਆ ਜਾਨ ਨੂੰ ਖਤਰਾ

ਏਜੰਸੀਆਂ

ਗੁਰੂਗ੍ਰਾਮ 8 ਮਾਰਚ। ਯੂਟਿਊਬਰ ਐਲਵਿਸ਼ ਯਾਦਵ ਅਤੇ ਗਾਇਕ ਰਾਹੁਲ ਯਾਦਵ ਦੇ ਖਿਲਾਫ ਮਾਮਲਾ ਦਰਜ ਕਰਵਾਉਣ ਵਾਲੇ ਪੀਪੁਲਜ ਫਾਰ ਐਨੀਮਲਜ ਸੰਸਥਾ ਦੇ ਮੈਂਬਰ ਸੌਰਭ ਗੁਪਤਾ ਨੇ ਮੰਗਲਵਾਰ ਨੂੰ ਹਰਿਆਣਾ ਦੇ ਗੁਰੂਗ੍ਰਾਮ ਦੀ ਇਕ ਅਦਾਲਤ ਤੋਂ ਸੁਰੱਖਿਆ ਮੰਗੀ ਅਤੇ ਦਾਅਵਾ ਕੀਤਾ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਗੁਪਤਾ ਨੇ ਅਦਾਲਤ ਨੂੰ ਕਿਹਾ ਕਿ ਉਸ ਨੂੰ ਪੰਜਾਬੀ ਗਾਇਗ ਸਿੱਧੂ ਮੂਸੇ ਵਾਲਾ ਅਤੇ ਇਨੈਲੋ ਆਗੂ ਨਫੇ ਸਿੰਘ ਰਾਠੀ ਵਾਂਗ ਹੀ ਮਾਰਿਆ ਜਾ ਸਕਦਾ ਹੈ। ਸੁਣਵਾਈ ਦੌਰਾਨ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਸੁਣਵਾਈ ਲਈ ਇਕ ਹੋਰ ਤਰੀਕ ਦੀ ਮੰਗ ਕਰਦਿਆਂ ਗੁਪਤਾ ਨੇ ਅਦਾਲਤ ਨੂੰ ਕਿਹਾ ਕਿ ਪੁਲਸ ਉਸ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਦੀ ਹੈ ਕਿਉਂਕਿ ਉਸ 'ਤੇ ਵੀ ਮੂਸੇ ਵਾਲਾ ਅਤੇ ਰਾਠੀ ਵਾਂਗ ਹਮਲਾ ਕੀਤਾ ਜਾ ਸਕਦਾ ਹੈ। ਮਾਮਲੇ ਦੀ ਅਗਲੀ ਸੁਣਵਾਈ 28 ਮਾਰਚ ਨੂੰ ਹੋਵੇਗੀ। ਪੀ.ਐੱਫ.ਏ. ਮੈਂਬਰ ਨੇ ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ, ਗੁਰੂਗ੍ਰਾਮ ਦੇ ਜ਼ਿ?ਲ੍ਹਾ ਅਤੇ ਸੈਸਨ ਜੱਜ ਅਤੇ ਗੁਰੂਗ੍ਰਾਮ ਪੁਲਸ ਕਮਿਸਨਰ ਨੂੰ ਇੱਕ ਚਿੱਠੀ ਲਿਖ ਕੇ ਕਿਹਾ ਸੀ ਕਿ ਉਸ ਨੂੰ ਸੋਸਲ ਮੀਡੀਆ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਗੁਪਤਾ ਨੇ ਕਿਹਾ ਕਿ ਕਈ ਲੋਕ ਉਨ੍ਹਾਂ 'ਤੇ ਅਲਵਿਸ ਯਾਦਵ ਅਤੇ ਰਾਹੁਲ ਯਾਦਵ ਦੇ ਖਿਲਾਫ ਸ਼ਿ?ਕਾਇਤ ਵਾਪਸ ਲੈਣ ਲਈ ਦਬਾਅ ਪਾ ਰਹੇ ਹਨ। ਦੱਸ ਦੇਈਏ ਕਿ ਗੁਪਤਾ ਨੇ ਗਾਜੀਆਬਾਦ ਦੇ ਨੰਦਗ੍ਰਾਮ ਥਾਣੇ ਵਿੱਚ ਵੀ ਸ਼ਿ?ਕਾਇਤ ਦਰਜ ਕਰਵਾਈ ਹੈ ਕਿ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਦੱਸ ਦੇਈਏ ਕਿ ਨਵੰਬਰ 2023 ਵਿੱਚ ਪੀ.ਐੱਫ.ਏ. ਦੁਆਰਾ ਕੀਤੇ ਗਏ ਇੱਕ ਸਟਿੰਗ ਆਪ੍ਰੇਸਨ ਦੇ ਅਧਾਰ ਤੇ ਹਰਿਆਣਾ ਪੁਲਸ ਨੇ 5 ਲੋਕਾਂ ਨੂੰ ਫੜਿਆ ਅਤੇ ਉਨ੍ਹਾਂ ਦੇ ਕਬਜੇ ਵਿੱਚੋਂ ਸੱਪ ਬਰਾਮਦ ਕੀਤੇ। ਇਸ ਤੋਂ ਬਾਅਦ ਗੁਪਤਾ ਨੇ ਉੱਤਰ ਪ੍ਰਦੇਸ ਦੇ ਸੈਕਟਰ 51, ਨੋਇਡਾ ਵਿੱਚ ਇੱਕ ਪਾਰਟੀ ਲਈ ਸੱਪ ਦਾ ਜਹਿਰ ਮੁਹੱਈਆ ਕਰਾਉਣ ਲਈ ਐਲਵਿਸ ਯਾਦਵ ਅਤੇ ਰਾਹੁਲ ਯਾਦਵ ਉਰਫ ਫਾਜ਼ਿ?ਲਪੁਰੀਆ ਸਮੇਤ 6 ਲੋਕਾਂ ਖਿ?ਲਾਫ ਸ਼ਿ?ਕਾਇਤ ਦਰਜ ਕਰਵਾਈ। ਐਲਵੀਸ ਯਾਦਵ ਅਤੇ ਹੋਰਾਂ ਵਿਰੁੱਧ ਜੰਗਲੀ ਜੀਵ (ਸੁਰੱਖਿਆ) ਐਕਟ ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਮਾਤਮ 'ਚ ਬਦਲੀਆਂ ਖੁਸ਼ੀਆਂ, ਵਿਆਹ ਤੋਂ ਪਰਤ ਰਹੇ 5 ਲੋਕਾਂ ਦੀ ਭਿਆਨਕ ਹਾਦਸੇ 'ਚ ਮੌਤ

ਰੇਵਾੜੀ 8 ਮਾਰਚ। ਹਰਿਆਣਾ ਦੇ ਰੇਵਾੜੀ 'ਚ ਅੱਜ ਸਵੇਰੇ ਦਰਦਨਾਕ ਹਾਦਸਾ ਵਾਪਰ ਗਿਆ। ਇੱਥੇ ਮਹਿੰਦਰਗੜ੍ਹ ਰੋਡ 'ਤੇ ਸਥਿਤ ਪਿੰਡ ਸੀਹਾ ਕੋਲ ਰੋਡਵੇਜ ਦੀ ਬੱਸ ਅਤੇ ਕਾਰ ਵਿਚਾਲੇ ਟੱਕਰ 'ਚ 5 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲੇ ਸਾਰੇ 5 ਲੋਕ ਕਾਰ ਵਿਚ ਸਵਾਰ ਸਨ ਅਤੇ ਵਿਆਹ ਸਮਾਰੋਹ ਤੋਂ ਵਾਪਸ ਆਪਣੇ ਘਰ ਪਰਤ ਰਹੇ ਸਨ। ਹਾਦਸੇ ਤੋਂ ਤੁਰੰਤ ਬਾਅਦ ਮੌਕੇ 'ਤੇ ਲੋਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ। ਸਾਰਿਆਂ ਨੂੰ ਬਹੁਤ ਮੁਸ਼ਕਲ ਨਾਲ ਕਾਰ ਵਿਚੋਂ ਬਾਹਰ ਕੱਢਿਆ ਗਿਆ ਅਤੇ ਤੁਰੰਤ ਟਰਾਮਾ ਸੈਂਟਰ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਸਾਰਿਆਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਸਾਰੀਆਂ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਜਾਣਕਾਰੀ ਸਾਹਮਣੇ ਆਈ ਹੈ ਕਿ ਹਾਦਸੇ ਵਿਚ ਮਰਨ ਵਾਲੇ ਸਾਰੇ ਲੋਕ ਚਰਖੀ ਦਾਦਰੀ ਦੇ ਰਹਿਣ ਵਾਲੇ ਸਨ। ਇਹ ਸਾਰੇ ਰੇਵਾੜੀ ਦੇ ਧਾਰੂਹੇੜਾ ਨੇੜੇ ਪਿੰਡ ਤਤਾਰਪੁਰ 'ਚ ਇਕ ਵਿਆਹ ਸਮਾਗਮ 'ਚ ਸਾਮਲ ਹੋਣ ਲਈ ਆਏ ਸਨ

## ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹੜ੍ਹ ਨਾਲ ਕਿਸਾਨਾਂ ਦੀ ਤਬਾਹ ਹੋਈ ਜ਼ਮੀਨ ਨੂੰ ਪੱਧਰਾ ਕਰਨ ਦੀ ਕਾਰਸੇਵਾ ਕਰਵਾਈ ਸ਼ੁਰੂ

ਏਜੰਸੀਆਂ

ਲੋਹੀਆਂ ਖਾਸ 8 ਮਾਰਚ। ਹੜ੍ਹ ਨਾਲ 8 ਮਹੀਨੇ ਪਹਿਲਾਂ ਤਬਾਹ ਹੋਈ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਪੱਧਰਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਾਰਸੇਵਾ ਦਾ ਤੀਜਾ ਪੜਾਅ ਆਰੰਭ ਕੀਤਾ ਗਿਆ। ਸਾਲ 2023 ਦੌਰਾਨ ਹੜ੍ਹ ਦੀ ਮਾਰ ਹੇਠ ਆਏ ਲੋਕਾਂ ਨੂੰ ਉਸ ਭਿਆਨਕ ਮੰਜ਼ਰ 'ਚੋਂ ਕੱਢਣ ਤੇ ਧੁੱਸੀ ਬੰਨ੍ਹ ਨੂੰ ਬੰਨ੍ਹਣ 'ਚ ਦਿੱਤੇ ਗਏ ਸਹਿਯੋਗ ਲਈ ਇਲਾਕੇ ਦੇ ਲੋਕਾਂ ਵੱਲੋਂ ਗੁਰੂ ਮਹਾਰਾਜ ਦੇ ਸ਼ੁਕਰਾਨੇ ਲਈ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ 5 ਆਖੰਡ ਪਾਠ ਸਾਹਿਬ ਦੇ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ। ਇਸ ਲੜੀ ਤਹਿਤ ਚੱਲ ਰਹੇ ਅਖੰਡ ਪਾਠ ਸਾਹਿਬ ਜੀ ਦੇ ਭੋਗ 5,7 ਅਤੇ 9 ਮਾਰਚ 2024 ਨੂੰ ਪਾਏ ਜਾਣਗੇ। ਜ਼ਿਕਰਯੋਗ ਹੈ ਕਿ 10 ਤੇ 11 ਜੁਲਾਈ 2023 ਦੀ ਦਰਮਿਆਨੀ ਰਾਤ ਨੂੰ ਗੱਟਾ ਮੁੰਡੀ ਕਾਸੂ ਨੇੜਿਓਂ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਚ ਵੱਡਾ ਪਾੜ ਪੈ ਗਿਆ ਸੀ, ਜਿਸ ਕਾਰਨ ਦਰਿਆ ਦੇ ਅੰਦਰ ਅਤੇ ਬਾਹਰ ਵਾਲੀਆਂ ਕਿਸਾਨਾਂ ਦੀਆਂ ਜ਼ਮੀਨਾਂ 'ਚ 40 ਤੋਂ 50 ਫੁੱਟ ਤੱਕ ਡੂੰਘੇ ਟੋਏ ਪੈ ਗਏ ਸਨ। ਛੋਟੇ ਕਿਸਾਨਾਂ ਦੀ ਇੰਨੀ ਸਮਰੱਥਾ ਨਹੀ ਸੀ ਕਿ ਉਹ ਇੰਨੇ ਡੀਜ਼ਲ ਦਾ ਖਰਚਾ ਕਰ ਕੇ ਇਨ੍ਹਾਂ ਡੂੰਘੇ ਟੋਇਆਂ ਨੂੰ ਪੂਰ ਕੇ



ਆਪਣੀ ਜ਼ਮੀਨ ਵਾਹੀਯੋਗ ਬਣਾ ਸਕਣ। ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੋ ਕਿਸਾਨਾਂ ਅਤੇ ਖਾਸਕਰ ਛੋਟੇ ਕਿਸਾਨਾਂ ਦੀ ਬਾਂਹ ਫੜਦੇ ਆ ਰਹੇ ਹਨ, ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਇਨ੍ਹਾਂ ਟੋਇਆਂ ਨੂੰ ਪੂਰਨ ਦੀ ਮੰਗ ਕੀਤੀ ਗਈ ਸੀ। ਜੁਲਾਈ 2023 ਨੂੰ ਆਏ ਹੜ੍ਹਾਂ ਦੌਰਾਨ ਗੱਟਾ ਮੁੰਡੀ ਕਾਸੂ ਤੇ ਦੋਵਾਂ ਇਲਾਕੇ ਵਿੱਚ ਹੜ੍ਹ ਨਾਲ ਭਾਰੀ ਤਬਾਹੀ ਹੋਈ ਸੀ। ਧੁੱਸੀ ਬੰਨ੍ਹ ਵਿੱਚ 950 ਫੁੱਟ ਦੇ ਕਰੀਬ ਚੌੜਾ ਪਾੜ ਪੈ ਗਿਆ ਸੀ। ਸੰਗਤਾਂ ਦੇ ਸਹਿਯੋਗ ਨਾਲ ਸੰਤ ਸੀਚੇਵਾਲ ਜੀ ਦੀ ਅਗਵਾਈ ਚ ਸਿਰਫ 18 ਦਿਨਾਂ 'ਚ ਪਾੜ ਨੂੰ ਪੂਰ ਦਿੱਤਾ ਗਿਆ ਸੀ। ਇਸ ਪਾੜ ਨੂੰ ਪੂਰਨ ਲਈ ਪੰਜਾਬ ਭਰ ਤੋਂ ਕਿਸਾਨਾਂ ਤੇ ਮਜ਼ਦੂਰਾਂ ਨੇ ਸੇਵਾ 'ਚ ਹਿੱਸਾ ਪਾਇਆ ਸੀ ਤੇ ਅਣ-ਗਣਿਤ ਮਿੱਟੀ ਦੀਆਂ ਟਰਾਲੀਆਂ ਲਿਆਂਦੀਆਂ ਸਨ। ਕਾਰਸੇਵਾ ਦੇ ਦੂਜੇ ਪੜਾਅ ਦੌਰਾਨ ਹਜ਼ਾਰਾਂ ਏਕੜ 'ਚ ਹੜ੍ਹ ਦੇ ਖੜ੍ਹੇ ਪਾਣੀ, ਕਿਸਾਨਾਂ ਦੀਆਂ ਜ਼ਮੀਨਾਂ 'ਚ ਜੰਮੀ ਗਾਰ ਤੇ ਚਾਰ ਤੋਂ ਪੰਜ ਫੁੱਟ 'ਤੇ ਜੰਮੇ ਰੇਤਾ ਦੇ ਪਹਾੜਾਂ ਨੂੰ ਚੁੱਕ ਕੇ ਜ਼ਮੀਨਾਂ ਨੂੰ ਪੱਧਰਾ ਕੀਤਾ ਗਿਆ ਸੀ। ਹੁਣ ਤੀਜੇ ਪੜਾਅ ਦੌਰਾਨ ਕਿਸਾਨਾਂ ਦੇ ਖੇਤਾਂ 'ਚ ਪਏ ਡੂੰਘੇ ਪਾੜਾਂ ਨੂੰ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ ਹੈ। ਇਸ ਦੌਰਾਨ ਇਲਾਕੇ ਦੇ ਲੋਕ ਅਤੇ ਕਿਸਾਨ ਉੱਥੇ ਹਾਜ਼ਰ ਸਨ, ਸੰਤ ਸੀਚੇਵਾਲ ਨੇ ਸੰਗਤਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਉੱਥੇ ਹੀ ਇਸ ਧਾਰਮਿਕ ਸਮਾਗਮ ਚ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ।

## ਪੀ. ਏ. ਯੂ. ਨੇ ਮਾਰਚ ਦੇ ਕਿਸਾਨ ਮੇਲਿਆਂ ਲਈ ਮੁਕੰਮਲ ਕੀਤੀਆਂ ਤਿਆਰੀਆਂ

ਏਜੰਸੀਆਂ

ਲੁਧਿਆਣਾ 8 ਮਾਰਚ। ਪੀ. ਏ. ਯੂ. ਦੇ ਮੁੱਖ ਕੈਂਪਸ ਅਤੇ ਖੇਤਰੀ ਖੋਜ ਕੇਂਦਰਾਂ 'ਚ ਸਾਉਣੀ ਦੀਆਂ ਫਸਲਾਂ ਲਈ ਮਾਰਚ 'ਚ ਲਾਏ ਜਾਣ ਵਾਲੇ ਕਿਸਾਨ ਮੇਲਿਆਂ ਦੀ ਤਿਆਰੀਆਂ ਤਕਰੀਬਨ ਮੁਕੰਮਲ ਕਰ ਲਈਆਂ ਹਨ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਇਨ੍ਹਾਂ ਕਿਸਾਨ ਮੇਲਿਆਂ ਦਾ ਆਰੰਭ 7 ਮਾਰਚ ਨੂੰ ਨਾਗਕਲਾਂ ਅੰਮ੍ਰਿਤਸਰ ਵਿਖੇ ਲਾਏ ਜਾਣ ਵਾਲੇ ਕਿਸਾਨ ਮੇਲੇ ਨਾਲ ਹੋ ਰਿਹਾ ਹੈ। ਇਸ ਤੋਂ ਬਾਅਦ 7 ਮਾਰਚ ਨੂੰ ਬੱਲੋਵਾਲ ਸੌਂਖੜੀ ਅਤੇ 12 ਮਾਰਚ ਨੂੰ ਬਠਿੰਡਾ ਦੇ ਕਿਸਾਨ ਮੇਲੇ ਲਾਏ ਜਾਣਗੇ। ਪੀ. ਏ. ਯੂ. ਕੈਂਪਸ ਵਿਖੇ ਦੋ ਰੋਜ਼ਾ ਮੇਲਾ 14 ਅਤੇ 17 ਮਾਰਚ ਦਿਨ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਆਯੋਜਿਤ ਹੋਵੇਗਾ। ਇਸ ਤੋਂ ਬਾਅਦ 18 ਮਾਰਚ ਨੂੰ ਫਰੀਦਕੋਟ, 20 ਨੂੰ ਗੁਰਦਾਸਪੁਰ ਅਤੇ 22 ਨੂੰ ਪਟਿਆਲਾ 'ਚ ਕਿਸਾਨ ਮੇਲੇ ਆਯੋਜਿਤ ਕੀਤੇ ਜਾਣਗੇ। ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਇਸ ਵਾਰ ਕਿਸਾਨ ਮੇਲਿਆਂ ਦਾ ਮਕਸਦ ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫਾ ਚੰਗਾ ਰੱਖਿਆ ਗਿਆ ਹੈ। ਇਨ੍ਹਾਂ ਮੇਲਿਆਂ ਦਾ ਮੰਤਵ ਖੇਤੀਬਾੜੀ ਪਰਿਵਾਰਾਂ ਦੀ ਸਹਾਇਕ ਧੰਦਿਆਂ ਤੋਂ ਆਮਦਨ ਵਧਾਉਣ ਲਈ ਕਿਸਾਨਾਂ ਨੂੰ ਲੋੜੀਂਦੀ ਜਾਗਰੂਕਤਾ ਦਾ ਪਸਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਮੇਲਿਆਂ 'ਚ ਅਗਾਂਹਵਧੂ ਕਿਸਾਨਾਂ, ਖੇਤੀ ਮਾਹਿਰਾਂ, ਨੌਜਵਾਨਾਂ, ਕਿਸਾਨ ਬੀਬੀਆਂ ਅਤੇ ਉਦਯੋਗਿਕ ਇਕਾਈਆਂ ਨੂੰ ਸਾਂਝੇ ਮੰਚ 'ਤੇ ਆ ਕੇ ਇਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਮੇਲੇ ਦੌਰਾਨ ਖੇਤ ਪ੍ਰਦਰਸ਼ਨਾਂ, ਖੇਤੀ ਪ੍ਰਦਰਸ਼ਨੀਆਂ ਅਤੇ ਵੱਖ-ਵੱਖ ਔਜ਼ਾਰਾਂ ਦੀਆਂ ਦੁਕਾਨਾਂ ਤੋਂ ਇਲਾਵਾ ਸਾਉਣੀ ਦੀਆਂ ਫਸਲਾਂ ਲਈ ਬੀਜਾਂ ਦੀ ਵਿਕਰੀ, ਖੇਤੀ ਸਾਹਿਤ, ਫਲਦਾਰ ਬੂਟਿਆਂ, ਸਬਜ਼ੀਆਂ ਦੇ ਬੀਜਾਂ ਨੂੰ ਖਰੀਦਣ ਦਾ ਮੌਕਾ ਮੁਹੱਈਆ ਹੋਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ 'ਚ ਉੱਘਾ ਯੋਗਦਾਨ ਪਾਉਣ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।




## ਵਿਦਿਆਰਥਣ ਨੇ ਬੋਰਡ ਦੇ ਪੇਪਰ 'ਚ ਲਿਖੀਆਂ ਅਜਿਹੀਆਂ ਗੱਲਾਂ, ਪੜ੍ਹ ਕੇ ਤੁਸੀਂ ਵੀ ਰਹਿ ਜਾਓਗੇ ਹੈਰਾਨ

ਨਵੀਂ ਦਿੱਲੀ 8 ਮਾਰਚ। ਬੋਰਡ ਦੀ ਪ੍ਰੀਖਿਆ ਚੱਲ ਰਹੀ ਹੈ ਅਤੇ ਅਜਿਹੇ 'ਚ ਕਈ ਵਿਦਿਆਰਥੀ ਪੇਪਰਾਂ 'ਚ ਨੰਬਰ ਲੈਣ ਲਈ ਅਜੀਬੋਗਰੀਬ ਤਰੀਕਾ ਅਪਣਾਉਂਦੇ ਹਨ। ਕੋਈ ਆਂਸਰ ਸ਼ੀਟ (ਉੱਤਰ ਪੱਤਰੀ) 'ਤੇ ਨੋਟ ਚਿਪਕਾ ਦਿੰਦਾ ਹੈ ਤਾਂ ਕੋਈ ਕਾਪੀ ਚੈਕਰ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰਦਾ ਹੈ। ਅਜਿਹੀ ਹੀ ਇਕ ਆਂਸਰ ਸ਼ੀਟ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਹੀ ਹੈ ਜਿਸ ਵਿਚ ਇਕ ਵਿਦਿਆਰਥਣ ਨੇ ਪੇਪਰ ਚੈਕਰ ਲਈ ਕੁਝ ਭਾਵੁਕ ਲਾਈਨਾਂ ਲਿਖੀਆਂ ਹਨ ਪਰ ਅਧਿਆਪਕ ਨੇ ਉਸ ਨੂੰ ਨੰਬਰ ਦੇਣ ਦੀ ਬਜਾਏ ਲਾਲ ਪੈੱਨ ਨਾਲ ਪੇਪਰ 'ਤੇ ਚੱਕਰ ਲਗਾ ਦਿੱਤਾ। ਦਰਅਸਲ, ਵਿਦਿਆਰਥਣ ਨੇ ਪੇਪਰ ਦੀ ਅੰਸਰ ਸ਼ੀਟ 'ਚ ਲਿਖਿਆ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ, ਜਿਸ ਕਾਰਨ ਉਹ ਪੜ੍ਹਾਈ ਨਹੀਂ ਕਰ ਸਕੀ। ਵਿਦਿਆਰਥਣ ਨੇ ਅਧਿਆਪਕ ਨੂੰ ਅਪੀਲ ਕੀਤੀ ਕਿ ਉਹ ਉਸਨੂੰ ਪਾਸ ਕਰ ਦੇਣ। ਵਿਦਿਆਰਥਣ ਨੇ ਪੇਪਰ ਚੈਕਰ ਨੂੰ ਪਾਸ ਕਰਨ ਦੀ ਅਪੀਲ ਕਰਦੇ ਹੋਏ ਆਪਣੀ ਆਂਸਰ ਸ਼ੀਟ ਵਿੱਚ ਲਿਖਿਆ ਸੀ - "ਹੈਲੋ ਮੈਡਮ ਜਾਂ ਸਰ, ਮੇਰਾ ਨਾਮ ਜੋਤੀ ਹੈ। ਕਿਰਪਾ ਕਰਕੇ ਮੇਰੀ ਗੱਲ ਨੂੰ ਸਮਝਣ ਦੀ ਕੋਸ਼ਿ?ਸ਼ ਕਰੋ ਕਿਉਂਕਿ ਮੇਰੇ ਲਈ ਇਹ ਕਹਿਣਾ ਬਹੁਤ ਜਰੂਰੀ ਹੈ। ਮੈਂ ਜਾਣਦੀ ਹਾਂ ਕਿ ਤੁਸੀਂ ਸਾਰੇ ਮੇਰੀ ਗੱਲ 'ਤੇ ਯਕੀਨ ਨਹੀਂ ਕਰੋਗੇ। ਸਰ, ਮੇਰੇ ਪਿਤਾ ਦੀ 10 ਦਿਨ ਪਹਿਲਾਂ ਮੌਤ ਹੋ ਗਈ ਸੀ ਜਿਸ ਕਾਰਨ ਮੈਂ ਕੁਝ ਪੜ੍ਹਾਈ ਨਹੀਂ ਕਰ ਸਕੀ। ਉਸ ਦੇ ਨਾਲ ਹੀ, ਮੈਂ ਠੀਕ ਨਹੀਂ ਹਾਂ, ਫਿਰ ਵੀ ਮੈਂ ਪ੍ਰੀਖਿਆ ਦੇਣ ਲਈ ਆਈ ਹਾਂ। ਕਿਰਪਾ ਕਰਕੇ ਸਰ ਮੈਨੂੰ ਨੰਬਰ ਦੇ ਦਿਓ। ਮੇਰੀ ਹਾਲਤ ਬਹੁਤ ਖਰਾਬ ਹੈ। ਉਮੀਦ ਹੈ ਤੁਸੀਂ ਸਮਝੋਗੇ ਸਰ।" ਉੱਥੇ ਹੀ ਸਾਇੰਸ ਦੇ ਪੇਪਰ 'ਚ ਇਕ ਸਵਾਲ ਦੇ ਜਵਾਬ 'ਚ ਵਿਦਿਆਰਥਣ ਨੇ ਪਿਆਰ ਦੀਆਂ ਗੱਲਾਂ ਲਿਖ ਦਿੱਤੀਆਂ। ਪੇਪਰ ਵਿੱਚ ਪੁੱਛਿਆ ਗਿਆ ਸਵਾਲ ਇਹ ਸੀ ਕਿ ਓਮਿਕ ਅਤੇ ਗੈਰ-ਓਮਿਕ ਤੱਤ ਕੀ ਹਨ? ਸਵਾਲ ਦਾ ਜਵਾਬ ਦਿੰਦੇ ਹੋਏ ਵਿਦਿਆਰਥਣ ਨੇ ਲਿਖਿਆ ਕਿ ਜਿਵੇਂ ਕਿ ਅਸੀਂ ਜਾਣਦੇ ਹਾਂ ਪਿਆਰ ਜਲਦੀ ਨਹੀਂ ਹੁੰਦਾ ਪਰ ਜਦੋਂ ਹੁੰਦਾ ਹੈ ਤਾਂ ਬਹੁਤ ਜਬਰਦਸਤ ਹੁੰਦਾ ਹੈ, ਤਾਂ ਇਸ ਲਈ ਇਸਨੂੰ ਅਣ-ਓਮਿਕ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਵਿਦਿਆਰਥਣ ਨੇ ਲਿਖਿਆ ਕਿ ਜੋ ਵੀ ਮੇਰਾ ਪੇਪਰ ਚੈੱਕ ਕਰੇਗਾ, ਕਿਰਪਾ ਕਰਕੇ ਮੈਨੂੰ ਚੰਗੇ ਨੰਬਰ ਦੇਵੇ। ਜਿਸ ਕਾਰਨ ਮੈਂ ਹੋਰ ਦਲੇਰ ਕੁੜੀ ਬਣਾਂਗੀ। ਤੁਸੀਂ ਨਹੀਂ ਜਾਣਦੇ ਕਿ ਮੈਂ ਸਿਰ 'ਤੇ ਸੱਟ ਲੱਗਣ ਕਾਰਨ ਚੰਗੀ ਤਰ੍ਹਾਂ ਪੜ੍ਹਾਈ ਨਹੀਂ ਕਰ ਸਕੀ।

# ਅਕਾਲੀ-ਭਾਜਪਾ ਗੱਠਜੋੜ ਦੀ ਫਤਿਹਜੰਗ ਬਾਜਵਾ ਨੇ ਭਰੀ ਹਾਮੀ

ਸਰਦੂਲ ਸਿੰਘ

ਜਲੰਧਰ 8 ਮਾਰਚ। ਲੋਕ ਸਭਾ ਚੋਣਾਂ ਦਾ ਰਸਮੀ ਐਲਾਨ ਕਿਸੇ ਵੀ ਦਿਨ ਸੰਭਵ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਭਾਜਪਾ ਦੀ ਇਸ ਬਾਰੇ ਕੀ ਤਿਆਰੀ ਹੈ, ਇਸ ਸਬੰਧੀ ਭਾਜਪਾ ਦੇ ਆਗੂ ਫਤਿਹਜੰਗ ਸਿੰਘ ਬਾਜਵਾ ਨੇ 'ਜਗ ਬਾਣੀ' ਨਾਲ ਖਾਸ ਗੱਲਬਾਤ ਕੀਤੀ। ਪੇਸ਼ ਹਨ ਗੱਲਬਾਤ ਦੇ ਮੁੱਖ ਅੰਸ਼ : ਜਵਾਬ : ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਦੀ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਬਾਰੇ ਗੱਲ ਕਰਦਿਆਂ ਬਾਜਵਾ ਨੇ ਕਿਹਾ ਕਿ ਅੱਜ ਪੰਜਾਬ 'ਚ ਸਿਆਸੀ ਉਥਲ-ਪੁਥਲ ਹੋ ਰਹੀ ਹੈ। ਪੰਜਾਬ ਦੇ ਲੋਕ ਵੀ ਸੋਚਣ ਨੂੰ ਮਜਬੂਰ ਹਨ ਕਿ ਕਿਸ ਪਾਰਟੀ ਨੂੰ ਰਾਜ-ਭਾਗ ਦੀ ਕਮਾਂਡ ਸੌਂਪੀ ਜਾਵੇ। ਢੀਂਡਸਾ ਸਾਬ੍ਹ ਨੇ ਵੀ ਪਿਛਲੇ ਸਮੇਂ ਦੌਰਾਨ ਆਪਣੀ ਪਾਰਟੀ ਦਾ ਗਠਨ ਕੀਤਾ ਤੇ ਚੋਣਾਂ ਵੀ ਲੜੀਆਂ ਪਰ ਕੁਝ ਹੱਥ ਪੱਲੇ ਨਹੀਂ ਪਿਆ। ਬਹੁਤੇ ਉਮੀਦਵਾਰਾਂ ਦੀਆਂ ਤਾਂ ਜਮਾਨਤਾਂ ਜਬਤ ਹੋ ਗਈਆਂ। ਸੁਖਬੀਰ ਸਿੰਘ ਬਾਦਲ ਵੱਲੋਂ ਮੁਆਫੀ ਮੰਗਣੀ ਤੇ ਇਹ ਕਹਿ ਕੇ ਢੀਂਡਸਾ ਸਾਬ੍ਹ ਨੂੰ ਵਾਪਸ ਲਿਆਉਣਾ ਕਿ ਬਾਦਲ ਸਾਹਿਬ ਤੋਂ ਬਾਅਦ ਤੁਸੀਂ ਹੀ ਮਾਰਗਦਰਸ਼ਨ ਕਰਨ ਵਾਲੇ ਹੋ, ਕਾਫੀ ਅਹਿਮੀਅਤ ਰੱਖਦਾ ਹੈ। ਦੂਜੇ ਪਾਸੇ ਢੀਂਡਸਾ ਪਰਿਵਾਰ ਵੀ ਇਸ ਗੱਲ ਲਈ ਰਾਜੀ ਸੀ ਕਿ ਅਕਾਲੀ ਦਲ ਨਾਲ ਮੁੜ ਗੱਠਜੋੜ ਹੋ ਜਾਵੇ। ਅਕਾਲੀ ਦਲ ਵੀ ਮੁੜ ਕਾਇਮ ਹੋਣ ਲਈ ਸਭ ਰੁੱਸਿਆਂ ਨੂੰ ਮਨਾਉਣ 'ਚ ਲੱਗਿਆ ਹੋਇਆ ਹੈ। ਜਵਾਬ : ਵੇਖੋ ਇਹ ਗੱਲ ਮੈਂ ਹੀ ਨਹੀਂ ਕਹਿੰਦਾ, ਸਗੋਂ ਲੋਕ ਵੀ ਹੁਣ ਅਦਾਕਾਰਾਂ ਤੋਂ ਅੱਕ ਚੁੱਕੇ ਹਨ, ਜਦ ਪਾਰਟੀ ਨੇ ਸਟਾਰ ਪ੍ਰਚਾਰਕਾਂ ਬਾਰੇ ਲੋਕਾਂ ਤੇ ਵਰਕਰਾਂ ਤੋਂ ਰਾਇ ਲਈ ਤਾਂ ਉਨ੍ਹਾਂ ਨੇ ਸਾਫ ਕਰ ਦਿੱਤਾ ਕਿ ਉਹ ਇਸ ਤਰ੍ਹਾਂ ਦੇ ਹਰ ਉਮੀਦਵਾਰ ਦੇ ਖਿਲਾਫ ਹਨ, ਜੋ ਚੋਣਾਂ ਤੋਂ ਬਾਅਦ ਲੱਭੇ ਹੀ ਨਾ। ਉਮੀਦਵਾਰ ਲੋਕਲ ਹੀ ਹੋਵੇ ਤਾਂ ਜੋ ਲੋਕਾਂ ਨੂੰ ਉਸ ਨਾਲ ਮਿਲਣਾ ਆਸਾਨ ਹੋ ਸਕੇ। ਫੈਸਲਾ ਹਾਈਕਮਾਂਡ ਨੇ ਕਰਨਾ ਹੈ ਕਿ ਉਮੀਦਵਾਰ ਕਿਸ ਨੂੰ ਬਣਾਉਣਾ ਹੈ। ਜਵਾਬ : ਭਾਜਪਾ ਦੀਆਂ ਬੈਠਕਾਂ ਲਗਾਤਾਰ ਜਾਰੀ ਹਨ। ਪਾਰਟੀ ਨੇ ਕਲਸਟਰ ਬਣਾ ਕੇ ਇੰਚਾਰਜ ਲਗਾਏ ਹਨ, ਜਿਨ੍ਹਾਂ ਤੋਂ ਫੀਡਬੈਕ ਲਈ ਜਾ ਰਹੀ ਹੈ। ਪਾਰਟੀ ਹਰ ਹਲਕੇ ਤੋਂ 3 ਨਾਵਾਂ 'ਤੇ ਵਿਚਾਰ ਕਰ ਰਹੀ ਹੈ। ਜੇਕਰ ਗੁਰਦਾਸਪੁਰ ਦੀ ਗੱਲ ਕੀਤੀ ਜਾਵੇ ਤਾਂ ਇਸ ਲੋਕ ਸਭਾ ਹਲਕੇ ਅਧੀਨ 9 ਵਿਧਾਨ ਸਭਾ ਹਲਕਿਆਂ ਵਿਚੋਂ 4 ਹਲਕੇ ਹਿੰਦੂ ਬਹੁਗਿਣਤੀ ਅਤੇ 5 ਹਲਕੇ ਸਿੱਖ ਬਹੁਗਿਣਤੀ ਵੋਟਰਾਂ ਵਾਲੇ ਹਲਕੇ ਹਨ। ਜੇਕਰ ਭਾਜਪਾ ਇਥੇ ਇਕ ਸਿੱਖ ਚਿਹਰੇ ਨੂੰ ਉਮੀਦਵਾਰ ਬਣਾਉਂਦੀ ਹੈ ਤਾਂ ਇਥੇ ਭਾਜਪਾ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਮੰਨੀ ਜਾ ਸਕਦੀ ਹੈ। ਮੈਂ ਕਦੇ ਵੀ ਭਾਜਪਾ ਤੋਂ ਟਿਕਟ ਦੀ ਮੰਗ ਨਹੀਂ ਕੀਤੀ। ਇਹ ਫੈਸਲਾ ਪਾਰਟੀ ਨੇ ਕਰਨਾ ਹੈ। ਸਾਡਾ ਪਰਿਵਾਰ 2 ਪੀੜ੍ਹੀਆਂ ਤੋਂ ਇਲਾਕੇ ਦੀ ਸੇਵਾ 'ਚ ਲੱਗਿਆ ਹੋਇਆ ਹੈ। ਕਾਦੀਆਂ ਤੇ ਬਟਾਲਾ ਹਲਕੇ ਤੋਂ ਮੈਂ ਚੋਣਾਂ ਲੜ ਚੁੱਕਿਆਂ ਹਾਂ, ਡੇਰਾ ਬਾਬਾ ਨਾਨਕ ਤੇ ਕਲਾਨੌਰ 'ਚ ਹਿੰਦੂ ਤੇ ਸਿੱਖ ਵੋਟਰ ਸਾਡੇ ਨਾਲ ਹਨ। ਹਲਕੇ ਦੇ ਕ੍ਰਿਸ਼ਚੀਅਨਾਂ



ਦੀ ਬਿਹਤਰੀ ਲਈ ਸਾਡਾ ਪਰਿਵਾਰ ਹਮੇਸ਼ਾ ਹਾਅ ਦਾ ਨਾਅਰਾ ਮਾਰਦਾ ਹੈ, ਜਿਸ ਕਾਰਨ ਮਸੀਹ ਭਾਈਚਾਰਾ ਸਾਡੇ ਨਾਲ ਹੈ। ਮੈਂ ਕਦੇ ਪਾਰਟੀ ਤੋਂ ਟਿਕਟ ਦੀ ਮੰਗ ਨਹੀਂ ਕੀਤੀ ਤੇ ਨਾ ਹੀ ਕਦੇ ਕਿਸੇ ਨੂੰ ਟਿਕਟ ਲਈ ਆਖਿਆ ਹੈ। ਮੇਰਾ ਮੰਨਣਾ ਹੈ ਕਿ ਕਮਲ ਦਾ ਫੁੱਲ ਗੁਰਦਾਸਪੁਰ 'ਚ ਜ਼ਰੂਰ ਖਿੜਿਆ ਰਹੇ ਅਤੇ ਅਸੀਂ ਇਹ ਸੀਟ ਜਿੱਤ ਕੇ ਭਾਜਪਾ ਦੀ ਝੋਲੀ 'ਚ ਪਾ ਦੇਈਏ। ਪਾਰਟੀ ਮੌਕਾ ਦੇਵੇਗੀ ਤਾਂ ਪੂਰੀ ਤਨਦੇਹੀ ਨਾਲ ਮਿਹਨਤ ਕਰਕੇ ਜਿੱਤ ਭਾਜਪਾ ਦੀ ਝੋਲੀ ਪਾਵਾਂਗੇ ਤੇ ਜੇਕਰ ਪਾਰਟੀ ਕਿਸੇ ਹੋਰ 'ਤੇ ਭਰੋਸਾ ਜਤਾਵੇਗੀ ਤਾਂ ਡਟ ਕੇ ਉਸ ਉਮੀਦਵਾਰ ਦਾ ਵੀ ਸਾਥ ਦੇਵਾਂਗੇ। ਕਿਸਾਨ ਵੀਰਾਂ ਦੇ ਅੰਦੋਲਨ ਦੇ 2 ਪਹਿਲੂ ਹਨ। ਇਨ੍ਹਾਂ ਵਿਚੋਂ ਪਹਿਲਾਂ ਤਾਂ ਇਹ ਹੈ ਕਿ ਸਾਡੇ ਸੂਬੇ ਤੇ ਹਰਿਆਣਾ ਤੇ ਪੱਛਮੀ ਯੂ. ਪੀ. ਦੇ ਕਿਸਾਨਾਂ ਨੂੰ 3 ਫਸਲਾਂ 'ਤੇ ਐੱਮ. ਐੱਸ. ਪੀ. ਮਿਲਦੀ ਹੈ। ਕਣਕ, ਝੋਨਾ ਤੇ ਗੰਨਾ ਸਰਕਾਰ ਐੱਮ. ਐੱਸ. ਪੀ. 'ਤੇ ਚੁੱਕਦੀ ਹੈ। ਅਸੀਂ 23 ਫਸਲਾਂ 'ਤੇ ਐੱਮ. ਐੱਸ. ਪੀ. ਦੀ ਗਾਰੰਟੀ ਮੰਗ ਰਹੇ ਹਾਂ ਪਰ ਪੰਜਾਬ ਦੇ ਕਿਸਾਨ ਉਨ੍ਹਾਂ ਕਿਹੜੀਆਂ 23 ਫਸਲਾਂ ਦੀ ਬਿਜਾਈ ਕਰਨਗੇ। ਆਪਾਂ ਉਹ ਚੀਜਾਂ ਜਰੂਰ ਮੰਗੀਏ, ਜੋ ਆਪਣੇ ਲਈ ਲਾਹੇਵੰਦ ਹਨ। ਅਸੀਂ ਵੀ ਕਿਸਾਨ ਹਾਂ, ਅਸੀਂ ਕਈ ਵਾਰ ਕਹਿ ਚੁੱਕੇ ਹਾਂ ਕਿ ਚੱਲੋ ਸਾਡੇ ਨਾਲ, ਆਪਾਂ ਰਲ ਕੇ ਗੱਲਬਾਤ ਕਰਦੇ ਹਾਂ। ਬਾਕੀ ਅਸੀਂ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੇ ਹਾਂ ਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਹੱਲ ਕਰਨ ਲਈ ਤਤਪਰ ਹਾਂ। ਦੂਜੇ ਪਹਿਲੂ ਦੀ ਗੱਲ ਕਰੀਏ ਤਾਂ ਪੰਜਾਬ ਦੀ ਇੰਡਸਟਰੀ ਸਿੱਧੇ ਤੌਰ 'ਤੇ ਇਸ ਨਾਲ ਪ੍ਰਭਾਵਿਤ ਹੋ ਰਹੀ ਹੈ, ਜਿਸ ਕਾਰਨ ਸਾਡੀ ਇੰਡਸਟਰੀ ਯੂ. ਪੀ. ਸ਼ਿਫਟ ਹੋ ਰਹੀ ਹੈ। ਸੋ ਇਸ ਪਾਸੇ ਵੀ ਸਾਨੂੰ ਸੋਚਣਾ ਪਵੇਗਾ, ਜੇਕਰ ਪੰਜਾਬ ਵਿਚ ਰੋਜ਼ਗਾਰ ਨਾ ਰਿਹਾ ਤਾਂ ਨੌਜਵਾਨ ਨਸ਼ੇ ਜਾਂ ਹੋਰ ਪਾਸੇ ਵਧਣਗੇ, ਜਿਸ ਦਾ ਨੁਕਸਾਨ ਪੰਜਾਬ ਨੂੰ ਹੀ ਝੱਲਣਾ ਪਵੇਗਾ। ਢੀਂਡਸਾ ਪਰਿਵਾਰ ਦੀ ਅਕਾਲੀ ਦਲ 'ਚ ਵਾਪਸੀ ਦੀ ਗੱਲ ਕਰਦਿਆਂ ਬਾਜਵਾ ਨੇ ਕਿਹਾ ਕਿ ਉਮੀਦ ਤਾਂ ਇਹੋ ਲੱਗ ਰਹੀ ਹੈ ਕਿ ਜਲਦ ਹੀ ਭਾਜਪਾ ਨਾਲ ਗੱਠਜੋੜ ਹੋ ਜਾਵੇਗਾ। ਜੇਕਰ ਢੀਂਡਸਾ ਸਾਬ੍ਹ ਗਏ ਹਨ ਤੇ ਅਕਾਲੀ ਦਲ ਨਾਲ ਜੁੜ ਗਏ ਹਨ ਤਾਂ ਇਹ ਸੰਕੇਤ ਲੱਗ ਰਿਹਾ ਹੈ ਕਿ ਗੱਠਜੋੜ ਹੋ ਜਾਣਾ ਹੈ। ਸਿਆਸਤ 'ਚ ਹਮੇਸ਼ਾ ਜੋੜ-ਤੋੜ ਹੁੰਦੇ ਰਹਿੰਦੇ ਹਨ। ਹੁਣ ਦੇ ਹਾਲਾਤ ਕਾਰਨ ਹੀ ਅਕਾਲੀ ਦਲ ਇਕ ਹੋ ਰਿਹਾ ਹੈ। ਹੁਣ ਲੱਗਦਾ ਹੈ ਕਿ ਭਾਜਪਾ ਵੀ ਅਕਾਲੀ ਦਲ ਨਾਲ ਗੱਠਜੋੜ ਕਰ ਲਵੇਗੀ। ਹੁਣ ਤਾਂ ਆਮ ਆਦਮੀ ਪਾਰਟੀ ਤੇ ਕਾਂਗਰਸ ਦਾ ਗੱਠਜੋੜ ਵੀ ਹੋ ਗਿਆ। ਕਿਸਾਨੀ ਅੰਦੋਲਨ ਵੇਲੇ ਅਕਾਲੀ ਦਲ ਭਾਜਪਾ ਤੋਂ ਵੱਖ ਹੋਇਆਪਰ ਅੱਜ ਅਕਾਲੀ ਦਲ ਹੀ ਭਾਜਪਾ ਨਾਲ ਜੁੜਨਾ ਚਾਹੁੰਦਾ ਹੈ ਪਰ ਹੁਣ ਪੰਜਾਬ ਦੇ ਹਾਲਾਤ ਅਤੇ ਮੌਜੂਦਾ ਸਮੇਂ ਨੂੰ ਵੇਖਦੇ ਹੋਏ ਮੁੜ ਅਕਾਲੀ-ਭਾਜਪਾ ਗੱਠਜੋੜ ਦੀ ਲੋੜ ਹੈ।